SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
ਦੇਸ਼ ਦੁਆਬਾ
VOL -10 ISSUE - 39
January 5, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

ਅਦਾਰਾ 'ਦੇਸ਼ ਦੁਆਬਾ' ਅਤੇ ਅੰਬੇਦਕਰ ਟਾਈਮਜ਼ ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। **-ਸੰਪਾਦਕ**

ਸਰਕਾਰ ਕੋਵਿਡ-19 ਸਿਹਤ ਸੰਕਟ ਨਾਲ ਨਜਿੱਠਣ ਲਈ ਤਿਆਰ-ਬਾਈਡਨ

ਕਿਹਾ-ਵੈਕਸੀਨੇਸ਼ਨ ਹੀ ਵਾਇਰਸ ਵਿਰੁੱਧ ਮਜਬੂਤ ਰਖਿਆ ਦੀਵਾਰ ਹੈ *ਅਮਰੀਕੀਆਂ ਨੂੰ ਮਾਸਕ ਜਰੂਰੀ ਪਹਿਣਨ ਲਈ ਕਿਹਾ

ਸੈਕਰਾਮੈਂਟੋ 5 ਜਨਵਰੀ (ਹੁਸਨ ਲੜੋਆ ਬੰਗਾ)- ਤੇਜੀ ਨਾਲ ਫੈਲਣ ਦੀ ਸਮਰੱਥਾ ਰਖਦੇ ਕੋਵਿਡ-19 ਦੇ ਨਵੇਂ ਰੂਪ ਓਮੀਕਰੋਨ ਕਾਰਨ ਵਧ ਰਹੇ ਕੋਵਿਡ ਮਾਮਲਿਆਂ ਦਰਮਿਆਨ ਰਾਸ਼ਟਰਪਤੀ ਜੋ ਬਾਈਡਨ ਨੇ ਇਕ ਵਾਰ ਫਿਰ ਅਮਰੀਕੀਆਂ ਨੂੰ ਭਰੋਸਾ ਦਿੱਤਾ ਕਿ ਸੰਘੀ ਸਰਕਾਰ ਸਿਹਤ ਸੰਕਟ ਨਾਲ ਨਜਿੱਠਣ ਲਈ ਤਿਆਰ ਹੈ। ਵਾਈਟ ਹਾਊਸ ਕੋਵਿਡ-19 ਰਿਸਪਾਂਸ ਟੀਮ ਨਾਲ ਮੀਟਿੰਗ ਤੋਂ ਪਹਿਲਾਂ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਨੇ ਇਕ ਵਾਰ ਫਿਰ ਅਮਰੀਕੀਆਂ ਨੂੰ ਕਿਹਾ ਕਿ ਉਹ ਵੈਕਸੀਨ ਲਵਾਉਣ ਤੇ ਮਾਸਕ ਜਰੂਰ ਪਹਿਣਨ ਤਾਂ ਜੋ ਕੋਰੋਨਾ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਹਰ ਅਮਰੀਕੀ ਲਈ ਵੈਕਸੀਨ ਤੇ ਬੂਸਟਰ ਖੁਰਾਕ ਮੌਜੂਦ ਹੈ ਪਰੰਤੂ ਅਜੇ ਸਾਢੇ ਤਿੰਨ ਕਰੋੜ ਬਾਲਗਾਂ ਨੇ ਟੀਕਾਕਰਣ ਨਹੀਂ ਕਰਵਾਇਆ ਹੈ। ਉਨ੍ਹਾਂ ਕਿਹਾ ਟੀਕਾਕਰਣ ਹੀ ਵਾਇਰਸ ਵਿਰੁੱਧ ਮਜਬੂਤ ਰਖਿਆ ਦਿਵਾਰ ਹੈ। ਰਾਸ਼ਟਰਪਤੀ ਨੇ ਕਿਹਾ " ਓਮੀਕਰੋਨ ਕਾਰਨ ਗੰਭੀਰ ਬਿਮਾਰੀ ਤੋਂ ਲੋਕਾਂ ਨੂੰ ਬਚਾਉਣ ਲਈ ਸਾਡੇ ਕੋਲ ਸਾਧਨ ਹਨ, ਜੇਕਰ ਲੋਕ ਇਹ ਸਾਧਨ ਵਰਤਣ ਲਈ ਤਿਆਰ ਹਨ।" ਉਨ੍ਹਾਂ ਕਿਹਾ " 2022 ਵਿਚ ਸਾਡੇ ਕੋਲ ਆਸਵੰਦ

ਹੋਣ ਦੇ ਕਈ ਕਾਰਨ ਮੌਜੂਦ ਹਨ, ਪਰੰਤੂ ਕ੍ਰਿਪਾ ਕਰਕੇ ਉਸ ਪ੍ਰਮਾਤਮਾ ਦੀ ਖਾਤਿਰ ਜੋ ਕੁਝ ਸਾਡੇ ਕੋਲ ਹੈ, ਉਸ ਦਾ ਲਾਹਾ ਲਿਆ ਜਾਵੇ।" ਰਾਸ਼ਟਰਪਤੀ ਨੇ ਸਕੂਲ ਖੋਲ੍ਹਣ ਦੀ ਮਹੱਤਤਾ ਉਪਰ ਜੋਰ ਦਿੰਦਿਆਂ ਕਿਹਾ ਕਿ ਸਰਕਾਰ ਨੇ ਫਾਈਜ਼ਰ ਤੋਂ ਕੋਵਿਡ ਦੇ ਇਲਾਜ਼ ਲਈ ਗੋਲੀਆਂ ਖਰੀਦਣ ਦਾ ਆਰਡਰ ਦੁੱਗਣਾ ਕਰ ਦਿੱਤਾ ਹੈ ਤੇ ਹੁਣ ਇਕ ਕਰੋੜ ਦੀ ਬਜਾਏ 2 ਕਰੋੜ ਗੋਲੀਆਂ ਖ਼ਰੀਦੀਆਂ ਜਾ ਰਹੀਆਂ ਹਨ। ਇਥੇ ਜਿਕਰਯੋਗ ਹੈ ਕਿ ਅਮਰੀਕਾ ਵਿਚ ਲੰਘੇ ਸੋਮਵਾਰ ਪਹਿਲੀ ਵਾਰ ਓਮੀਕਰੋਨ ਵਾਇਰਸ ਦੇ 10 ਲੱਖ ਮਾਮਲੇ ਸਾਹਮਣੇ ਆਏ ਹਨ ਜਦ ਕਿ ਇਸ ਤੋਂ ਪਹਿਲਾਂ ਸਭ ਤੋਂ ਵਧ ਮਾਮਲੇ ਲੰਘੇ ਵੀਰਵਾਰ 5,91,000 ਆਏ ਸਨ। ਜੌਹਨਜ ਹੋਪਕਿਨਜ ਯੂਨੀਵਰਸਿਟੀ ਦੇ ਅੰਕੜਿਆਂ ਅਨੁਸਾਰ ਪਿਛਲੇ ਹਫਤੇ ਹਰ 100 ਅਮਰੀਕਨਾਂ ਪਿੱਛੇ ਇਕ ਅਮਰੀਕੀ ਕੋਵਿਡ ਵਾਇਰਸ ਦੀ ਲਪੇਟ ਵਿਚ ਆਇਆ ਹੈ। ਵਧੇ ਮਾਮਲਿਆਂ ਕਾਰਨ ਹਸਪਤਾਲਾਂ ਉਪਰ ਦਬਾਅ ਵਧ ਗਿਆ ਹੈ। ਅਮਲੇ ਦੀ ਪੈਦਾ ਹੋਈ ਘਾਟ ਕਾਰਨ ਕੰਪਨੀਆਂ ਨੂੰ ਉਡਾਣਾਂ ਰੱਦ ਕਰਨੀਆਂ ਪੈ ਰਹੀਆਂ ਹਨ ਤੇ ਸਕੂਲ ਬੱਚਿਆਂ ਨੂੰ ਨਿੱਜੀ ਤੌਰ 'ਤੇ ਪੜ੍ਹਾਈ ਕਰਵਾਉਣ ਦੀਆਂ ਯੋਜਨਾਵਾਂ ਉਪਰ ਮੁੜ ਵਿਚਾਰ ਕਰਨ ਲਈ ਮਜ਼ਬੂਰ ਹੋਏ ਹਨ।

ਸੁਰੱਖਿਆ ਦੀ ਉਲੰਘਣਾ ਹੋਣ ਕਾਰਨ ਪ੍ਰਧਾਨ ਮੰਤਰੀ ਦਾ ਪੰਜਾਬ ਦੌਰਾ ਰੱਦ

ਫ਼ਿਰੋਜ਼ਪੁਰ (ਬਿਊਰੋ)- ਫ਼ਿਰੋਜ਼ਪੁਰ ਜ਼ਿਲੇ ਦੇ ਹੁਸੈਨੀਵਾਲਾ ਨੇੜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਫ਼ਲੇ ਦੀ ਸੁਰੱਖਿਆ ਦੀ ਉਲੰਘਣਾ ਹੋਣ ਕਾਰਨ ਦੌਰਾ ਰੱਦ ਕਰ ਦਿੱਤਾ ਗਿਆ । ਪ੍ਰਧਾਨ ਮੰਤਰੀ ਦਾ ਕਾਫ਼ਲਾ 15-20 ਮਿੰਟ ਤੱਕ ਫਲਾਈਓਵਰ 'ਤੇ ਹੀ ਫਸਿਆ ਰਿਹਾ। ਐਮਐੱਚਏ ਦਾ ਕਹਿਣਾ ਹੈ ਕਿ ਹੁਸੈਨੀਵਾਲਾ ਵਿਚ ਰਾਸ਼ਟਰੀ ਸ਼ਹੀਦ ਸਮਾਰਕ ਤੋਂ ਲਗਭਗ 30 ਕਿੱਲੋਮੀਟਰ ਦੂਰ, ਜਦੋਂ ਪ੍ਰਧਾਨ ਮੰਤਰੀ ਦਾ ਕਾਫ਼ਲਾ ਇਕ ਫਲਾਈਓਵਰ 'ਤੇ ਪਹੁੰਚਿਆ, ਤਾਂ ਪਤਾ ਲੱਗਿਆ ਕਿ ਕੁਝ ਪ੍ਰਦਰਸ਼ਨਕਾਰੀਆਂ ਨੇ ਸੜਕ ਨੂੰ ਜਾਮ ਕਰ ਦਿੱਤਾ ਸੀ। ਪ੍ਰਧਾਨ ਮੰਤਰੀ 15-20

ਮਿੰਟ ਤੱਕ ਫਲਾਈਓਵਰ 'ਤੇ ਫਸੇ ਰਹੇ। ਇਹ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਿਚ ਇਕ ਵੱਡੀ ਕਮੀ ਸੀ । ਜ਼ਿਕਰਯੋਗ ਹੈ ਕਿ ਐਮ ਐੱਚ ਏ ਵਲੋਂ ਪੰਜਾਬ ਸਰਕਾਰ 'ਤੇ ਕਈ ਸਵਾਲ ਖੜੇ ਕੀਤੇ ਗਏ ਹਨ । ਗ੍ਰਹਿ ਮੰਤਰਾਲੇ (ਐਮਐੱਚਏ) ਦਾ ਕਹਿਣਾ ਹੈ ਕਿ ਉਹ ਇਸ ਗੰਭੀਰ ਸੁਰੱਖਿਆ ਕਮੀ ਦਾ ਨੋਟਿਸ ਲੈ ਰਿਹਾ ਹੈ, ਨੇ ਰਾਜ ਸਰਕਾਰ ਤੋਂ ਇਕ ਵਿਸਤਰਿਤ ਰਿਪੋਰਟ ਮੰਗੀ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਫ਼ਿਰੋਜ਼ਪੁਰ ਦੌਰੇ ਦੌਰਾਨ ਸੁਰੱਖਿਆ 'ਚ ਹੋਈ ਕੁਤਾਹੀ ਨੂੰ ਲੈ ਕੇ ਕੇਂਦਰੀ ਗ੍ਰਹਿ ਵਿਭਾਗ ਵਲੋਂ ਪੰਜਾਬ ਸਰਕਾਰ ਨੂੰ ਪਾਈ ਝਾੜ ਤੋਂ ਬਾਅਦ ਸੂਬਾ ਸਰਕਾਰ ਨੇ ਫ਼ਿਰੋਜ਼ਪੁਰ ਦੇ ਐੱਸਐੱਸਪੀ ਹਰਮਨਦੀਪ ਸਿੰਘ ਹਾਂਸ ਨੂੰ ਮੁਅੱਤਲ ਕਰ ਦਿੱਤਾ।

ਉਘੀ ਸਮਾਜ ਸੇਵਿਕਾ ਅਤੇ ਭਾਰਤ ਦੀ ਪਹਿਲੀ ਔਰਤ ਅਧਿਆਪਕ ਸਾਵਿੱਤਰੀ ਬਾਈ ਫੂਲੇ ਦੇ ਜਨਮ ਦਿਨ ਦੀਆਂ ਲੱਖ-ਲੱਖ ਵਧਾਈਆਂ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਨਵੇਂ ਸਾਲ 2022 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਤੁਹਾਡੇ ਲਈ ਆਪਾਰ ਖੁਸ਼ੀਆਂ-ਖੇੜੇ, ਤੰਦਰੁਸਤੀਆਂ ਲੈ ਕੇ ਆਵੇ।

Sri Guru Ravidass Temple Pittsburg (CA), Gurughar's coming programs

Guru Piari Sadh Sangat Ji,

Devoted families are requesting entire Sangat to attend the following functions:

January 7-8- 9, 2022

Parkash Utsav Sri Guru Gobind Singh Ji

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ ॥

Bhai Ajayvir Birdi will be hosting Parkash Utsav of **"Sahibe–e-kmaal " Sri Guru Gobind Singh ji**, the tenth Sikh Guru, at Sri Guru Ravidass Temple, Pittsburg on January 9, 2022 for the CHARDIKALA of his family. Akhand path will begin on January 7, 2022 at 10:00 AM and conclude on Sunday January 9, 2022. May Waheguru bless Birdi family.

Guru Gobind Singh ji was the son of Guru Tegh Bahadur, the ninth Sikh guru, and Mata Gujri. He formed the KHALSA PANTH on April 13, 1699. Guru Gobind Singh ji sacrificed the lives of his young sons and his own, pretty much His whole family, to save the lives of others. He was a great warrior, poet and a Spiritual Guru. Sangat is requested to come and celebrate the Gurpurab and get Baba Ji's blessings.

January 13, 2022 LOHRI Celebration

Lohri will be celebrated in the Gurughar at 5:00 PM on Thursday, January 13, 2022.Sukhmani Sahib Path and Langar Sewa will be hosted by Suman family. Sangat is requested to come with their families and friends. Parents of newborn children are specially requested to come and celebrate first Lohri of their new born children in the Gurughar.

January 16, 2022

Sukhmani Sahib Path and Langar Sewa by Pardeep Suti and Harpreet Suti

Sri Sukhmani Sahib Path and Langar Sewa will be hosted by Pardeep Suti, son of S. Varinder Singh Suti and Bibi Daljit Kaur Suti, Harpreet Suti and family for Chardi Kala of their family. May Waheguru keep Suti family in Chardi Kala.

February 18-19-20, 2022 645th Gurupurb of Sri Guru Ravidass Ji

Sri Guru Ravidass Sabha CA, Pittsburg will be celebrating the 645th Parkash Utsav of SATGURU RAVIDASS JI on Sunday, February 20, 2022 at the Gurughar.

ARAMBH SHRI AKHAND PATH	February 18, 2022 (FRIDAY) 9:30 AM
BHOG SHRI AKHAND PATH	February 20, 2022 (SUNDAY) 9:30 AM
KIRTAN DIWAN	After Bhog until 2:00 PM

Nishan Sahib Hoisting Ceremony will be held on
February 19th 2022 (Saturday) at 11:00 AM.

"NANAK NAM CHARDI KALA TERE BHANE SARBAT DA BHALA"

Sewa for these days are available to sangat.
Please contact General Secretary Abhishek Pal Narabut at
(925)695-4637 for booking any program.

Please visit Gurughar website for information:
WWW.SriGuruRavidassTemple.com

www.srigururavidasstemple.com

Sangat Sewadars

Chairperson	President	General Secretary	Treasurer
Kulwant Kaur Banga	Jagtar Singh Bhatia	Abhishek Pal Narabut	Sunita Singh

Raja
SWEETS & CATERING
AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders

CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..

ਕਸ਼ਮੀਰ ਸਿੰਘ ਹੀਰਾ

ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
CALL US
Ph: (209) 478-0285
Fax: (209) 477-3206
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

ਭਾਰਤੀ ਸੈਨਾ ਨੇ ਗਲਵਾਨ 'ਚ ਤਿਰੰਗਾ ਲਹਿਰਾ ਕੇ ਚੀਨ ਨੂੰ ਦਿੱਤਾ ਜਵਾਬ

ਨਵੀਂ ਦਿੱਲੀ– ਰੱਖਿਆ ਸੂਤਰਾਂ ਨੇ ਕੁਝ ਤਸਵੀਰਾਂ ਰਿਲੀਜ਼ ਕੀਤੀਆਂ ਹਨ ਜਿਨ੍ਹਾਂ ਵਿਚ ਪੂਰਬੀ ਲੱਦਾਖ ਦੀ ਗਲਵਾਨ ਵਾਦੀ 'ਚ ਭਾਰਤੀ ਸੈਨਿਕ ਤਿਰੰਗਾ ਲਹਿਰਾ ਰਹੇ ਹਨ। ਇਹ ਤਸਵੀਰਾਂ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਖਿੱਚੀਆਂ ਗਈਆਂ ਹਨ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਵੀ ਤਸਵੀਰਾਂ ਪੋਸਟ ਕੀਤੀਆਂ ਹਨ। ਉਨ੍ਹਾਂ ਟਵੀਟ ਕਰ ਕੇ ਕੈਪਸ਼ਨ ਵਿਚ ਲਿਖਿਆ, 'ਬਹਾਦਰ ਭਾਰਤੀ ਸੈਨਿਕ ਨਵੇਂ ਸਾਲ ਮੌਕੇ ਗਲਵਾਨ ਵਾਦੀ ਵਿਚ'। ਦੱਸਣਯੋਗ ਹੈ ਕਿ ਤਿੰਨ ਦਿਨ ਪਹਿਲਾਂ ਹੀ ਚੀਨ ਦੇ ਸਰਕਾਰੀ ਮੀਡੀਆ ਨੇ ਕੁਝ ਤਸਵੀਰਾਂ ਰਿਲੀਜ਼ ਕੀਤੀਆਂ ਸਨ ਜਿਨ੍ਹਾਂ ਵਿਚ ਉੱਥੋਂ ਦੀ ਫ਼ੌਜ ਪੀਐਲਏ ਦੇ ਜਵਾਨਾਂ ਨੂੰ ਗਲਵਾਨ ਨੇੜਿਓਂ ਦੇਸ਼ਵਾਸੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਦਿਖਾਇਆ

ਗਿਆ ਹੈ। ਭਾਰਤ ਰੱਖਿਆ ਇਕਾਈ ਨੇ ਜਿਹੜੀਆਂ ਤਸਵੀਰਾਂ ਰਿਲੀਜ਼ ਕੀਤੀਆਂ ਹਨ, ਉਨ੍ਹਾਂ ਵਿਚ ਕਰੀਬ 30 ਭਾਰਤੀ ਸੈਨਿਕ ਕੌਮੀ ਝੰਡਾ ਲੈ ਕੇ ਖੜ੍ਹੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਤਸਵੀਰਾਂ ਪਹਿਲੀ ਜਨਵਰੀ ਦੀਆਂ ਹਨ। ਚੀਨ ਦੇ ਸਰਕਾਰੀ ਮੀਡੀਆ ਨੇ ਪਹਿਲਾਂ ਕਿਹਾ ਸੀ ਕਿ ਉਨ੍ਹਾਂ ਵੱਲੋਂ ਆਪਣਾ ਕੌਮੀ ਝੰਡਾ ਗਲਵਾਨ ਵਾਦੀ ਨੇੜਲੇ ਉਨ੍ਹਾਂ ਦੇ ਅਧੀਨ ਖੇਤਰ 'ਚ ਲਹਿਰਾਇਆ ਗਿਆ ਸੀ। ਭਾਰਤੀ ਸੈਨਾ ਦੇ ਸੂਤਰਾਂ ਮੁਤਾਬਕ ਜਿੱਥੇ ਚੀਨੀ ਸੈਨਿਕਾਂ ਨੇ ਨਵਾਂ ਸਾਲ ਮਨਾਇਆ ਸੀ ਉਹ ਖੇਤਰ ਗਲਵਾਨ ਵਾਦੀ ਨੇੜੇ ਚੀਨ ਦੇ ਕਬਜ਼ੇ ਹੇਠਲਾ ਇਕ ਡੂੰਘਾਈ ਵਾਲਾ ਇਲਾਕਾ ਹੈ।

ਉਨ੍ਹਾਂ ਕਿਹਾ ਕਿ ਇਹ 'ਬਫ਼ਰ ਜ਼ੋਨ' ਤੋਂ ਦੂਰ ਹੈ ਜੋ 15 ਜੂਨ ਦੇ ਟਕਰਾਅ ਤੋਂ ਬਾਅਦ ਬਣਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਭਾਰਤ ਤੇ ਚੀਨ ਦੇ ਸੈਨਿਕਾਂ ਵਿਚਾਲੇ ਪੈਂਗੋਂਗ ਝੀਲ ਇਲਾਕੇ ਵਿਚ 5 ਮਈ, 2020 ਨੂੰ ਹਿੰਸਕ ਟਕਰਾਅ ਹੋਇਆ ਸੀ। ਇਸ ਤੋਂ ਬਾਅਦ ਉੱਥੇ ਦੋਵਾਂ ਧਿਰਾਂ ਨੇ ਵੱਡੀ ਗਿਣਤੀ ਵਿਚ ਫ਼ੌਜ ਤਾਇਨਾਤ ਕਰ ਦਿੱਤੀ ਸੀ।

ਪੰਜਾਬੀ ਭਾਸ਼ਾ ਨੂੰ ਸਰਕਾਰਾਂ ਰਿਜ਼ਕ ਦੀ ਭਾਸ਼ਾ ਬਣਾਉਣ 'ਚ ਫੇਲ੍ਹ - ਡਾ ਲਖਵਿੰਦਰ ਸਿੰਘ ਜੌਹਲ

ਫਗਵਾੜਾ 4 ਜਨਵਰੀ (ਬੀਕੇ ਰੱਤੂ)– ਪੰਜਾਬੀ ਕਾਲਮ-ਨਵੀਸ ਪੱਤਰਕਾਰ ਮੰਚ ਵਲੋਂ 'ਪੰਜਾਬ ਚੋਣਾਂ- 2022 ਅਤੇ ਪੰਜਾਬੀ ਭਾਸ਼ਾ ਦਾ ਮਸਲਾ' ਵਿਸ਼ੇ 'ਤੇ ਕਰਵਾਏ ਗਏ ਵੈਬੀਨਾਰ 'ਚ ਮੁੱਖ ਬੁਲਾਰੇ, ਪ੍ਰਸਿੱਧ ਲੇਖਕ ਅਤੇ ਪੱਤਰਕਾਰ ਡਾ: ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਰਿਜ਼ਕ ਨਾਲ ਜੋੜਨ ਵਿੱਚ ਸਰਕਾਰਾਂ ਫੇਲ੍ਹ ਹੋਈਆਂ ਹਨ। ਪੰਜਾਬੀ ਨੂੰ ਧਰਮ ਨਾਲ ਜੋੜ ਕੇ ਇਸਦਾ ਦਾਇਰਾ ਬਹੁਤ ਹੀ ਸੀਮਤ ਕਰ ਦਿੱਤਾ ਗਿਆ। ਸ: ਲਛਮਣ ਸਿੰਘ ਗਿੱਲ ਦੀ ਵਜ਼ਾਰਤ ਵੇਲੇ ਭਾਵੇਂ 1967 ਵਿੱਚ ਪੰਜਾਬੀ ਭਾਸ਼ਾ ਐਕਟ ਲਾਗੂ ਕੀਤਾ ਗਿਆ ਜਿਹੜਾ ਕਿ ਸ਼ਾਲਘਾਯੋਗ ਉਪਰਾਲਾ ਸੀ ਪਰ ਇਸਦੇ ਬਾਅਦ ਦੀਆਂ ਸਰਕਾਰਾਂ ਨੇ ਸਹੀ ਤਰ੍ਹਾਂ ਇਹ ਭਾਸ਼ਾ ਐਕਟ ਲਾਗੂ ਨਹੀਂ ਕੀਤਾ। ਪੰਜਾਬ 'ਚ ਦਫ਼ਤਰੀ ਭਾਸ਼ਾ ਅਜੇ ਤੱਕ ਵੀ ਅੰਗਰੇਜ਼ੀ ਹੀ ਚਲ ਰਹੀ ਹੈ। ਇਹ ਮਨੋਵਿਗਿਆਨਕ ਤੱਥ ਹੈ ਕਿ ਜੇਕਰ ਬੱਚਾ ਕੁਝ ਸਾਲਾਂ ਵਿੱਚ ਆਪਣੀ ਮਾਤਭਾਸ਼ਾ ਚੰਗੀ ਤਰ੍ਹਾਂ ਸਿੱਖਦਾ ਹੈ ਤਾਂ ਉਹ ਹੋਰ ਭਾਸ਼ਾਵਾਂ ਸਿੱਖਣ ਦੇ ਵੀ ਸਮਰੱਥ ਹੋ ਜਾਂਦਾ ਹੈ। ਜਿਹੜੇ ਲੋਕਾਂ ਨੇ ਅੰਗਰੇਜ਼ੀ ਛੇਵੀਂ ਜਮਾਤ ਵਿੱਚ ਪੜ੍ਹਨੀ ਸ਼ੁਰੂ ਕੀਤੀ ਉਹ ਇਸ ਤੇ ਵਧੀਆ ਕਮਾਂਡ ਰੱਖਦੇ ਹਨ। ਉਹਨਾ ਨੇ ਸੁਝਾਅ ਦਿੱਤਾ ਕਿ ਹੁਣ ਸਮਾਂ ਆ ਗਿਆ ਹੈ ਕਿ ਜਦੋਂ ਸਿਆਸੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਆ ਰਹੇ ਹਨ, ਉਹਨਾ ਤੇ ਹਰ ਤਰ੍ਹਾਂ ਦਾ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਨੂੰ ਆਪਣੇ ਚੋਣ ਮੈਨੀਫੈਸਟੋ ਦਾ ਹਿੱਸਾ ਬਣਾਉਣ ਅਤੇ ਚੋਣ ਮੈਨੀਫੈਸਟੋ ਕਾਨੂੰਨੀ ਦਸਤਾਵੇਜ਼ ਬਣੇ।

ਗੁਰਮੀਤ ਸਿੰਘ ਪਲਾਹੀ ਪ੍ਰਧਾਨ ਪੰਜਾਬੀ ਕਾਲਮ-ਨਵੀਸ ਪੱਤਰਕਾਰ ਮੰਚ ਦੀ ਅਗਵਾਈ 'ਚ ਕਰਵਾਏ ਗਏ ਵੈਬੀਨਾਰ 'ਚ ਸ਼੍ਰੀ ਜੌਹਲ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੇ 2000

ਹਜ਼ਾਰ ਸਟੈਨੋ ਭਰਤੀ ਕਰਕੇ ਇਸ ਨੂੰ ਪੰਜਾਬ 'ਚ ਅਦਾਲਤੀ ਭਾਸ਼ਾ ਵੀ ਬਣਾਉਣਾ ਚਾਹੀਦਾ ਹੈ। ਉਹਨਾ ਨੇ ਸਿਆਸੀ ਲੋਕਾਂ ਨੂੰ ਪੰਜਾਬੀ ਭਾਸ਼ਾ ਬਾਰੇ ਆਪਣਾ ਨਜ਼ਰੀਆ ਬਦਲਣ ਦੀ ਸਲਾਹ ਦਿੱਤੀ।

ਇਸ ਚਰਚਾ ਨੂੰ ਅੱਗੇ ਵਧਾਉਂਦਿਆਂ ਕੇਹਰ ਸ਼ਰੀਫ (ਜਰਮਨੀ) ਅਤੇ ਪ੍ਰਸਿੱਧ ਲੇਖਕ ਪ੍ਰੋ: ਰਣਜੀਤ ਧੀਰ (ਯੂਕੇ) ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣਾ ਚਾਹੀਦਾ ਹੈ। ਉਹਨਾ ਨੇ ਸੁਰਜੀਤ ਪਾਤਰ ਦੀ ਕਵਿਤਾ "ਪਿੱਛੇ ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ" ਦਾ ਹਵਾਲਾ ਦੇਕੇ ਆਪਣੀ ਗੱਲ ਦੀ ਪ੍ਰੋੜਤਾ ਕੀਤੀ। ਯੂ।ਕੇ। ਦੇ ਐਮ।ਪੀ। ਵਰਿੰਦਰ ਸ਼ਰਮਾ ਨੇ ਆਖਿਆ ਕਿ ਸਿਆਸੀ ਪਾਰਟੀਆਂ ਦਾ ਧਿਆਨ ਭਾਸ਼ਾ ਨੂੰ ਬਚਾਉਣ ਵੱਲ ਵੀ ਨਹੀਂ ਤੇ ਨਾ ਹੀ ਦੇਸ਼ ਨੂੰ ਬਚਾਉਣ ਵੱਲ ਹੈ। ਉਹਨਾ ਦੇ ਹੋਰ ਹੀ ਮੰਤਵ ਹਨ। ਅਫ਼ਸਰਸ਼ਾਹੀ ਵੀ ਪੰਜਾਬੀ ਨੂੰ ਢਾਅ ਲਗਾ ਰਹੀ ਹੈ। ਇਸੇ ਤਰ੍ਹਾਂ ਜਗਦੀਪ ਕਾਹਲੋਂ ਨੇ ਵੀ ਇਸ ਗੱਲ ਤੇ ਜ਼ੋਰ ਦਿੱਤਾ ਕਿ ਅਫ਼ਸਰਾਂ ਨੂੰ ਕੰਮਕਾਰ ਵਿੱਚ ਪੰਜਾਬੀ ਵਰਤਣੀ ਚਾਹੀਦੀ ਹੈ। ਐਡਵੋਕੇਟ ਐਸ।ਐਲ। ਵਿਰਦੀ ਨੇ ਇਸ ਗੱਲ ਵੱਲ ਧਿਆਨ ਦੁਆਇਆ ਕਿ ਆਜ਼ਾਦੀ ਤੋਂ ਬਾਅਦ ਜਿਹੜੇ ਲੋਕਾਂ ਨੇ ਮਰਦਮਸ਼ੁਮਾਰੀ ਵੇਲੇ ਆਪਣੀ ਭਾਸ਼ਾ ਪੰਜਾਬੀ ਲਿਖਾਈ ਸੀ ਉਹਨਾ ਦਾ ਸਮਾਜਿਕ ਤੌਰ 'ਤੇ ਬਾਈਕਾਟ ਵੀ ਕੀਤਾ ਗਿਆ। ਦਲਿਤਾਂ ਨੂੰ ਜ਼ਮੀਨ ਵੀ ਨਹੀਂ ਮਿਲੀ। ਉਹਨਾ ਦੀ ਭਾਸ਼ਾ (ਪੰਜਾਬੀ) ਵੀ ਖੋਹਣ ਦੀ ਕੋਸ਼ਿਸ਼ ਕੀਤੀ ਗਈ।

ਇਸ ਵੈਬੀਨਾਰ ਵਿੱਚ ਹੋਰਾਂ ਤੋਂ ਇਲਾਵਾ ਰਵਿੰਦਰ ਚੋਟ, ਪਰਵਿੰਦਰਜੀਤ ਸਿੰਘ, ਜਨਕ ਦੁਲਾਰੀ, ਬੰਸੋ ਦੇਵੀ, ਬੇਅੰਤ ਕੌਰ, ਕੁਲਦੀਪ ਚੰਦ, ਕੰਵਲਜੀਤ ਜੰਵਦਾ (ਕੈਨੇਡਾ), ਮਲਕੀਤ ਅੱਪਰਾ, ਮਨਦੀਪ ਸਿੰਘ ਆਦਿ ਨੇ ਵੀ ਹਿੱਸਾ ਲਿਆ। ਅੰਤ ਵੀ ਮੁੱਖ ਵਕਤਾ ਡਾ: ਲਖਵਿੰਦਰ ਸਿੰਘ ਜੌਹਲ ਨੇ ਹੋਰ ਮੈਂਬਰਾਂ ਵਲੋਂ ਉਠਾਏ ਗਏ ਸਵਾਲਾਂ ਦੇ ਜੁਆਬ ਤਸੱਲੀਬਖ਼ਸ਼ ਦਿੱਤੇ।

BERKSHIRE HATHAWAY
HomeServices

Karen Sandhu

REALTOR ®
DRE # 02166294
Drysdale Properties
3421 Brookside Rd., Ste. B
Stockton, CA 95219
209-276-5289
Karen.sandhu@bhhsdrysdale.com
www.karensandhu.bhhsdrysdale.com
An independently owned and operated member of BHH Affilates. LLC

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532 Houston St.
West Sacramento, CA 95691

Email: myfuturetruck@gmail.com

ਯੂਕੇ 'ਚ 15,000 ਦੇ ਕਰੀਬ ਡਰਾਈਵਰਾਂ ਨੂੰ ਫੋਨ ਵਰਤਦਿਆਂ ਕੈਮਰਿਆਂ ਨੇ ਫੜਿਆ

30 ਮੀਲ ਦੀ ਸਪੀਡ 'ਤੇ ਦੋ ਸਕਿੰਟ ਦੀ ਬੇਧਿਆਨੀ 100 ਫੁੱਟ ਤੱਕ ਰੱਖਦੀ ਹੈ ਅੰਨ੍ਹਾ

ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)– ਯੂਕੇ ਵਿੱਚ ਨਵੇਂ ਮੋਟਰਵੇਅ ਕੈਮਰਿਆਂ ਨੇ ਵਾਹਨ ਚਲਾਉਂਦੇ ਸਮੇਂ ਮੋਬਾਈਲ ਦੀ ਵਰਤੋਂ ਕਰਦੇ ਹੋਏ ਹਜ਼ਾਰਾਂ ਵਾਹਨ ਚਾਲਕਾਂ ਨੂੰ ਫੜਿਆ ਹੈ।

ਯੂਕੇ ਵਿੱਚ ਅੰਕੜਿਆਂ ਅਨੁਸਾਰ 200 ਵਿੱਚੋਂ ਇੱਕ ਡਰਾਈਵਰ ਮੋਟਰਵੇਅ 'ਤੇ ਗੱਡੀ ਚਲਾਉਂਦੇ ਸਮੇਂ ਆਪਣੇ ਫ਼ੋਨ ਦੀ ਵਰਤੋਂ ਕਰਦਾ ਹੈ ਅਤੇ ਮਾਹਰਾਂ ਅਨੁਸਾਰ ਜੇਕਰ ਕੋਈ ਡਰਾਈਵਰ 30 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਗੱਡੀ ਚਲਾਉਂਦੇ ਹੋਏ ਦੋ ਸਕਿੰਟਾਂ ਲਈ ਆਪਣੇ ਫੋਨ ਨੂੰ ਦੇਖਦਾ ਹੈ, ਤਾਂ ਉਹ 100 ਫੁੱਟ ਤੱਕ ਬੇਧਿਆਨੀ ਨਾਲ ਗੱਡੀ ਚਲਾਵੇਗਾ।

ਇਹਨਾਂ ਕੈਮਰਿਆਂ ਦੀ ਟ੍ਰਾਇਲ ਦੇ ਦੌਰਾਨ, ਇੱਕ ਸਿੰਗਲ ਕੈਮਰੇ ਨੇ ਸਿਰਫ ਛੇ ਮਹੀਨਿਆਂ ਵਿੱਚ 15,000 ਲੋਕਾਂ ਨੂੰ ਫੋਨ ਦੀ ਵਰਤੋਂ ਕਰਦੇ ਹੋਏ ਫੜਿਆ ਹੈ। ਪਰ ਅਸਲ ਅੰਕੜਾ ਇਸ ਤੋਂ ਕਿਤੇ ਵੱਧ ਹੋਵੇਗਾ ਕਿਉਂਕਿ ਕੈਮਰੇ ਟਰੈਫਿਕ ਦੀਆਂ ਸਾਰੀਆਂ ਲੇਨਾਂ ਦੀ ਨਿਗਰਾਨੀ ਨਹੀਂ ਕਰ ਰਹੇ ਸਨ। ਇਹ ਨਵੀਂ ਟੈਕਨਾਲੋਜੀ ਪੁਲਿਸ ਲਈ ਗੇਮ-ਚੇਂਜਰ ਹੋ ਸਕਦੀ ਹੈ। ਜਿਕਰਯੋਗ ਹੈ ਕਿ ਇਹ ਤਕਨਾਲੋਜੀ ਪਹਿਲਾਂ ਹੀ ਨਿਊ ਸਾਊਥ ਵੇਲਜ਼, ਆਸਟ੍ਰੇਲੀਆ ਵਿੱਚ ਵਰਤੀ ਜਾਂਦੀ ਹੈ, ਜਿੱਥੇ ਦੋ ਸਾਲ ਪਹਿਲਾਂ ਪੇਸ਼ ਕੀਤੇ ਜਾਣ ਤੋਂ ਬਾਅਦ ਇਸਨੇ ਸੜਕੀ ਮੌਤਾਂ ਨੂੰ ਪੰਜਵੇਂ ਹਿੱਸੇ ਤੱਕ ਘਟਾ ਦਿੱਤਾ ਹੈ।

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਸਲਾਨਾ ਕਲੰਡਰ ਰਿਲੀਜ

ਕਲੰਡਰ "ਕਿਸਾਨ/ਮਜਦੂਰ/ਮੁਲਾਜਮ ਸੰਘਰਸ਼ ਦੀ ਜਿੱਤ ਨੂੰ ਕੀਤਾ ਸਮਰਪਿਤ

ਫਗਵਾੜਾ 5 ਜਨਵਰੀ (ਬੀਕੇ ਰੱਤੂ)– ਜਿਲ੍ਹਾ ਕਪੂਰਥਲਾ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ, ਪੰਜਾਬ (ਰਜਿ) ਦਾ ਸਲਾਨਾ ਕਲੰਡਰ ਮਾਨਯੋਗ ਦਲਜੀਤ ਕੌਰ ਏਡੀਸੀ ਕਮਿਸ਼ਨਰ ਨਗਰ ਨਿਗਮ ਫਗਵਾੜਾ ਨੇ ਰੀਲਿਜ਼ ਕੀਤਾ । ਇਸ ਮੌਕੇ ਤੇ ਜਿਲ੍ਹਾ ਪ੍ਰਧਾਨ ਪਰਵਿੰਦਰ ਕੁਮਾਰ ਨੇ ਕਿਹਾ ਕਿ ਇਹ ਕਲੰਡਰ "ਕਿਸਾਨ/ ਮਜਦੂਰ/ ਮੁਲਾਜਮ ਸੰਘਰਸ਼ ਦੀ ਇਤਿਹਾਸਕ ਜਿੱਤ ਨੂੰ ਸਮਰਪਿਤ ਕੀਤਾ ਗਿਆ ਅਤੇ ਪੰਜਾਬ ਸਰਕਾਰ ਤੋ ਮੰਗ ਕੀਤੀ 85 ਸੋਧ ਲੱਗੂ ਕੀਤੀ ਜਾਵੇ,10,10, 2014 ਪੱਤਰ ਰੱਦ ਕੀਤਾ ਜਾਵੇ । ਇਸ ਮੌਕੇ ਰਤਨ ਸਹੋਤਾ ਮੀਤ ਪ੍ਰਧਾਨ ਪੰਜਾਬ, ਮਾ ਹੰਸ ਰਾਜ ਬੰਗੜ ਜਨਰਲ ਸਕੱਤਰ, ਅਵਤਾਰ ਸਿੰਘ ਮੀਤ ਪ੍ਰਧਾਨ, ਮਨਜੀਤ ਕੁਮਾਰ ਬਲਾਕ ਪ੍ਰਧਾਨ ਫਗਵਾੜਾ, ਪਰਦੀਪ ਆਦਿ ਸ਼ਾਮਿਲ ਹੋਏ।

ਰਾਖਵੇਂ ਹਲਕਿਆਂ ਦੇ ਵਿਧਾਇਕ ਬਦਲ ਸਕਣਗੇ ਚੋਣ ਹਲਕੇ

ਚੰਡੀਗੜ੍ਹ– ਕਾਂਗਰਸ ਦੀ ਸਕਰੀਨਿੰਗ ਕਮੇਟੀ ਨੇ ਪੰਜਾਬ ਚੋਣਾਂ ਲਈ ਦਿੱਲੀ ਵਿਚ ਕੀਤੀ ਮੀਟਿੰਗ ਦੌਰਾਨ ਕਈ ਹਲਕਿਆਂ ਵਿਚ ਨਵੇਂ ਤਕੜੇ ਉਮੀਦਵਾਰ ਉਤਾਰੇ ਜਾਣ 'ਤੇ ਵਿਚਾਰ ਚਰਚਾ ਕੀਤੀ। ਜਿਨ੍ਹਾਂ ਹਲਕਿਆਂ ਵਿਚ ਮੌਜੂਦਾ ਵਿਧਾਇਕਾਂ ਦੀ ਸਿਆਸੀ ਹਾਲਤ ਖਸਤਾ ਦਿਖ ਰਹੀ ਹੈ, ਉਥੇ ਨਵੇਂ ਉਮੀਦਵਾਰ ਉਤਾਰੇ ਜਾਣਗੇ। ਸਕਰੀਨਿੰਗ ਕਮੇਟੀ ਦੇ ਚੇਅਰਮੈਨ ਅਜੈ ਮਾਕਨ ਨੇ ਮੀਟਿੰਗ ਦੀ ਪ੍ਰਧਾਨਗੀ ਕੀਤੀ ਜਦੋਂਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਇਸ ਵਿਚੋਂ ਗੈਰਹਾਜ਼ਰ ਰਹੇ। ਮੀਟਿੰਗ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ, ਸਾਬਕਾ ਪ੍ਰਧਾਨ ਸੁਨੀਲ ਜਾਖੜ ਤੇ ਪੰਜਾਬ ਇੰਚਾਰਜ ਹਰੀਸ਼ ਚੌਧਰੀ ਆਦਿ ਹਾਜ਼ਰ ਸਨ। ਸੂਤਰਾਂ ਅਨੁਸਾਰ ਕਾਂਗਰਸ ਨੇ ਹਲਕਿਆਂ ਵਿਚ ਅਦਲਾ-ਬਦਲੀ ਲਈ ਕੇਵਲ ਰਾਖਵੇਂ ਹਲਕਿਆਂ ਨੂੰ ਛੋਟ ਦੇਣਾ ਤੈਅ ਕਰ ਲਿਆ ਹੈ। ਮੀਟਿੰਗ ਦੌਰਾਨ ਚਰਚਾ ਹੋਈ ਕਿ ਕਿਸੇ ਵੀ ਮੌਜੂਦਾ ਵਿਧਾਇਕ ਦਾ ਹਲਕਾ ਨਹੀਂ ਬਦਲਿਆ ਜਾਵੇਗਾ ਪ੍ਰੰਤੂ ਰਾਖਵੇਂ ਹਲਕਿਆਂ ਵਾਲੇ ਵਿਧਾਇਕਾਂ ਨੂੰ ਇਸ ਤੋਂ ਛੋਟ ਦੇ ਦਿੱਤੀ ਗਈ ਹੈ।

ਹਾਲਾਂਕਿ ਅੱਜ ਮੁੱਖ ਮੰਤਰੀ ਦੀ ਗੈਰਹਾਜ਼ਰੀ ਕਾਰਨ ਗੱਲ ਕਿਸੇ ਤਣ ਪੱਤਣ ਨਹੀਂ ਲੱਗ ਸਕੀ ਹੈ। ਮੀਟਿੰਗ ਵਿਚ ਪਹਿਲਾਂ ਹੀ ਵਿਚਾਰੇ ਗਏ 40 ਵਿਧਾਨ ਸਭਾ ਹਲਕਿਆਂ ਦੇ ਉਮੀਦਵਾਰਾਂ 'ਤੇ ਮੋਹਰ ਲਾਈ ਗਈ। ਸਕਰੀਨਿੰਗ ਕਮੇਟੀ ਵੱਲੋਂ ਹੁਣ ਕੇਂਦਰੀ ਚੋਣ ਕਮੇਟੀ ਦੀ ਮੀਟਿੰਗ ਦੀ ਉਡੀਕ ਕੀਤੀ ਜਾ ਰਹੀ ਹੈ। ਸਕਰੀਨਿੰਗ ਕਮੇਟੀ ਵਿਚ ਨੌਜਵਾਨਾਂ ਅਤੇ ਔਰਤਾਂ ਨੂੰ ਟਿਕਟਾਂ ਦਿੱਤੇ ਜਾਣ 'ਤੇ ਵੀ ਵਿਚਾਰ ਚਰਚਾ ਹੋਈ ਹੈ। ਕਰੀਬ ਢਾਈ ਘੰਟੇ ਚੱਲੀ ਮੀਟਿੰਗ ਵਿਚ ਨਵੇਂ ਹਲਕਿਆਂ ਨੂੰ ਹਾਲ ਦੀ ਘੜੀ ਛੇੜਿਆ ਨਹੀਂ ਗਿਆ ਹੈ। ਨਿਰਵਿਵਾਦ ਵਾਲੇ ਹਲਕਿਆਂ 'ਤੇ ਉਮੀਦਵਾਰਾਂ ਨੂੰ ਗੈਰਰਸਮੀ ਤੌਰ 'ਤੇ ਹਰੀ ਝੰਡੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਹਲਕਿਆਂ 'ਚੋਂ ਕੱਦਾਵਰ ਉਮੀਦਵਾਰਾਂ ਦੀ ਤਲਾਸ਼ ਲਈ ਗੱਲਬਾਤ ਕੀਤੀ ਗਈ ਜਿਥੇ ਮੌਜੂਦਾ ਵਿਧਾਇਕਾਂ ਦੀ ਪੁਜ਼ੀਸ਼ਨ ਚੰਗੀ ਨਹੀਂ ਦਿਖ ਰਹੀ ਹੈ।

ਪੰਜਾਬ ਸਰਕਾਰ ਨੇ ਲੋਕਾਂ ਨੂੰ ਰੈਲੀ 'ਚ ਜਾਣ ਤੋਂ ਰੋਕਣ ਲਈ ਪੁਲਿਸ ਨੂੰ ਨਿਰਦੇਸ਼ ਦਿੱਤੇ: ਨੱਢਾ

ਚੰਡੀਗੜ੍ਹ– ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਪੰਜਾਬ ਦੀ ਕਾਂਗਰਸ ਸਰਕਾਰ 'ਤੇ ਚੋਣ ਹਾਰ ਦੇ ਡਰੋਂ ਸੂਬੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰੋਗਰਾਮਾਂ ਨੂੰ ਸਾਬੋਤਾਜ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਇਹ ਵੱਡੀ ਸੁਰੱਖਿਆ ਖਾਮੀ ਹੈ ਕਿ ਪ੍ਰਦਰਸ਼ਨਕਾਰੀਆਂ ਨੂੰ ਪ੍ਰਧਾਨ ਮੰਤਰੀ ਦੇ ਰੂਟ ਤੱਕ ਪਹੁੰਚਣ ਦਿੱਤਾ ਗਿਆ, ਜਦੋਂ ਕਿ ਪੰਜਾਬ ਦੇ ਮੁੱਖ

ਸਕੱਤਰ, ਡੀਜੀਪੀ ਨੇ ਐੱਸਪੀਜੀ ਨੂੰ ਭਰੋਸਾ ਦਿੱਤਾ ਸੀ ਕਿ ਰਸਤੇ ਵਿੱਚ ਕੋਈ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ। ਸ੍ਰੀ ਨੱਢਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਫ਼ੋਨ 'ਤੇ ਗੱਲ ਕਰਨ ਤੋਂ ਕੀਤਾ ਇਨਕਾਰ ਕਰ ਦਿੱਤਾ ਤੇ ਸੂਬਾ ਪੁਲੀਸ ਨੂੰ ਪ੍ਰਧਾਨ ਮੰਤਰੀ ਦੀ ਰੈਲੀ 'ਚ ਲੋਕਾਂ ਨੂੰ ਜਾਣ ਤੋਂ ਰੋਕਣ ਦੇ ਨਿਰਦੇਸ਼ ਦਿੱਤੇ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

SPECIAL BIT INSPECTION AND DOT AUDIT COMPLIANCE:
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

3 ਜਨਵਰੀ 1831

ਭੁਲਾ ਦਿੱਤੀ ਗਈ ਨਾਇਕਾ ਸਵਿੱਤਰੀ ਬਾਈ ਫੂਲੇ

ਸਮਾਜ ਸੇਵਿਕਾ, ਕਵੀ ਅਤੇ ਦਲਿਤਾਂ ਲਈ ਅਵਾਜ ਉਠਾਉਣ ਵਾਲ਼ੀ ਸਾਵਿੱਤਰੀ ਬਾਈ ਫੂਲੇ ਦੇ ਜੀਵਨ ਬਾਰੇ ਅਜੇ ਵੀ ਦੇਸ਼ ਦੇ ਬਹੁਤੇ ਲੋਕ ਨਹੀਂ ਜਾਣਦੇ। ਇੱਥੋਂ ਤੱਕ ਕਿ ਬਹੁਤ ਸਾਰੀਆਂ ਔਰਤਾਂ ਵੀ ਇਸ ਗੱਲ ਤੋਂ ਅਣਜਾਣ ਹਨ ਕਿ ਅੱਜ ਜੇ ਉਹ ਸਿੱਖਿਅਤ ਹਨ, ਰੁਜ਼ਗਾਰ ਦੇ ਕਾਬਿਲ ਹਨ ਤਾਂ ਇਸ ਵਿੱਚ ਸਾਵਿੱਤਰੀ ਬਾਈ ਫੂਲੇ ਦੀਆਂ ਅਣਥੱਕ ਕੋਸ਼ਿਸ਼ਾਂ ਦਾ ਬਹੁਤ ਯੋਗਦਾਨ ਹੈ।

ਸਾਵਿੱਤਰੀ ਬਾਈ ਫੂਲੇ ਦਾ ਜਨਮ 3 ਜਨਵਰੀ 1831 ਨੂੰ ਮਹਾਂਰਾਸ਼ਟਰ ਵਿੱਚ ਪੂਨੇ ਤੋਂ 50 ਕਿਲੋਮੀਟਰ ਦੂਰ ਨਈਗਾਓਂ ਵਿੱਚ ਹੋਇਆ। ਸਾਵਿੱਤਰੀ ਬਾਈ ਇੱਕ ਅਜਿਹੀ ਔਰਤ ਸੀ ਜਿਸਨੇ ਬਾਲ ਵਿਆਹ, ਛੂਆ-ਛੂਤ, ਜਾਤ-ਪਾਤ ਅਤੇ ਵਿਧਵਾ ਵਿਆਹ 'ਤੇ ਰੋਕ ਜਿਹੀਆਂ ਕੁਰੀਤੀਆਂ ਖਿਲਾਫ ਸੰਘਰਸ਼ ਕੀਤਾ। ਉਹਨਾਂ ਸਮਾਜਿਕ ਕੁਰੀਤੀਆਂ 'ਤੇ ਸੱਟ ਮਾਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦਾ ਕੰਮ ਉਹਨਾਂ ਸਮਿਆਂ ਵਿੱਚ ਕੀਤਾ ਜਦੋਂ ਇੱਕ ਪਾਸੇ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ ਤੇ ਦੂਜੇ ਪਾਸੇ ਸਮਾਜ ਵਿੱਚ ਜਗੀਰੂ ਕਦਰਾਂ-ਕੀਮਤਾਂ ਦਾ ਬੋਲਬਾਲਾ ਸੀ ਜਿੱਥੇ ਔਰਤਾਂ ਦਾ ਪੜਨਾ-ਲਿਖਣਾ ਤੇ ਕਿਸੇ ਸਮਾਜਿਕ ਲਹਿਰ ਦਾ ਹਿੱਸਾ ਬਣਨਾ ਤਾਂ ਦੂਰ ਸਗੋਂ ਉਹਨਾਂ ਦਾ ਘਰੋਂ ਬਾਹਰ ਨਿੱਕਲ਼ਣਾ ਵੀ ਮੁਸ਼ਕਿਲ ਸੀ।

1897 ਵਿੱਚ ਮਹਾਂਰਾਸ਼ਟਰ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। ਪੂਨੇ ਦੇ ਖੇਤਰ ਵਿੱਚ ਸੈਂਕੜੇ ਲੋਕ ਪਲੇਗ ਨਾਲ ਮਰ ਰਹੇ ਸਨ। ਸਾਵਿੱਤਰੀ ਬਾਈ ਅਤੇ ਉਹਨਾਂ ਦੇ ਬੇਟੇ ਯਸ਼ਵੰਤ ਨੇ ਮਿਲ਼ ਕੇ ਸ਼ਹਿਰ ਦੇ ਬਾਹਰ ਬਿਮਾਰਾਂ ਦੀ ਮਦਦ ਲਈ ਹਸਪਤਾਲ ਖੋਲ਼ਿਆ। ਉਹ ਮਰੀਜਾਂ ਕੋਲ਼ ਜਾਂਦੀ ਅਤੇ ਆਪ ਉਹਨਾਂ ਨੂੰ ਹਸਪਤਾਲ ਲੈ ਕੇ ਆਉਂਦੀ, ਭਾਵੇਂ ਕਿ ਉਹ ਜਾਣਦੀ ਸੀ ਕਿ ਪਲੇਗ ਇੱਕ ਛੂਤ ਦੀ ਬਿਮਾਰੀ ਹੈ। 10 ਮਾਰਚ 1897 ਨੂੰ ਪਲੇਗ ਕਾਰਨ ਸਾਵਿੱਤਰੀ ਬਾਈ ਦੀ ਮੌਤ ਹੋ ਗਈ। ਉਨਾਂ ਦਾ ਸਾਰਾ ਜੀਵਨ ਦਲਿਤਾਂ ਅਤੇ ਔਰਤਾਂ ਦੇ ਸੰਘਰਸ਼ ਲਈ ਬੀਤਿਆ। ਉਹਨਾਂ ਇਹ ਵੀ ਜਾਣ ਲਿਆ ਸੀ ਕਿ ਅੰਗਰੇਜ਼ਾਂ ਦੀ ਵੀ ਦਲਿਤਾਂ ਤੇ ਦੱਬੇ-ਕੁਚਲੇ ਲੋਕਾਂ ਨਾਲ਼ ਕੋਈ ਹਮਦਰਦੀ ਨਹੀਂ ਹੈ। ਉਹਨਾਂ ਨੇ 'ਕਿਸਾਨ ਦਾ ਕੋੜਾ' ਵਿੱਚ ਲਿਖਿਆ ਹੈ ਕਿ ਅੰਗਰੇਜ਼ ਅਫਸਰਸ਼ਾਹੀ ਜਾਂ ਬ੍ਰਾਹਮਣਵਾਦੀ ਜਗੀਰਦਾਰ ਦੋਵਾਂ ਦੀ ਚਮੜੀ ਉਧੇੜੀ ਜਾਵੇ ਤਾਂ ਅੰਦਰੋਂ ਇੱਕ ਹੀ ਖੂਨ ਮਿਲ਼ੇਗਾ, ਭਾਵ ਦੋਹਾਂ ਵਿੱਚ ਕੋਈ ਅੰਤਰ ਨਹੀਂ ਹੈ।

ਭਾਰਤ ਦੇ ਲੁਟੇਰੇ ਹਾਕਮਾਂ ਨੇ ਸਾਵਿੱਤਰੀ ਬਾਈ ਫੂਲੇ ਨੂੰ ਭੁਲਾ ਦਿੱਤਾ ਹੈ ਪਰ ਕਿਰਤੀ ਲੋਕਾਂ ਦੀ ਬਿਹਤਰੀ ਲਈ ਜੂਝਣ ਵਾਲੇ ਨੌਜਵਾਨਾਂ ਨੂੰ ਆਪਣੀ ਮਹਾਨ ਵਿਰਾਸਤ ਦੇ ਤੌਰ 'ਤੇ ਸਾਵਿੱਤਰੀ ਬਾਈ ਫੂਲੇ ਨੂੰ ਯਾਦ ਰੱਖਣਾ ਚਾਹੀਦਾ ਹੈ ਤੇ ਉਸਦੇ ਜੀਵਨ ਤੇ ਕੰਮਾਂ ਨੂੰ ਲੋਕਾਂ ਵਿੱਚ ਲਿਜਾਣਾ ਚਾਹੀਦਾ ਹੈ। ਸਾਵਿੱਤਰੀ ਬਾਈ ਫੂਲੇ ਨੇ ਸਭ ਲਈ ਸਿੱਖਿਆ, ਔਰਤਾਂ ਤੇ ਦਲਿਤਾਂ ਦੀ ਬਿਹਤਰੀ ਲਈ ਜੋ ਸੁਪਨਾ ਦੇਖਿਆ ਸੀ ਉਹਨਾਂ ਨੂੰ ਪੂਰਾ ਕਰਨ ਲਈ ਅੱਜ ਦੇ ਸਮਾਜ ਦੀਆਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

ਲੋਹੜੀ ਬਾਰੇ ਵਿਸ਼ੇਸ਼

ਅਵਤਾਰ ਸਿੰਘ ਮਿਸ਼ਨਰੀ
510-432-5827

ਭਾਈ ਕਾਹਨ ਸਿੰਘ ਨਾਭਾ ਮਹਾਨ ਕੋਸ਼ ਦੇ ਪੰਨਾ ੧੦੭੫ ਤੇ ਲਿਖਦੇ ਹਨ ਕਿ "ਵੈਦਿਕ ਧਰਮ" ਨਾਮ ਰਸਾਲੇ ਵਿੱਚ ਲਿਖਿਆ ਹੈ ਕਿ ਲੋਹੜੀ ਦਾ ਮੂਲ "ਤਿਲ-ਰੋੜੀ" ਹੈ, ਇਸ ਤੋਂ ਤਿਲੋੜੀ ਹੋਇਆ ਅਰ ਇਸ ਦਾ ਰੂਪਾਂਤਰ ਲੋਹੜੀ ਹੈ। ਲੋਹੜੀ ਦੇ ਦਿਨ ਤਿਲ ਅਤੇ ਰੋੜੀ (ਗੁੜ) ਖਾਂਦੇ ਤੇ ਅੱਗ 'ਚ ਪਾਏ (ਹਵਨ) ਕੀਤੇ ਜਾਂਦੇ ਹਨ। ਇਹ ਤਿਉਹਾਰ ਮਾਘੀ ਦੀ ਸੰਗਰਾਂਦ ਤੋਂ ਇੱਕ ਦਿਨ ਪਹਿਲਾਂ ਆਉਂਦਾ ਹੈ। ਲੋਹੜੀ ਸਿੱਖਾਂ ਦਾ ਨਹੀਂ ਸਗੋਂ ਮੌਸਮੀ ਤਿਉਹਾਰ ਹੈ। ਅੱਜ ਇਸ ਨੂੰ ਨਿਰੋਲ ਬ੍ਰਾਹਮਣੀ ਤਿਉਹਾਰ ਬਣਾ ਦਿੱਤਾ ਗਿਆ ਹੈ। ਮਈ ਮਹੀਨੇ 'ਚ ਵਾਪਰੇ ਮੁਕਤਸਰ ਦੇ ਇਤਿਹਾਸਕ ਸਾਕੇ ਨੂੰ ਰਲਗੱਡ ਕਰ, ਮਾਘ ਮਹੀਨੇ ਨਾਲ ਜੋੜ ਕੇ, ਮਾਘੀ ਦੀ ਸੰਗਰਾਂਦ ਨੂੰ ਸਿੱਖ ਦਿਹਾੜਾ ਹੋਣ ਦਾ ਭੁਲੇਖਾ ਪਾਇਆ ਗਿਆ ਹੈ। ਅੱਜ ਦੇਖਾ ਦੇਖੀ ਹੋਰਾਂ ਮਗਰ ਲੱਗ ਕੇ, ਆਪਣੇ ਆਪ ਨੂੰ ਗੁਰੂ ਨਾਨਕ ਦੇ ਸਿੱਖ ਅਖਵਾਉਣ ਵਾਲੇ ਵੀ, ਪੁੱਤਾਂ-ਧੀਆਂ ਦੀਆਂ ਲੋਹੜੀਆਂ ਮਨਾਈ ਜਾਂਦੇ ਹਨ। ਐਸਾ ਕਿਉਂ ਹੈ? ਜਰਾ ਧਿਆਨ ਨਾਲ ਸੋਚੋ! ਲੋਹੜੀ ਦਾ ਮੂਲ ਸੰਬੰਧ ਦੇਵੀ-ਦੇਵਤਿਆਂ ਦੀ ਪੂਜਾ ਅਤੇ ਯੱਗਾਂ ਨਾਲ ਹੈ। ਬ੍ਰਾਹਮਣੀ ਮਤ ਦਾ ਆਧਾਰ ਹੀ ਦੇਵੀ-ਦੇਵਤਿਆਂ ਦੀ ਪੂਜਾ-ਅਰਚਾ ਅਤੇ ਯੱਗ-ਹਵਨ ਹਨ। ਗੁਰਮਤਿ ਅਜਿਹੇ ਥੋਥੇ ਕਰਮਕਾਂਡਾਂ ਅਤੇ ਅੰਧਵਿਸ਼ਵਾਸ਼ਾਂ ਦਾ ਭਰਵਾਂ ਖੰਡਨ ਕਰਦੀ ਹੈ। ਦੇਵੀ-ਦੇਵਤਿਆਂ ਬਾਰੇ ਗੁਰਮਤਿ ਦਾ ਫੁਰਮਾਨ-ਦੇਵੀ ਦੇਵਾ ਮੂਲੁ ਹੈ ਮਾਇਆ।। ਸਿੰਮਰਤਿ ਸਾਸਤ ਜਿੰਨਿ ਉਪਾਇਆ (੧੨੯)

ਬ੍ਰਾਹਮਣ ਮੱਤ ਦਾ ਸਭ ਤੋਂ ਪੁਰਾਤਨ ਗਰੰਥ "ਰਿਗ ਵੇਦ" ਮੰਨਿਆਂ ਜਾਂਦਾ ਹੈ। ਇਸ ਵੇਦ ਦਾ ਮੂਲ ਦੇਵੀ ਦੇਵਤਿਆਂ ਦੀ ਉਸਤਤਿ ਵਿੱਚ ਰਚੇ ਗਏ ਮੰਤਰਾਂ ਦੇ ਸੰਗ੍ਰਿਹ ਨਾਲ ਹੈ। ਦੂਜਾ "ਸਾਮਦੇਵ" ਮੰਤਰਾਂ ਦੀ ਸਮਾਨਤਾ ਦਰਸਾਉਣ ਵਾਲਾ ਵੇਦ, ਇਸ ਦੇ ਕੁਲ ੧੫੪੯ ਮੰਤਰ ਨੇ ਅਤੇ ਬ੍ਰਾਹਮਣ ਇਸ ਵੇਦ ਨੂੰ ਯੱਗ ਆਦਿਕ ਮੰਗਲ ਕਰਮਾਂ ਵਿੱਚ ਗਾਉਂਦੇ ਹਨ। ਉਸਤਤਿ ਦਾ ਢੰਗ ਕਿਹੜਾ ਵਰਤਿਆ ਜਾਵੇ? ਇਸ ਵਾਸਤੇ ਯੱਗ ਕਰਨੇ ਆਰੰਭ ਹੋਏ। "ਯਜੁਰ ਵੇਦ" ਇਸ ਵਿੱਚ ਬਲੀਦਾਨ ਅਤੇ ਯੱਗ ਹੋਮ ਦਾ ਵਰਨਣ ਹੈ। ਅਥਰਵ ਵੇਦ ਇਸ ਵਿੱਚ ਮੰਤਰ, ਟੂਣੇ, ਜਾਦੂ ਆਦਿ ਦਾ ਵਰਨਣ ਅਤੇ ਇਸ ਦੇ ੭੬੦ ਮੰਤਰ ਹਨ। ਅਗਨੀ ਨੂੰ ਦੇਵੀ ਦੇਵਤਿਆਂ ਦੀ ਜੀਭ ਬਲਕਿ ਸਾਰੇ ਯੱਗਾਂ ਦਾ ਆਧਾਰ ਅਗਨ ਦੇਵਤਾ ਮੰਨਿਆਂ ਗਿਆ ਹੈ। ਇਸ ਕਰਕੇ ਲੋਹੜੀ ਜੱਗਾਂ ਦੀ ਅਰੰਭਤਾ ਦਾ ਸੂਚਕ ਮੰਨੀ ਜਾਂਦੀ ਹੈ। ਇਵੇਂ ਲੋਹੜੀ ਵਾਲੇ ਦਿਨ, ਜਾਣੇ ਅਣਜਾਣੇ, ਅਗਨ ਦੇਵਤਾ ਦੀ ਖੂਬ ਪੂਜਾ ਕੀਤੀ ਜਾਂਦੀ ਹੈ। ਇਸ ਦੇ ਨਾਲ ਸਾਨੂੰ ਇਹ ਵੀ ਸੋਚਣ ਦੀ ਲੋੜ ਹੈ ਕਿ ਇਸ ਮਨਮਤਿ ਨਾਲ, ਅਸੀਂ ਆਪਣੀ ਸੰਤਾਨ ਨੂੰ ਵਿਰਾਸਤ ਵਿੱਚ ਕਿਹੜੀ ਸਿੱਖੀ ਦੇ ਰਹੇ ਹਾਂ?

ਲੋਹੜੀ ਅਤੇ ਸਗਨ-ਅਪਸਗਨ-ਗੁਰਬਾਣੀ ਦਾ ਫੁਰਮਾਨ ਹੈ-ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ (੪੦੧) ਭਾਵ ਇਨੈਹਾਂ ਸਗਨਾਂ-ਅਪਸਗਨਾਂ ਦੇ ਚੱਕਰ ਵਿੱਚ ਉਹੀ ਲੋਕ ਪੈਂਦੇ ਨੇ, ਜਿਨੈਹਾਂ ਨੂੰ ਰੱਬ ਯਾਦ ਨਹੀਂ ਅਉਂਦਾ ਪਰ ਪੈਰਮਾਤਮਾ ਵਿੱਚ ਵਿਸ਼ਵਾਸ ਰੱਖਣ ਵਾਲੇ ਕਦੇ ਸਗਨਾਂ-ਅਪਸਗਨਾਂ ਦੇ ਵਹਿਮ ਵਿੱਚ ਨਹੀਂ ਪੈਂਦੇ। ਭਾਰਤ ਵਿੱਚ ਬਹੁਤਾ, ਹਿੰਦੂ ਬ੍ਰਾਹਮਣ ਦਾ ਪੈਰਭਾਵ ਹੋਣ ਕਰਕੇ, ਫਸਲਾਂ ਵੀ ਸਗਨ ਅਪਸਗਨ ਦੇਖ ਕੇ ਬੀਜੀਆਂ ਜਾਂਦੀਆਂ ਅਤੇ ਅੱਜ ਵੀ ਅਜਿਹਾ ਕੀਤਾ ਜਾ ਰਿਹਾ ਹੈ। ਇਸ ਕਰਕੇ ਲੋਹੜੀ ਦੇ ਸ਼ੁਭ ਸ਼ਗਨਾਂ ਦੇ ਨਾਮ ਤੇ ਪਹਿਲੇ ਚੌਵੀ ਘੰਟੇ ਸਗਨਾਂ ਨੂੰ ਹੀ ਸਮੈਰਪਤ ਹੁੰਦੇ ਹਨ। ਮਾਘ ਰਿੱਧੀ ਪੋਹ ਖਾਧੀ ਦੇ ਕਥਨ ਅਨੁਸਾਰ ਪੰਜਾਬ ਵਿੱਚ ਰਾਤ ਨੂੰ ਪੋਹ ਮਹੀਨੇ ਦੇ ਆਖਰੀ ਦਿਨ, ਖਿਚੜੀ ਰਿੰਨੈਹ ਲਈ ਜਾਂਦੀ ਅਤੇ ਸਵੇਰੇ ਮਾਘੀ ਦੀ ਸੰਗਰਾਂਦ ਵਾਲੇ ਦਿਨ ਖਾਧੀ ਜਾਂਦੀ ਹੈ। ਉਚੇਚੇ ਰਾਤ ਨੂੰ ਰਿੰਨੈਹ ਕੇ, ਸਵੇਰੇ ਖਾਣ ਵੇਲੇ, ਇਸ ਸਗਨ ਪਿੱਛੇ ਅੰਨ ਦੇਵਤੇ ਪਾਸੋਂ ਕਾਮਨਾ ਕੀਤੀ ਜਾਂਦੀ ਹੈ ਕਿ ਅੰਨ ਭੰਡਾਰ ਹਰ ਸਵੇਰ ਚਲਦਾ ਅਤੇ ਫ਼ਸਲਾਂ ਸਦਾ ਵਧਦੀਆਂ ਫੁਲਦੀਆਂ ਰਹਿਣ। ਜਰਾ ਸੋਚੋ! ਕੀ ਫਸਲਾਂ ਚੰਗੀ ਦੇਖ-ਭਾਲ, ਚੰਗੇ ਵਾਤਾਵਰਣ ਅਤੇ ਵਧੀਆ ਮੌਸਮ ਨਾਲ ਵਧਦੀਆਂ ਫੁੱਲਦੀਆਂ ਹਨ ਜਾਂ ਕਿਸੇ ਮੰਤਰ ਪੜੈਹਨ ਜਾਂ ਸਗਨ-ਅਪਸਗਨ ਮੰਨਣ ਨਾਲ?

ਠੰਡੀ ਸਿਆਲੀ ਰੁੱਤ ਹੋਣ ਕਰਕੇ ਪੁਰਾਨੇ ਸਮੇਂ ਲੋਕ ਠੰਡ ਤੋਂ ਬਚਨ ਲਈ ਗਲੀਆਂ, ਚੌਰਾਹਿਆਂ ਅਤੇ ਮੁਹੱਲਿਆਂ ਵਿੱਚ ਲੱਕੜ ਦੇ ਵੱਡੇ-ਵੱਡੇ ਖੁੰਡਾਂ, ਗੋਹਿਆਂ ਆਦਿਕ ਦੀ ਅੱਗ ਬਾਲ ਕੇ ਸੇਕਦੇ, ਤਿਲ-ਗੁੜ ਦੀਆਂ ਬਣੀਆਂ ਰਿਉੜੀਆਂ, ਮੂੰਗਫਲੀ ਆਦਿਕ ਖਾਂਦੇ ਅਤੇ ਖੁਸ਼ੀ ਦੇ ਗੀਤ ਗਾਉਂਦੇ ਸਨ। ਵੇਖਾਵੇ ਵਾਲੇ ਧਰਮ ਅਤੇ ਵਹਿਮ-ਭਰਮ-ਪਾਖੰਡ ਦੇ ਨਾਂ ਤੇ, ਪੇਟ ਪਾਲਣ ਵਾਲੇ ਪੁਜਾਰੀ, ਹਰ ਵੇਲੇ ਇਸ ਤਾਕ ਵਿੱਚ ਰਹਿੰਦੇ ਹਨ ਕਿ ਜਿਸ ਕਰਮ ਵੱਲ ਲੋਕਾਂ ਦਾ ਝੁਕਾ ਵੱਧ ਹੈ ਕਿਉਂ ਨਾਂ ਉਸ ਨੂੰ ਧਰਮ ਨਾਲ ਜੋੜ ਕੇ, ਪੂਜਾ ਦੇ ਨਾਂ ਤੇ, ਸ਼ਰਧਾਲੂਆਂ ਤੋਂ ਮਾਇਆ ਦੇ ਗੱਫੇ ਬਟੋਰੇ ਜਾਣ। ਅੱਗ ਨੂੰ ਵੇਦਾਂ ਵਿੱਚ ਦੇਵਤਿਆਂ ਦੀ ਜੀਭ ਮੰਨਿਆਂ ਗਿਐ ਜੋ ਇਸ ਵਿੱਚ ਭੇਟਾ ਕੀਤਾ ਜਾਵੇ, ਉਹ ਸਿੱਧਾ ਦੇਵਤਿਆਂ ਨੂੰ ਪਹੁੰਚ ਜਾਂਦੈ ਅਤੇ ਦੇਵੀ-ਦੇਵਤਾ ਪੈਰਸੰਨ ਹੋ ਕੇ ਵਰ ਦਿੰਦੇ ਹਨ। ਇਹ ਸਾਰਾ ਕੁਝ ਪੁਜਾਰੀ ਰਾਹੀਂ ਕਰਵਾਇਆ ਜਾਵੇ ਤਾਂ ਜਲਦੀ ਪਹੁੰਚਦਾ ਹੈ। ਪੁਜਾਰੀ ਲੋਕ ਚੰਗੇ ਮੰਦੇ ਸਮੇਂ ਦੇ ਸਗਨ-ਅਪਸਗਨ ਵੀ ਦਸਦੇ ਹਨ। ਲੋਕ ਡਰਦੇ ਨੇ ਕਿ ਕਿਤੇ ਅਪਸ਼ਗਨ ਨਾਂ ਹੋ ਜਾਵੇ, ਇਸ ਲਈ ਉਹ ਹਰ ਕੰਮ ਭਾਂਵੇ ਉਹ ਖੁਸ਼ੀ, ਗਮੀ, ਬੀਜ-ਬਜਾਈ, ਖਾਨ-ਪਾਨ ਜਾਂ ਕੋਈ ਘਰ, ਜਮੀਨ ਆਦਿਕ ਖੈਰੀਦਨ ਦਾ ਹੋਵੇ, ਜਨਮ ਤੋਂ ਮਰਨ ਤੱਕ ਇਨੈਹਾਂ ਅਖੌਤੀ ਧਰਮ ਪੁਜਾਰੀਆਂ ਤੋਂ ਪੁੱਛ ਕੇ ਕਰਦੇ ਹਨ। ਇਵੇਂ ਹੀ ਲੋਹੜੀ ਵਾਲੇ ਦਿਨ ਜਿੱਥੇ ਆਮ ਲੋਕ ਘਰਾਂ ਵਿੱਚੋਂ ਗੁੜ, ਮੂੰਗਫਲੀਆਂ ਅਤੇ ਰਿਉੜੀਆਂ ਇਕੱਠੀਆਂ ਕਰਕੇ ਲਿਆਉਂਦੇ ਅਤੇ ਠੰਡ ਤੋਂ ਬਚਣ ਲਈ ਅੱਗ ਦੇ ਅੰਗੀਠੇ ਦੁਆਲੇ ਬੈਠ ਕੇ ਖਾਂਦੇ ਸਨ। ਫਿਰ ਬ੍ਰਾਹਮਣ ਪੁਜਾਰੀ ਦੇ ਕਹਿਣ 'ਤੇ, ਅਗਨ ਦੇਵਤਾ ਨੂੰ ਖੁਸ਼ ਕਰਨ ਲਈ, ਤਿਲ ਆਦਿਕ ਸਮਗਰੀ ਅਗਨਿ ਭੇਟ ਅਤੇ ਸੰਗਰਾਂਦ ਆਦਿਕ ਦਿਨਾਂ 'ਤੇ, ਧਰਮ ਅਸਥਾਨਾਂ ਉਪਰ ਪਹੁੰਚ ਕੇ, ਮਨ ਚਾਹਿਆ ਦਾਨ ਕਰਨ ਲੱਗ ਪਏ। ਜਿਸ ਨਾਲ ਪੁਜਾਰੀ ਬਾਮੈਹਣ ਭਾਊ ਦਾ ਹਲਵਾ ਮੰਡਾ ਖੂਬ ਚੱਲਣ ਲੱਗ ਪਿਆ। ਉਸ ਨੇ ਏਵੇਂ ਦੇ ਪੁੰਨਿਆਂ, ਮੱਸਿਆ, ਸੰਗਰਾਂਦ, ਦਸਵੀਂ, ਪੰਚਕਾਂ, ਹੋਲੀ, ਲੋਹੜੀ ਆਦਿਕ ਅਨੇਕ ਦਿਨ ਦਿਹਾਰ, ਮੇਲਿਆਂ ਦੇ ਵੱਡੇ ਇਕੱਠ ਦੇ ਰੂਪ ਵਿੱਚ ਮਨਾਉਣੇ ਸ਼ੁਰੂ ਕਰ ਦਿੱਤੇ। ਜਿਹਨਾਂ ਨੂੰ ਇਸੇ ਬ੍ਰਾਹਮਣ ਦੇ ਬਦਲਵੇਂ ਰੂਪ ਉਦਾਸੀ, ਨਿਰਮਲੇ, ਸੰਤ, ਮਹੰਤ, ਅਜੋਕੇ ਡੇਰੇਦਾਰ ਅਤੇ ਸੰਪੈਰਦਾਈ ਗਰੰਥੀਆਂ ਨੇ ਵੀ ਰੋਜੀ ਰੋਟੀ ਲਈ ਅਪਣਾਅ ਲਿਆ। ਇਹਨਾਂ ਦਿਨਾਂ ਤੇ ਪਾਠਾਂ ਦੀਆਂ ਇਕੋਤਰੀਆਂ, ਕੀਰਤਨ ਦਰਬਾਰ, ਜੱਗ, ਹਵਨ ਆਦਿਕ ਕਰ, ਵੱਡੀਆਂ-੨ ਭੇਟਾਵਾਂ ਲੈ ਕੇ, ਜਨਤਾ ਨੂੰ ਲੁੱਟਿਆ ਜਾਂਦਾ ਹੈ।

ਹੁਣ ਸਿੱਖਾਂ ਦੇ ਡੇਰਿਆਂ ਅਤੇ ਕੁਝ ਸੰਸਥਾਵਾਂ ਨੇ ਇਸ ਬਹਾਨੇ ਫੰਡ ਇਕੱਠਾ ਕਰਨ ਅਤੇ ਮੀਡੀਏ ਵਿੱਚ ਆਏ ਰਹਿਣ ਲਈ ਪੁੱਤਾਂ ਦੀ ਥਾਂ ਧੀਆਂ ਦੀਆਂ ਲੋਹੜੀਆਂ ਮਨਾਉਂਣੀਆਂ ਸ਼ੁਰੂ ਕਰ ਦਿੱਤੀਆਂ ਹਨ। ਜਰਾ ਸੋਚੋ! ਜਿਸ ਤਿਉਹਾਰ ਨਾਲ ਸਾਡਾ ਸਬੰਧ ਹੀ ਕੋਈ ਨਹੀਂ ਉਸ ਨੂੰ ਧੀਆਂ-ਪੁੱਤਾਂ ਨਾਲ ਕਿਵੇਂ ਜੋੜਿਆ ਜਾ ਸਕਦਾ ਹੈ।

ਅੱਜ ਪੁਰਾਣਾ ਜਮਾਨਾਂ ਨਹੀਂ ਕਿ ਠੰਡ ਤੋਂ ਬਚਣ ਲਈ, ਲਕੜਾਂ-ਗੋਹਿਆਂ ਆਦਿਕ ਦੀਆਂ ਅੱਗਾਂ ਬਾਲ ਕੇ ਹੀ, ਨਿੱਘ ਪੈਰਾਪਤ ਕੀਤਾ ਜਾ ਸਕੇ। ਅੱਜ ਦੇ ਜਮਾਨੇ ਵਿੱਚ ਮਣਾਂ-ਮੂੰਹੀਂ ਅਨਾਜ਼ ਸਾੜਨਾ ਮੂਰਖਤਾ ਨਹੀਂ ਤਾਂ ਹੋਰ ਕੀ ਹੈ? ਜਿਸ ਸ਼ੇਰ ਮਰਦ ਗੁਰੂ ਨਾਨਕ ਸਾਹਿਬ ਨੇ, ਡੰਕੇ ਦੀ ਚੋਟ ਨਾਲ ਔਰਤ ਅਤੇ ਮਰਦ ਨੂੰ ਬਾਬਰਤਾ ਦਿੱਤੀ ਸੀ, ਕੀ ਇਹ ਧੀਆਂ ਦੀਆਂ ਲੋਹੜੀਆਂ ਮਨਾਉਣ ਵਾਲੇ ਬਰਾਬਰਤਾ ਦੇ ਅਧਾਰ ਤੇ ਆਪਣੀਆਂ, ਮਾਵਾਂ, ਭੈਣਾਂ, ਧੀਆਂ ਨੂੰ ਪੰਜਾਂ ਪਿਆਰਿਆਂ ਦੀ ਦੇਗ, ਸੈਰੀ ਦਰਬਾਰ ਸਾਹਿਬ ਅੰਮ-ਤਸਰ ਵਿਖੇ ਕੀਰਤਨ, ਗਰੰਥੀ, ਪੰਜਾਂ ਤਖਤਾਂ ਚੋਂ ਕਿਸੇ ਤਖਤ ਦੀ ਜਥੇਦਾਰੀ ਦੀ ਸੇਵਾ ਅਤੇ ਪੰਜਾਂ ਪਿਆਰਿਆਂ ਵਿੱਚ ਸ਼ਾਮਲ ਹੋ, ਖੰਡੇ ਬਾਟੇ ਦੀ ਪਹੁਲ ਤਿਆਰ ਕਰਨ ਦੀ ਮਾਨਤਾ, ਦੇਣ ਜਾਂ ਦਿਵਾਉਣ ਲਈ, ਯਤਨਸ਼ੀਲ ਸਿੱਖ ਸੰਸਥਾਵਾਂ ਦਾ ਸਾਥ ਦੇਣਗੇ? ਲੋਹੜੀ ਬਾਲਣ ਵਾਲੇ ਇਹ ਦੱਸਣਗੇ ਕਿ ਸ਼ਬਦ ਗੁਰੂ ਗਰੰਥ ਵਿਖੇ, ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਆਪਣੇ ਗੁਰਮਤੀ ਜੀਵਨ-ਕਾਲ ਸਮੇਂ, ਧੀਆਂ-ਪੁੱਤਾਂ ਦੀਆਂ ਲੋਹੜੀਆਂ ਬਾਲੀਆਂ ਸਨ? ਕੀ ਬੇਬੇ ਨਾਨਕੀ, ਮਾਤਾ ਖੀਵੀ, ਮਾਤਾ ਗੰਗਾ, ਬੀਬੀ ਵੀਰੋ, ਮਾਤਾ ਗੁਜਰੀ, ਮਾਤਾ ਜੀਤੋ, ਮਾਤਾ ਭਾਗ ਕੌਰ, ਬੀਬੀ ਸ਼ਰਨ ਕੌਰ ਆਦਿਕ ਸਿੱਖ ਬੀਬੀਆਂ ਨੇ ਵੀ, ਗੁਰਮਤਿ

ਸੁਖਬੀਰ ਬਾਦਲ ਨੂੰ ਮੁੜ ਤੋਂ ਪੰਜਾਬ ਦੀ ਸੱਤਾ ਤੇ ਕਾਬਜ਼ ਹੋਣ ਦਿੱਤਾ ਤਾਂ ਉਹ ਪੰਜਾਬ ਦਾ ਮੁੜ ਤੋਂ ਸੱਤਿਆਨਾਸ਼ ਕਰ ਦੇਵੇਗਾ- ਸਿੱਧੂ

ਭਰੋਸੇ ਦਾ ਪ੍ਰਤੀਕ ਰੈਲੀ ਵਿਚ ਲੋਕਾਂ ਨੇ ਧਾਲੀਵਾਲ ਤੇ ਦਿਖਾਇਆ ਭਰੋਸਾ

ਫਗਵਾੜਾ (ਬੀਕੇ ਰੱਤੂ)– ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਫਗਵਾੜਾ ਦੀ ਦਾਣਾ ਮੰਡੀ ਵਿਖੇ ਭਰੋਸੇ ਦਾ ਪ੍ਰਤੀਕ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ

ਮੁੱਖ ਮਹਿਮਾਨ ਵਜੋਂ ਪੀ ਪੀ ਸੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸ਼ਿਰਕਤ ਕੀਤੀ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਹੋਈ ਇਸ ਰੈਲੀ ਵਿੱਚ ਵਿਧਾਨ ਸਭਾ ਹਲਕਾ ਫਗਵਾੜਾ ਦੇ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਦੇਖਣ ਨੂੰ ਮਿਲਿਆ। ਜਿੱਥੇ ਦੱਸ ਹਜ਼ਾਰ ਤੋਂ ਵੱਧ ਲੋਕਾਂ ਦੀ ਇਕੱਤਰਤਾ ਨੇ ਕਾਂਗਰਸੀ ਆਗੂਆਂ ਦੇ ਹੌਸਲੇ ਵਧਾ ਦਿੱਤੇ ਅਤੇ ਹੋਰ ਸਿਆਸੀ ਪਾਰਟੀਆਂ ਦੀ ਰਣਨੀਤੀ ਖੇਰੂੰ ਖੇਰੂੰ ਕਰ ਦਿੱਤੀ। ਇੱਥੋਂ ਤਕ ਕਿ ਪੰਡਾਲ ਨੂੰ ਵੀ ਖੋਲ੍ਹ ਕੇ ਹੋਰ ਵੱਡਾ ਕਰਨਾ ਪਿਆ ਤਾਂ ਜੋ ਸੰਗਤ ਦੇ ਬੈਠਣ ਦਾ ਇੰਤਜ਼ਾਮ ਕੀਤਾ ਜਾ ਸਕੇ। ਦੋ ਤੋਂ ਚਾਰ ਹਜ਼ਾਰ ਦੀ ਇਕੱਤਰਤਾ ਵਾਲੇ ਪੰਡਾਲ ਵਿੱਚ ਦੱਸ ਤੋਂ ਬਾਰਾਂ ਹਜ਼ਾਰ ਲੋਕ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਅਤੇ ਨਵਜੋਤ ਸਿੰਘ ਸਿੱਧੂ ਦੇ ਵਿਚਾਰ ਸੁਣਨ ਲਈ ਪੁੱਜੇ। ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਆਪ ਮੁਹਾਰੇ ਆ ਕੇ ਹਰ ਇੱਕ ਨਾਗਰਿਕ ਨਾਲ ਨੂੰ ਜੀ ਆਇਆਂ ਆਖਿਆ ਅਤੇ ਰੈਲੀ ਨੂੰ ਕਾਮਯਾਬ ਕਰਨ ਲਈ ਧੰਨਵਾਦ ਵੀ ਕਿਹਾ। ਸੰਬੋਧਨ ਕਰਦੇ ਹੋਏ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਾਂਗਰਸ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਬਾਰੇ ਵਿਸਥਾਰ ਨਾਲ ਲੋਕਾਂ ਨਾਲ ਗੱਲਬਾਤ ਕੀਤੀ। ਉਥੇ ਹੀ ਇਕੱਤਰ ਹੋਈ ਸੰਗਤ ਨੂੰ ਨਵਜੋਤ ਸਿੰਘ ਸਿੱਧੂ ਨੇ ਸੰਬੋਧਨ ਕਰਨ ਤੋਂ ਪਹਿਲਾਂ ਵਿਧਾਇਕ ਧਾਲੀਵਾਲ ਨੂੰ ਜਿਤ ਦਾ ਥਾਪੜਾ ਦਿਤਾ ਅਤੇ ਬਾਦ ਵਿਚ ਵਿਰੋਧੀਆਂ ਦੇ ਜੰਮਕੇ ਕੱਚੇ ਚਿੱਠੇ ਖੋਲ੍ਹੇ। ਉਨ੍ਹਾਂ ਕਿਹਾ ਕਿ ਜੇ ਸੁੱਖੇ ਗੱਪੀ ਨੂੰ ਮੁੜ ਤੋਂ ਪੰਜਾਬ ਦੀ ਸੱਤਾ ਤੇ ਕਾਬਜ਼ ਹੋਣ ਦਿੱਤਾ ਤਾਂ ਉਹ ਪੰਜਾਬ ਦਾ ਮੁੜ ਤੋਂ ਸੱਤਿਆਨਾਸ਼ ਕਰ ਦੇਵੇਗਾ।

ਅਕਾਲੀ ਦਲ ਭਾਜਪਾ ਤੇ ਕੈਪਟਨ ਤਿੰਨੋਂ ਮਸੇਰੇ ਭਰਾ ਹਨ ਤੇ ਪੰਜਾਬ ਦੀ ਸੱਤਾ ਵਿੱਚ ਵਾਰੀ ਵਾਰੀ ਖੇਡਦੇ ਆਏ ਹਨ। ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਘਾਣ ਕੀਤਾ ਹੈ। ਜਿਸ ਕਾਰਨ ਪੰਜਾਬ ਦੇ ਨੋਜਵਾਨ ਪੰਜਾਬ ਛੱਡਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ। ਮਹਿੰਗਾਈ ਦੀ ਮਾਰ ਕਾਰਨ ਗ਼ਰੀਬ ਵਰਗ ਦੱਬਿਆ ਕੁਚਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸੱਤਾ ਇਸ ਵੇਲੇ ਪੰਜਾਬ ਦੇ ਲੋਕਾਂ ਕੋਲ ਹੈ ਤੇ ਪੰਜਾਬ ਦੇ ਲੋਕਾਂ ਦੀ ਨੁਮਾਇੰਦਗੀ ਉਨ੍ਹਾਂ ਦਾ ਆਪਣਾ ਇਮਾਨਦਾਰ ਚਰਨਜੀਤ ਸਿੰਘ ਚੰਨੀ ਕਰ ਰਿਹਾ ਹੈ। ਉਨ੍ਹਾਂ ਲੋਕਾਂ ਤੋਂ ਸਮਰਥਨ ਮੰਗਦੇ ਹੋਏ ਕਿਹਾ ਕਿ ਜੇਕਰ ਮੁੜ ਤੋਂ ਲੋਕਾਂ ਨੇ ਪੰਜਾਬ ਦੀ ਸੱਤਾ ਸਾਨੂੰ ਦਿੱਤੀ ਤਾਂ ਆਉਣ ਵਾਲੇ ਦਿਨਾਂ ਵਿੱਚ ਨਵਾਂ ਨਰੋਆ ਪੰਜਾਬ ਬਣਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਘਰ ਘਰ ਨੌਕਰੀ ਅਤੇ ਗ਼ਰੀਬ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਆਉਣ ਤੋਂ ਪਹਿਲਾਂ ਪੰਜਾਬ ਵਿੱਚ ਕਈ ਤਰ੍ਹਾਂ ਦੇ ਮਾਫ਼ੀਆ ਰਾਜ ਚੱਲ ਰਹੇ ਸਨ। ਇਨ੍ਹਾਂ ਮਾਫ਼ੀਆ ਰਾਜ ਕਰਕੇ ਪੰਜਾਬ ਉੱਤੇ ਹਜ਼ਾਰਾਂ ਕਰੋੜ ਦਾ ਕਰਜ਼ਾ ਹੋ ਗਿਆ ਅਤੇ ਘਪਲੇਬਾਜ਼ਾਂ ਕਾਰਨ ਪੰਜਾਬ ਦੇ ਖ਼ਜ਼ਾਨੇ ਖਾਲੀ ਹੋ ਗਏ। ਜਿਸ ਕਾਰਨ ਉਨ੍ਹਾਂ ਨੂੰ ਨਵੇਂ ਪ੍ਰਾਜੈਕਟ ਚਲਾਉਣ ਵਿਚ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਫਗਵਾੜਾ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਝਾੜੂ ਦੇ ਖਿਲਰੇ ਹੋਏ ਤਿਣਕਿਆਂ ਬਾਰੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਤੋ ਦਿੱਲੀ ਦੀ ਸੱਤਾ ਵਿੱਚ ਕਾਬਜ਼ ਹੋਣ ਤੋਂ ਬਾਅਦ ਵੀ ਕੋਈ ਵਿਕਾਸ ਕਾਰਜ ਨਹੀਂ ਹੋਇਆ ਉਹ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ।ਭਾਜਪਾ ਵਲੋਂ ਲਗਾਏ ਪੋਸ਼ਟਰਾਂ ਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਦਿਲੀ ਜਿਤ ਕਿਸਾਨਾ ਦੀ ਜਿਤ ਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਲੇ ਕਾਨੰਨ ਰੱਦ ਨਹੀ ਕੀਤੇ ਸਗੋ ਕਿਸਾਨਾ ਨੇ ਮੋਦੀ ਦੇ ਗਲੇ ਵਿਚ ਗੂਠਾ ਦੇਕੇ ਕਾਨੂੰਨ ਰੱਦ ਕਰਵਾਏ ਹਨ।ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵਿਧਾਇਕ ਧਾਲੀਵਾਲ ਨੂੰ ਥਾਪੜਾ ਦਿੰਦੇ ਹੋਏ ਕਿਹਾ ਕਿ ਇਹ ਰੈਲੀ ਨਹੀ ਰੈਲਾ ਹੈ।ਕਾਮਯਾਬ ਰੈਲੀ ਲਈ ਵਿਧਾਇਕ ਧਾਲੀਵਾਲ ਵਧਾਈ ਦੇ ਪਾਤਰ ਹਨ।ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵਲੋਂ ਪੀਪੀਸੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਕਿਰਪਾਨ ਸਾਹਬ ਅਤੇ ਲੋਈ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਰੈਲੀ ਵਿਚ ਵਿਧਾ ਸਭਾ ਹਲਕਾ ਫਗਵਾੜਾਂ ਦੇ ਪਿੰਡਾਂ ਅਤੇ ਸ਼ਹਿਰ ਚੋਂ ਵੱਡੀ ਗਿਣਤੀ ਵਿਚ ਬਲਾਕ ਸੰਮਤੀ, ਸਰਪੰਚ, ਪੰਚ,ਸਾਬਕਾ ਕੌਂਸਲਰ,ਯੂਥ ਵਿੰਗ,ਮਹਿਲਾ ਵਿੰਗ ਤੋਂ ਵੱਡੀ ਗਿਣਤੀ ਵਿਚ ਸ਼ਹਿਰ ਵਸੀ ਹਾਜਰ ਹੋਏ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



ਅਮਰੀਕਾ ਦੇ ਪਰਵਾਸੀ ਪੰਜਾਬੀਆਂ ਵਲੋ ਪੰਜਾਬ ਦੀਆਂ ਜੁਝਾਰੂ ਕਿਸਾਨ ਜਥੇਬੰਦੀਆਂ ਨੂੰ ਚੋਣ ਨਾ ਲੜਨ ਦੀ ਬੇਨਤੀ

ਫਰਿਜ਼ਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)– "ਲਮਹੋਂ ਨੇ ਖਤਾਹ ਕੀ, ਸਦੀਓਂ ਨੇ ਸਜ਼ਾ ਪਾਈ! ਇਹ ਬੋਲ ਸਨ ਕੈਲੀਫੋਰਨੀਆਂ ਦੇ ਕੁਝ ਕੁ ਬੁੱਧੀਜੀਵੀ ਸੱਜਣਾਂ ਦੇ। ਪਿਛਲੇ ਦਿਨੀਂ ਸੈਂਟਰਲਵੈਲੀ ਕੈਲੀਫੋਰਨੀਆਂ ਦੇ ਕੁਝ ਕੁ ਬੁੱਧੀਜੀਵੀ ਸੱਜਣਾਂ ਦੀ ਇੱਕ ਅਹਿਮ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਡਾ। ਇਕਵਿੰਦਦਰ ਸਿੰਘ ਗਿੱਲ (ਸਾਨ ਫਰਾਂਸਿਸਕੋ), ਡਾ ਹਰਬਿੰਦਰ ਸਿੰਘ ਗਰੇਵਾਲ (ਸਾਨ ਹੋਜ਼ੇ), ਅਮਰਜੀਤ ਸਿੰਘ (ਸੈਕਰਾਮੈਂਟੋ), ਗੁਲਿੰਦਰ ਸਿੰਘ ਗਿੱਲ (ਸੈਕਰਾਮੈਂਟੋ), ਅਜੀਤ ਸਿੰਘ ਭੱਠਲ (ਬੇਕਰਸਫੀਲਡ), ਰਣਜੀਤ ਸਿੰਘ ਗਿੱਲ (ਫਰਿਜਨੋ), ਬਲਬਹਾਦੁਰ ਸਿੰਘ (ਲੋਡ੍ਹਾਈ), ਡਾ ਬਲਜੀਤ ਸਿੰਘ ਗਰੇਵਾਲ (ਲਾਸ ਏਂਜਲਸ) ਆਦਿ ਸ਼ਾਮਲ ਹੋਏ। ਇਹਨਾਂ ਸਾਰੇ ਸੱਜਣਾਂ ਨੇ ਮੀਟਿੰਗ ਤੋ ਬਾਅਦ ਇੱਕ ਪ੍ਰੈਸ ਨੋਟ ਜਾਰੀ ਕਰਕੇ ਪੰਜਾਬ ਦੀਆ ਕਿਸਾਨ ਜਥੇਬੰਦੀਆਂ ਨੂੰ ਪੰਜਾਬ ਵਿੱਚ ਚੋਣਾਂ ਨਾ ਲੜਨ ਦੀ ਅਪੀਲ ਕੀਤੀ 'ਤੇ ਕਿਹਾ, ਵੀਰੋ ਪੰਜਾਬ ਦੀ ਅਸਮਤ ਦਾ, ਇਜ਼ਤ ਦਾ, ਭਵਿੱਖ ਦਾ ਫੈਸਲਾ ਵੀ, ਤੇ ਮੌਕਾ ਵੀ, ਅੱਜ "ਤੁਹਾਡੇ ਹੱਥ ਹੈ"। ਤੁਹਾਡੇ "ਏਕੇ" ਨੇ ਇਕ ਮਹਾਂ-ਯੁੱਧ ਜਿੱਤਕੇ, ਜਿੱਥੇ ਕਾਰਪੋਰੇਟ ਘਰਾਣਿਆਂ ਦੇ ਹੌਂਸਲੇ ਪਸਤ ਕਰਕੇ, ਸੰਸਾਰ ਦੇ ਮਜ਼ਦੂਰ ਅਤੇ ਕਿਸਾਨਾਂ ਲਈ ਇਕ ਮਿਸਾਲ ਕਾਇਮ ਕੀਤੀ ਹੈ। ਪੰਜਾਬ ਦੀਆਂ ਅਗਾਊਂ ਚੋਣਾਂ ਇਕੱਲਿਆਂ ਲੜਨ ਦਾ ਤੁਹਾਡਾ ਫੈਸਲਾ ਕਿਤੇ, ਪੁਰਾਣੀਆਂ ਜਮਹੂਰੀ ਤਾਕਤਾਂ ਲਈ, ਮੁੜ ਸਤ੍ਹਾ 'ਤੇ ਕਾਬਜ਼ ਹੋਣ ਦਾ ਰਾਹ ਪੱਧਰਾ ਨਾ ਕਰ ਦੇਵੇ। ਅੱਜ ਮੌਕਾ ਹੈ ਵੀਰੋ, ਜਿਸ ਤਰਾਂ ਤੁਸੀਂ "ਖਾੜੀ-ਬੰਗਾਲ" ਵਿੱਚ ਜਾ ਕੇ, ਧੂੰਆਂ -ਧਾਰ ਪ੍ਰਚਾਰ ਕਰਕੇ " ਜਾਗਰੂਕਤਾ" ਦਾ ਹੋਕਾ ਦਿੱਤਾ ਸੀ, ਅੱਜ ਓਸੇ ਤਰਾਂ ਦਾ "ਕਰਮ- ਯੁੱਧ ਮੋਰਚਾ" ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ, ਤੁਹਾਡੇ ਮੂਹਰੇ ਹੱਥ ਜੋੜੀ ਖੜ੍ਹਾ ਹੈ। ਤੁਹਾਡੇ ਏਕੇ ਦੀ ਸ਼ਕਤੀ ਨੇ ਬਹੁਤ "ਸੂਝ-ਬੂਝ" ਅਤੇ ਉੱਚੇ "ਇਖ਼ਲਾਕ" ਦਾ ਸਬੂਤ ਦਿੱਤਾ ਹੈ। ਪੰਜਾਬ ਵਿੱਚ ਸਾਰੀਆਂ ਭਰਿਸ਼ਟ ਤਾਕਤਾਂ, ਪੰਜਾਬ ਦੇ ਲੋਕਾਂ ਨੂੰ ਧਰਮਾਂ, ਜਾਤਾਂ-ਪਾਤਾਂ, ਮਜ਼ਦੂਰਾਂ, ਕਿਸਾਨਾਂ, ਦਲਿਤਾਂ -ਸ਼ੂਦਰਾਂ 'ਚ ਵੰਡਕੇ, ਝੂਠੇ ਲਾਰੇ, ਵਾਹਦੇ ਤੇ ਐਲਾਨਾਂ ਦੀਆਂ ਝੜੀਆਂ ਲਾ-ਲਾਅ ਕੇ, ਤੁਹਾਡੇ ਮੋਰਚੇ ਦਾ ਸਾਥ ਦੇਣ ਵਾਲ਼ੇ ਗਰੀਬ ਵਰਗ ਨੂੰ ਵਰਗਲ਼ਾਅ ਰਹੀਆਂ ਨੇ।

ਅੱਜ ਬੰਗਾਲ ਵਾਲ਼ੇ ਹੋਕੇ ਦੀ ਫੇਰ ਲੋੜ ਐ ਵੀਰੋ। ਆਓ ਇਕੱਠੇ ਹੋ ਕੇ ਪਹਿਲਾਂ ਇਹਨਾਂ ਨੂੰ "ਰੋਕੋ"। ਇਹਨਾਂ ਦਾ ਪਾਇਆ ਗੰਦ "ਵੀਹ ਸੌ ਬਾਈ" ਵਿੱਚ ਸਾਫ ਕਰ ਲਵਾਂਗੇ।

ਤੁਹਾਡੀ ਸੁਚੱਜੀ ਰਹਿਨੁਮਾਈ ਨੇ, ਪੰਜਾਬ ਦੀ ਮਿੱਟੀ ਦੀ "ਮਾਲਕੀ" ਦਾ ਯੁੱਧ ਜਿੱਤਿਆ ਹੈ। ਵੇਖਿਓ ਕਿਤੇ ਤਹਾਡੇ ਸਿਰਾਂ ਉੱਪਰ ਸਜਿਆ ਇਹ "ਜਿੱਤ ਦਾ ਤਾਜ" ਜਮਹੂਰੀ ਤਾਕਤਾਂ ਦੇ ਪੈਰਾਂ ਹੇਠ ਨਾ ਦਰੜਿਆ ਜਾਵੇ।

ਪੰਜ ਰਾਸ਼ਟਰਾਂ ਵੱਲੋਂ ਪਰਮਾਣੂ ਹਥਿਆਰਾਂ ਦੀ ਹੋੜ ਖ਼ਤਮ ਕਰਨ ਦਾ ਐਲਾਨ

ਬੀਜਿੰਗ – ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਂਟੋਨੀਓ ਗੁਤਰਸ ਨੇ ਪੰਜ ਰਾਸ਼ਟਰਾਂ ਵੱਲੋਂ ਪਰਮਾਣੂ ਜੰਗ ਰੋਕਣ ਤੇ ਹਥਿਆਰਾਂ ਦੀ ਹੋੜ ਖ਼ਤਮ ਕਰਨ ਦੇ ਉਦੇਸ਼ ਨਾਲ ਜਾਰੀ ਕੀਤੇ ਸਾਂਝੇ ਬਿਆਨ ਦਾ ਸਵਾਗਤ ਕੀਤਾ ਹੈ। ਗੁਤਰਸ ਦੇ ਬੁਲਾਰੇ ਸਟੀਫਨ ਦੁਜਾਰਿਕ ਨੇ ਕਿਹਾ ਕਿ ਜਰਨਲ ਸਕੱਤਰ ਨੇ ਪਰਮਾਣੂ ਹਥਿਆਰ ਸੰਪਨ ਪੰਜ ਰਾਸ਼ਟਰਾਂ ਦੀਆਂ ਸਿਫ਼ਾਰਸ਼ਾਂ ਦੀ ਸ਼ਲਾਘਾ ਕਰਦੇ ਹੋਏ ਦੁਵੱਲੇ ਤੇ ਬਹੁਪੱਖੀ ਅਪ੍ਰਸਾਰ, ਹਥਿਆਰਬੰਦੀ ਤੇ ਹਥਿਆਰ ਕੰਟਰੋਲ ਸਮਝੌਤਿਆਂ ਨੂੰ ਅਸਰਦਾਰ ਬਣਾਉਣ 'ਤੇ ਬਲ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ਾਂ ਨੂੰ ਪਰਮਾਣੂ ਹਥਿਆਰਬੰਦੀ ਨਾਲ ਜੁੜੇ ਅਪ੍ਰਸਾਰ ਸਮਝੌਤੇ ਤਹਿਤ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਪ੍ਰਤੀਬੱਧਤਾ ਦਿਖਾਉਣੀ ਚਾਹੀਦੀ ਹੈ। ਜਨਰਲ ਸਕੱਤਰ ਨੇ ਪਰਮਾਣੂ ਹਥਿਆਰਬੰਦੀ ਦੇ ਟੀਚੇ ਨੂੰ ਹਾਸਲ ਕਰਨ ਲਈ ਪਰਮਾਣੂ ਸ਼ਕਤੀ ਸੰਪਨ ਰਾਸ਼ਟਰਾਂ ਨਾਲ ਮਿਲ ਕੇ ਕੰਮ ਕਰਨਦੀ ਇੱਛਾ ਦੁਹਰਾਈ। ਚੀਨੀ ਵਿਦੇਸ਼ ਮੰਤਰਾਲੇ ਦੇ ਹਥਿਆਰ ਕੰਟਰੋਲ ਵਿਭਾਗ ਦੇ ਡਾਇਰੈਕਟ ਜਨਰਲ ਫੂ ਕਾਂਗ ਨੇ ਮੰਗਲਵਾਰ ਨੂੰ ਅਮਰੀਕਾ ਦੇ ਉਸ ਦਾਅਵੇ ਨੂੰ ਖਾਰਜ ਕਰ ਦਿੱਤਾ, ਜਿਸ 'ਚ ਕਿਹਾ ਗਿਆ ਸੀ ਕਿ ਏਸ਼ੀਆਈ ਦੇਸ਼ ਬਹੁਤ ਤੇਜ਼ੀ ਨਾਲ ਆਪਣੇ ਪਰਮਾਣੂ ਹਥਿਆਰਾਂ ਦਾ ਵਿਸਥਾਰ ਕਰ ਰਿਹਾ ਹੈ। ਇਹੀ ਨਹੀਂ, ਉਸ ਨੇ ਦਾਅਵਾ ਕੀਤਾ ਕਿ ਸੋਮਵਾਰ ਨੂੰ ਪੰਜ ਪਰਮਾਣੂ ਸ਼ਕਤੀ ਸੰਪਨ ਰਾਸ਼ਟਰਾਂ ਵੱਲੋਂ ਸਾਂਝਾ ਬਿਆਨ ਜਾਰੀ ਕੀਤੇ ਜਾਣ 'ਚ ਵੀ ਉਸ ਦੀ ਅਹਿਮ ਭੂਮਿਕਾ ਰਹੀ ਹੈ। ਅਮਰੀਕਾ ਦੇ ਰੱਖਿਆ ਵਿਭਾਗ ਨੇ ਨਵੰਬਰ 'ਚ ਆਪਣੀ ਰਿਪੋਰਟ 'ਚ ਕਿਹਾ ਸੀ ਕਿ ਚੀਨ ਆਪਣੇ ਪਰਮਾਣੂ ਹਥਿਆਰਾਂ ਦਾ ਤੇਜ਼ੀ ਨਾਲ ਵਿਸਥਾਰ ਕਰ ਰਿਹਾ ਹੈ ਤੇ ਸਾਲ 2030 ਤੱਕ ਉਸ ਕੋਲ ਅਜਿਹੇ ਹਥਿਆਰਾਂ ਦੀ ਗਿਣਤੀ 1,000 ਪਾਰ ਕਰ ਜਾਵੇਗੀ। ਅਮਰੀਕਾ ਕੋਲ ਫਿਲਹਾਲ 3,750 ਪਰਮਾਣੂ ਹਥਿਆਰ ਹਨ।

ਸਭ ਤੋਂ ਪਹਿਲਾਂ 2022 ਦੀ ਸ਼ੁਰੂਆਤ

ਔਕਲੈਂਡ ਵਿਖੇ ਰਾਤ 12 ਵਜੇ ਰੌਸ਼ਨੀਆਂ ਦੀ ਰੰਗੀਨੀ ਵਿਚ ਚੜ੍ਹਿਆ 2022-ਸਭ ਨੂੰ ਵਧਾਈ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)– ਭਾਰਤ ਤੋਂ 12,000 ਹਵਾਈ ਕਿਲੋਮੀਟਰ ਦੂਰ ਔਕਲੈਂਡ ਸ਼ਹਿਰ ਵਿਖੇ ਅੱਜ ਦੇਸ਼ ਦੀ ਸ਼ਾਨ ਸਕਾਈ ਟਾਵਰ ਉਤੇ ਰੌਸ਼ਨੀਆਂ ਦੀ ਰੰਗੀਨੀ ਵਿਚ ਨਵੇਂ ਸਾਲ 2022 ਦਾ ਸ਼ੁੱਭ ਆਰੰਭ ਕੀਤਾ ਗਿਆ। ਲੋਕਾਂ ਨੇ ਸਭ ਨੂੰ ਵਧਾਈ ਦਿੱਤੀ। ਇਸ ਵਾਰ ਸਲਾਨਾ ਦੀ ਤਰ੍ਹਾਂ ਆਤਿਸ਼ਬਾਜੀ ਨਹੀਂ ਕੀਤੀ ਗਈ, ਸਗੋਂ ਇਸਦੇ ਉਲਟ 'ਲਾਈਟ ਸ਼ੋਅ' ਕੀਤਾ ਗਿਆ। ਰੰਗ ਬਿਰੰਗੀਆ ਰੌਸ਼ਨੀਆ ਦੇ ਨਾਲ ਜਿੱਥੇ 328 ਮੀਟਰ ਉਚੇ ਸਕਾਈ ਟਾਵਰ ਨੂੰ ਜਗਮਗਾਇਆ ਗਿਆ ਉਥੇ ਹਾਰਬਰ ਬ੍ਰਿਜ ਜੋ ਕਿ 1149 ਮੀਟਰ ਲੰਬਾ ਹੈ, ਨੂੰ ਲੇਜ਼ਰ ਸ਼ੋਅ ਦੇ ਨਾਲ ਸਜਾਇਆ ਗਿਆ। ਔਕਲੈਂਡ ਵਾਰ ਮੈਮੋਰੀਅਲ ਮਿਊਜ਼ੀਅਮ ਅਤੇ ਲਾਈਟ ਪੱਥ ਨੂੰ ਵੀ ਰੌਸ਼ਨੀਆਂ ਨਾਲ ਸਜਾਇਆ ਗਿਆ। ਲੋਕਾਂ ਨੇ ਜਰੂਰ ਰਾਤ 12 ਵਜੇ ਪਟਾਖੇ

ਚਲਾਏ। ਵਲਿੰਗਟਨ ਵਿਖੇ ਓਮੀਕਰੋਨ ਦੇ ਖਤਰੇ ਨੂੰ ਧਿਆਨ ਵਿਚ ਰੱਖਦਿਆਂ ਰੌਸ਼ਨੀਆ ਦਾ ਪ੍ਰਬੰਧ ਕੀਤਾ ਗਿਆ। ਕਰੋਨਾ ਨੂੰ ਇਸ ਸਾਰੇ ਵਰਤਾਰੇ ਦੇ ਵਿਚ ਕੇਂਦਰਿਤ ਰੱਖਿਆ ਗਿਆ। ਪ੍ਰਧਾਨ ਮੰਤਰੀ ਨੇ ਵੀ ਮੈਡੀਕਲ ਸਟਾਫ ਦੇ ਨਾਲ ਆਪਣੀ ਇਕ ਤਸਵੀਰ ਸਾਂਝੀ ਕਰਕੇ ਦੇਸ਼ ਦੇ ਸਿਹਤ ਵਿਭਾਗ ਨੂੰ ਉਤਸ਼ਾਹ ਦਿੱਤਾ ਗਿਆ।

ਗੁਰਦੁਆਰਾ ਸਾਹਿਬਾਨਾਂ ਅੰਦਰ ਰਹੀ ਰੌਣਕ: ਇਸ ਤੋਂ ਇਲਾਵਾ ਨਿਊਜ਼ੀਲੈਂਡ ਦੇ ਬਹੁਤ ਸਾਰੇ ਗੁਰਦੁਆਰਾ ਸਾਹਿਬਾਨਾਂ ਅੰਦਰ ਵੀ ਵਿਸ਼ੇਸ਼ ਕੀਰਤਨ ਸਮਾਗਮ ਹੋਏ। ਗੁਰਦੁਆਰਾ ਸਿੱਖ ਸੰਗਤ ਟੌਰੰਗਾ ਵਿਖੇ ਰੈਣ ਸਬਾਈ ਕੀਰਤਨ ਅਤੇ ਗੁਰਦੁਆਰਾ ਸਾਹਿਬ ਨਾਨਕਸਰ ਵਿਖੇ ਰਾਤ ਦੇ ਦੀਵਾਨ ਸਜਾਏ ਗਏ।

ਭਗਦੜ 'ਚ ਹੋਈਆਂ 12 ਮੌਤਾਂ ਤੋਂ ਬਾਅਦ ਸ਼੍ਰਾਈਨ ਬੋਰਡ ਨੇ ਲਿਆ ਵੱਡਾ ਫ਼ੈਸਲਾ



ਕਟੜਾ – ਮਾਤਾ ਵੈਸ਼ਨੋ ਦੇਵੀ ਮੰਦਰ 'ਚ ਭਗਦੜ ਤੋਂ ਇਕ ਦਿਨ ਬਾਅਦ ਅਧਿਕਾਰੀਆਂ ਨੇ ਐਤਵਾਰ ਨੂੰ ਸੁਰੱਖਿਆ ਮੁਲਾਜ਼ਮਾਂ ਦੀ ਪੂਰੀ ਤਾਇਨਾਤੀ ਦੇ ਨਾਲ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਅਤੇ ਮੰਦਰ ਕੰਪਲੈਕਸ 'ਚ ਭੀੜ ਨੂੰ ਰੋਕਣ ਲਈ ਕਈ ਕਦਮ ਚੁੱਕਣ ਦਾ ਐਲਾਨ ਕੀਤਾ। ਬੋਰਡ ਨੇ ਫੈਸਲਾ ਕੀਤਾ ਹੈ ਕਿ ਯਾਤਰਾ ਲਈ ਬੁਕਿੰਗ ਸਿਰਫ ਆਨਲਾਈਨ ਹੀ ਕੀਤੀ ਜਾ ਸਕੇਗੀ। ਨਾਲ ਹੀ ਮਾਤਾ ਵੈਸ਼ਨੋ ਦੇਵੀ ਮੰਦਰ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੇ ਇੱਥੇ ਆਉਣ ਦਾ ਸਿਲਸਿਲਾ ਜਾਰੀ ਹੈ।

ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਵੱਲੋਂ ਗਠਿਤ ਉੱਚ ਪੱਧਰੀ ਜਾਂਚ ਕਮੇਟੀ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਤੇ ਆਮ ਲੋਕਾਂ ਨੂੰ ਘਟਨਾ ਬਾਰੇ ਵੀਡੀਓ, ਬਿਆਨ ਜਾਂ ਕੋਈ ਹੋਰ ਸਬੂਤ ਸਾਂਝਾ ਕਰਨ ਦੀ ਅਪੀਲ ਕੀਤੀ। ਸਿਨਹਾ ਨੇ ਐਤਵਾਰ ਨੂੰ ਇੱਥੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਸ਼੍ਰਾਈਨ ਬੋਰਡ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਮੀਟਿੰਗ ਇੱਥੇ ਰਾਜ ਭਵਨ 'ਚ ਹੋਈ ਅਤੇ ਸ਼੍ਰਾਈਨ ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਰਮੇਸ਼ ਕੁਮਾਰ ਸਮੇਤ ਸੀਨੀਅਰ ਅਧਿਕਾਰੀ ਮੌਜੂਦ ਸਨ।

Change of Name

I, Sukhdev Singh Sidhu
s/o Naib Singh

Currently Resident of:
3411 Loggerhead Way
Sacramento, CA-95834, U.S.A.

Now I have changed my name

From: Sukhdev Singh Sidhu
To: Sukhdev Singh

All concerned Kindly note it.

ਭਾਰਤੀ ਮੂਲ ਦੇ ਮਾਂ-ਪੁੱਤਰ ਸੈਕਰਾਮੈਂਟੋ ਵਿਚ ਕਮਿਸ਼ਨਰ ਵਜੋਂ ਨਿਭਾਉਣਗੇ ਸੇਵਾਵਾਂ

ਸੈਕਰਾਮੈਂਟੋ 4 ਜਨਵਰੀ (ਹੁਸਨ ਲੜੋਆ ਬੰਗਾ)– ਭਾਰਤੀ ਮੂਲ ਦੇ ਕਿਸੇ ਪਰਿਵਾਰ ਲਈ ਇਹ ਸ਼ਾਇਦ ਆਪਣੀ ਕਿਸਮ ਦੀ ਪਹਿਲੀ ਪ੍ਰਾਪਤੀ ਹੈ ਕਿ ਮਾਂ-ਪੁੱਤਰ ਨੂੰ ਸੈਕਰਾਮੈਂਟੋ (ਕੈਲੀਫੋਰਨੀਆ) ਦੇ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਭਾਰਤੀ ਮੂਲ ਦੇ ਅਕਸ਼ਾਜ ਮਹਿਤਾ ਤੇ ਉਸ ਦੀ ਮਾਂ ਸੁਮਿਤੀ ਮਹਿਤਾ ਨੇ ਆਪਣੀ ਨਿਯੁਕਤੀ ਉਪਰ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਹ ਸੈਕਰਾਮੈਂਟੋ ਸ਼ਹਿਰ ਵਾਸੀਆਂ ਲਈ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਸੇਵਾਵਾਂ ਨਿਭਾਉਣਗੇ। ਅਕਸ਼ਾਜ ਮਹਿਤਾ ਸੈਕਰਾਮੈਂਟੋ

ਆਰਟਸ ਅਤੇ ਕ੍ਰਿਏਟਿਵ ਇਕਨਾਮੀ ਕਮਿਸ਼ਨ ਵਿੱਚ ਸੇਵਾ ਕਰਦਾ ਹੈ, ਜਦੋਂ ਕਿ ਸੁਮਿਤੀ ਯੂਥ ਪਾਰਕਸ ਅਤੇ ਕਮਿਊਨਿਟੀ ਐਨਰੀਚਮੈਂਟ ਕਮਿਸ਼ਨ ਵਿੱਚ ਕੰਮ ਕਰਦੀ ਹੈ। ਦੋਵੇਂ ਮਾਂ-ਪੁੱਤਰ ਸਬੰਧਤ ਕਮਿਸ਼ਨ 'ਤੇ ਪਹਿਲੇ ਭਾਰਤੀ ਅਮਰੀਕੀ ਵੀ ਹਨ। ਅਕਸ਼ਾਜ ਮਹਿਤਾ, 16, ਨੂੰ ਦਸੰਬਰ 2021 ਵਿੱਚ ਮੇਅਰ ਪ੍ਰੋ ਟੈਮ ਐਂਜਲਿਕ ਐਸ਼ਬੀ, ਕੌਂਸਲ ਮੈਂਬਰ ਸੀਨ ਲੋਲੋਈ, ਕੌਂਸਲ ਮੈਂਬਰ ਜੈਫ ਹੈਰਿਸ ਅਤੇ ਕੌਂਸਲ ਮੈਂਬਰ ਕੇਟੀ ਵੈਲੇਨਜ਼ੁਏਲਾ ਦੀ ਪਰਸੋਨਲ ਐਂਡ ਪਬਲਿਕ ਇੰਪਲਾਈਜ਼ ਕਮੇਟੀ ਦੁਆਰਾ ਸੈਕਰਾਮੈਂਟੋ ਆਰਟਸ ਐਂਡ ਕ੍ਰਿਏਟਿਵ ਇਕਨਾਮੀ ਕਮਿਸ਼ਨ ਵਿੱਚ ਨਿਯੁਕਤ ਕੀਤਾ ਗਿਆ ਸੀ ਤੇ ਸੁਮਿਤੀ ਮਹਿਤਾ ਨੂੰ ਮਾਰਚ 2019 ਵਿੱਚ ਇੱਕ ਕਮਿਸ਼ਨਰ ਵਜੋਂ ਨਿਯੁਕਤ ਕੀਤਾ ਗਿਆ ਸੀ।

ਨਵਜੋਤ ਸਿੱਧੂ ਦਾ ਆਪਣੀ ਹੀ ਸਰਕਾਰ 'ਤੇ ਵੱਡਾ ਦੋਸ਼

ਮੰਤਰੀਆਂ ਨੇ ਕੀਤੀ 2 ਹਜ਼ਾਰ ਕਰੋੜ ਦੀ ਹੇਰਾ-ਫੇਰੀ

ਲੁਧਿਆਣਾ – ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਇਕ ਵਾਰ ਫਿਰ ਆਪਣੀ ਹੀ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਿਆ ਹੈ। ਸਿੱਧੂ ਨੇ ਕਿਹਾ ਕਿ ਹੁਣ ਤਕ ਸੂਬੇ 'ਚ ਜੋ ਸਰਕਾਰ ਚੱਲ ਰਹੀ ਸੀ, ਉਹ ਮਾਫੀਆ ਦੀ ਹੀ ਸੀ। ਉਨ੍ਹਾਂ ਕਿਸੇ ਦਾ ਨਾਂ ਲਏ ਬਿਨਾਂ ਕਿਹਾ ਕਿ ਕਈ ਮੰਤਰੀਆਂ ਤੇ ਵਿਧਾਇਕਾਂ ਨੇ ਇਕ ਤੋਂ ਦੋ ਹਜ਼ਾਰ ਕਰੋੜ ਰੁਪਏ ਦੀ ਹੇਰਾ-ਫੇਰੀ ਕੀਤੀ ਹੈ। ਸਿੱਧੂ ਨੇ ਦਾਅਵਾ ਕੀਤਾ ਕਿ ਹੁਣ ਭਾਜਪਾ ਇਨ੍ਹਾਂ ਆਗੂਆਂ 'ਤੇ ਦਬਾਅ ਬਣਾ ਰਹੀ ਹੈ। ਭਾਜਪਾ ਇਨ੍ਹਾਂ ਆਗੂਆਂ ਨੂੰ ਸਿਰਫ਼ ਇਕ ਹੀ ਗੱਲ ਕਹਿ ਰਹੀ ਹੈ ਕਿ ਜਿਸ ਵੀ ਵਿਧਾਇਕ ਜਾਂ ਮੰਤਰੀ ਨੇ ਚੋਰੀ ਕੀਤੀ ਹੈ, ਉਹ ਉਨ੍ਹਾਂ ਨਾਲ ਆਵੇ। ਸਿੱਧੂ ਨੇ ਕਿਹਾ ਕਿ ਭਾਜਪਾ ਨੇ ਜਲੰਧਰ 'ਚ ਦਫ਼ਤਰ ਖੋਲ੍ਹਿਆ ਹੈ। ਆਗੂਆਂ ਵੱਲੋਂ ਕਿਹਾ ਜਾ ਰਿਹਾ ਹੈ, 'ਜਾਂ ਤਾਂ ਜਲੰਧਰ ਆ ਜਾਓ, ਨਹੀਂ ਤਾਂ ਅੰਦਰ ਕਰ ਦੇਵਾਂਗੇ।'ਕਾਂਗਰਸ ਦੀ ਟਿਕਟ 'ਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਲੜ ਚੁੱਕੀ

ਪੰਜਾਬੀ ਗਾਇਕਾ ਸਤਵਿੰਦਰ ਬਿੱਟੀ ਵੱਲੋਂ ਸਾਹਨੇਵਾਲ 'ਚ ਕਰਵਾਏ ਗਏ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਸਿੱਧੂ ਨੇ ਕਿਹਾ ਕਿ ਪੰਜ ਸਾਲਾਂ ਤੋਂ ਭਾਜਪਾ ਦਾ ਕੋਈ ਵੱਡਾ ਆਗੂ ਨਜ਼ਰ ਨਹੀਂ ਆਇਆ।

ਹੁਣ ਭਾਜਪਾ ਈਡੀ (ਇਨਫੋਰਸਮੈਂਟ ਡਾਇਰੈਕਟਰ) ਅਤੇ ਏਜੰਸੀਆਂ ਦਾ ਡਰ ਦਿਖਾ ਰਹੀ ਹੈ। ਭਾਜਪਾ ਆਗੂ ਆਪਣੇ ਨਾਲ ਬਾਂਹ ਮਰੋੜਨ ਦੀ ਤਾਕਤ ਲੈ ਕੇ ਆਏ ਹਨ।ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਾਂਗਰਸੀ ਆਗੂਆਂ ਦੇ ਬਿਆਨ ਮਿਲ ਰਹੇ ਹਨ। ਇਸ ਤੋਂ ਪਹਿਲਾਂ ਵੀ ਕਾਂਗਰਸ ਕੋਲ 78 ਵਿਧਾਇਕ ਸਨ ਪਰ ਮੁੱਖ ਮੰਤਰੀ ਭਾਜਪਾ ਦਾ ਸੀ। ਕੈਪਟਨ ਕਾਂਗਰਸ ਨਹੀਂ ਸਗੋਂ ਈ।ਡੀ। ਦੇ ਮੁੱਖ ਮੰਤਰੀ ਸਨ। ਉਨ੍ਹਾਂ ਆਪਣੀ ਸਰਕਾਰ ਦੇ ਮੰਤਰੀਆਂ ਦਾ ਨਾਂ ਲਏ ਬਿਨਾਂ ਕਿਹਾ ਕਿ ਉਨ੍ਹਾਂ ਨੇ ਫੈਸਲਾ ਕਰਨਾ ਹੈ ਕਿ ਉਹ ਪੰਜਾਬ ਦੇ ਨਾਲ ਹਨ ਜਾਂ ਆਪਣੇ ਸਵਾਰਥ ਲਈ ਬਾਂਹ ਮਰੋੜਨ ਵਾਲਿਆਂ ਦੇ ਨਾਲ।

ਸਾਈਕਲ ਦਾ ਵੀ ਸਟੈਂਡ ਹੁੰਦਾ ਹੈ, ਪਰ ਸਿੱਧੂ ਦਾ ਕੋਈ 'ਸਟੈਂਡ' ਨਹੀਂ- ਰਾਘਵ ਚੱਢਾ

ਚੰਡੀਗੜ੍ਹ – ਨਵਜੋਤ ਸਿੱਧੂ ਵੱਲੋਂ ਘਰੇਲੂ ਔਰਤਾਂ ਨੂੰ 2000 ਰੁਪਏ ਮਹੀਨਾਂ ਅਤੇ ਅੱਠ ਐਲਪੀਜੀ ਸਿਲੰਡਰ ਮੁਫਤ ਦੇਣ ਦੇ ਐਲਾਨ 'ਤੇ 'ਆਪ' ਪੰਜਾਬ ਦੇ ਸਹਿ-ਇੰਚਾਰਜ ਰਾਘਵ ਚੱਢਾ ਨੇ ਨਵਜੋਤ ਸਿੱਧੂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਸੋਮਵਾਰ ਨੂੰ ਚੱਢਾ ਨੇ ਇੱਕ ਟਵੀਟ ਵਿੱਚ ਨਵਜੋਤ ਸਿੱਧੂ ਦੀ ਪੁਰਾਣੀ ਅਤੇ ਨਵੀਂ ਵੀਡੀਓ ਜਾਰੀ ਕੀਤੀ ਅਤੇ ਲਿਖਿਆ ਕਿ ਪੰਜਾਬੀ ਕਹਿੰਦੇ ਹਨ ਕਿ ਸਾਈਕਲ ਦਾ ਵੀ ਸਟੈਂਡ ਹੁੰਦਾ ਹੈ, ਪਰ ਸਿੱਧੂ ਦਾ ਕੋਈ ਸਟੈਂਡ ਨਹੀਂ ਹੈ। ਪਹਿਲੀ ਵੀਡੀਓ ਵਿੱਚ, ਸਿੱਧੂ ਪੰਜਾਬ ਵਿੱਚ 18 ਸਾਲ ਤੋਂ ਵੱਧ ਉਮਰ ਦੀਆਂ ਸਾਰੀਆਂ ਔਰਤਾਂ ਨੂੰ 1000 ਰੁਪਏ ਦੇਣ ਦੇ ਅਰਵਿੰਦ ਕੇਜਰੀਵਾਲ ਦੇ ਐਲਾਨ ਦੀ ਆਲੋਚਨਾ ਕਰ ਰਹੇ ਹਨ।

ਦੂਜੇ ਪਾਸੇ ਦੂਜੀ ਵੀਡੀਓ 'ਚ ਸਿੱਧੂ ਖੁਦ ਪੰਜਾਬ ਦੀਆਂ ਘਰੇਲੂ ਔਰਤਾਂ ਨੂੰ ਸਾਲਾਨਾ 2000 ਰੁਪਏ ਪ੍ਰਤੀ ਮਹੀਨਾ ਅਤੇ ਅੱਠ ਐਲਪੀਜੀ ਗੈਸ ਸਿਲੰਡਰ ਮੁਫਤ ਦੇਣ ਦਾ ਐਲਾਨ ਕਰ ਰਹੇ ਹਨ। ਇਸ ਐਲਾਨ ਤੋਂ ਬਾਅਦ ਹੋਰ ਸਿਆਸੀ ਪਾਰਟੀਆਂ ਵੀ ਨਵਜੋਤ ਸਿੱਧੂ 'ਤੇ ਤਿੱਖੇ ਹਮਲੇ ਕਰ ਰਹੀਆਂ ਹਨ ਅਤੇ ਲੋਕ ਸੋਸਲ ਮੀਡੀਆ 'ਤੇ ਵੀ ਸਿੱਧੂ ਦਾ ਮਜ਼ਾਕ ਉਡਾ

ਰਹੇ ਹਨ।ਆਮ ਆਦਮੀ ਪਾਰਟੀ ਨੇ ਨਵਜੋਤ ਸਿੱਧੂ ਅਤੇ ਕਾਂਗਰਸ 'ਤੇ ਅਰਵਿੰਦ ਕੇਜਰੀਵਾਲ ਦੇ ਐਲਾਨਾਂ ਦੀ ਨਕਲ ਕਰਨ ਦਾ ਦੋਸ਼ ਲਾਇਆ ਹੈ। ਅਰਵਿੰਦ ਕੇਜਰੀਵਾਲ ਆਪਣੀਆਂ ਜਨਤਕ ਮੀਟਿੰਗਾਂ 'ਚ ਕਈ ਵਾਰ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ 'ਤੇ 'ਫ਼ਰਜ਼ੀ ਕੇਜਰੀਵਾਲ' ਬਣਨ ਦਾ ਦੋਸ਼ ਵੀ ਲਾ ਚੁੱਕੇ ਹਨ। ਚੰਨੀ 'ਤੇ ਨਿਸ਼ਾਨਾ ਲਗਾਉਂਦੇ ਹੋਏ ਕੇਜਰੀਵਾਲ ਨੇ ਕਿਹਾ ਸੀ ਕਿ ਪੰਜਾਬ 'ਚ ਇਨੀਂ ਦਿਨੀਂ ਇੱਕ ਨਕਲੀ ਕੇਜਰੀਵਾਲ ਘੁੰਮ ਰਿਹਾ ਹੈ। ਮੈਂ (ਅਰਵਿੰਦ ਕੇਜਰੀਵਾਲ) ਪੰਜਾਬ ਦੇ ਲੋਕਾਂ ਨਾਲ ਜੋ ਵੀ ਵਾਅਦੇ ਕਰਦਾ ਹਾਂ, ਇਹ ਫ਼ਰਜ਼ੀ ਕੇਜਰੀਵਾਲ ਦੋ ਦਿਨਾਂ ਬਾਅਦ ਉਹੀ ਵਾਅਦੇ ਸੂਬੇ ਦੀ ਜਨਤਾ ਨਾਲ ਕਰਦਾ ਹੈ।

ਵਿਪਸਾ ਵਲੋਂ ਸਲਾਨਾ ਗਲੋਬਲ ਕਾਨਫਰੰਸ ਸਫ਼ਲਤਾ ਪੂਰਵਕ ਸੰਪੰਨ

ਹੇਵਰਡ– ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਵਿਪਸਾ ਦੇ ਡਾਇਰੈਕਟਰ ਰੇਸ਼ਮ ਸਿੰਘ ਦੀ ਨਿੱਘੀ ਯਾਦ ਨੂੰ ਸਮਰਪਣ ਕਰਵਾਈ ਗਈ ਸਲਾਨਾ ਗਲੋਬਲ ਕਾਨਫਰੰਸ ਸਫ਼ਲਤਾ ਪੂਰਨ ਸੰਪੰਨ ਹੋਈ। ਜਨਰਲ ਸਕੱਤਰ ਕੁਲਵਿੰਦਰ ਨੇ ਇਸ ਕਾਨਫ਼ਰੰਸ ਦਾ ਆਗਾਜ਼ ਕਰਨ ਲਈ ਇੰਡੀਆ ਤੋਂ ਜੁੜੇ ਗਾਇਕ ਰੂਪ ਕੰਵਲ ਨੂੰ ਸ਼ਬਦ ਗਾਇਨ ਲਈ ਸੱਦਾ ਦਿੱਤ। ਵਿਪਸਾ ਦੇ ਪ੍ਰਧਾਨ ਡਾ.ਕੰਬੋਜ ਨੂੰ ਵੱਖ-ਵੱਖ ਥਾਵਾਂ ਤੋਂ ਜ਼ੂਮ ਲਿੰਕ ਰਾਹੀਂ ਜੁੜੇ ਸਾਹਿਤਕਾਰਾਂ/ ਸਾਹਿਤ ਪ੍ਰੇਮੀਆਂ ਦਾ ਰਸਮੀ ਸਵਾਗਤ ਕੀਤਾ। ਇਸ ਮੌਕੇ ਮਰਹੂਮ ਡਾ. ਜਗਤਾਰ ਦੇ ਜਵਾਈ, ਮੋਹਣ ਭੰਡਾਰੀ, ਜਗਦੇਵ ਰੂਪਾਣਾ ਅਤੇ ਬਲਦੇਵ ਸੜਕ ਨਾਮਾ ਦੀ ਧਰਮ ਪਤਨੀ ਸਮੇਤ ਕੋਰੋਨਾ ਮਹਾਂਮਾਰੀ ਦੌਰਾਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਜਗਜੀਤ ਨੌਸ਼ਿਹਰਵੀ ਨੇ ਰੇਸ਼ਮ ਸਿੱਧੂ ਯਾਦਗਾਰੀ ਸਲਾਈਡ ਸ਼ੋਅ ਬਹੁਤ ਸਹਿਜਤਾ ਨਾਲ ਪੇਸ਼ ਕੀਤਾ। ਚਰਨਜੀਤ ਸਿੰਘ ਪੰਨੂੰ ਨੇ ਇਸ ਸੈਸ਼ਨ ਦਾ ਮੁਲਾਂਕਣ ਬਹੁਤ ਸੰਖੇਪ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

ਇਸ ਉਪਰੰਤ ਕਹਾਣੀ ਸੈਸ਼ਨ ਦਾ ਸੰਚਾਲਨ ਕਰਦਿਆਂ ਲਾਜ ਨੀਲਮ ਸੈਣੀ ਨੇ ਅਮਰਜੀਤ ਕੌਰ ਪੰਨੂੰ, ਸੁਰਜੀਤ ਟੋਰਾਂਟੋ ਅਤੇ ਡਾ. ਦਵਿੰਦਰ ਕੌਰ ਨੂੰ ਪ੍ਰਧਾਨਗੀ ਮੰਡਲ ਲਈ ਸੱਦਾ ਦਿੱਤਾ। ਨਵੇਂ ਪੋਚ ਦੀ ਪੰਜਾਬੀ ਕਹਾਣੀ ਦੇ ਹਸਤਾਖਰ ਅਜਮੇਰ ਸਿੱਧੂ ਨੇ ਵਿਪਸਾ ਵਲੋਂ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਧਰਤ ਪਰਾਈ ਆਪਣੇ ਲੋਕ' ਦੀ ਜਾਣ-ਪਛਾਣ ਕਰਵਾਉਂਦੇ ਕਿਹਾ ਕਿ ਉਨ੍ਹਾਂ ਨੂੰ ਸਭ ਤੋਂ ਵੱਧ ਖ਼ੁਸ਼ੀ ਇਸ ਗੱਲ ਦੀ ਹੋਈ ਹੈ ਕਿ ਇਸ ਕਹਾਣੀ ਸੰਗ੍ਰਹਿ ਦੀਆਂ ਸੰਪਾਦਕ ਲੇਖਿਕਾਵਾਂ: ਅਮਰਜੀਤ ਪਨੂੰ, ਸੁਰਜੀਤ ਟੋਰਾਂਟੋ ਅਤੇ ਲਾਜ ਨੀਲਮ ਸੈਣੀ ਹਨ। ਇਹ ਪੁਸਤਕ ਪੰਜਾਬੀ ਸਾਹਿਤ ਵਿਚ ਹੋਇਆ ਗੁਣਾਤਮਕ ਵਾਧਾ ਹੈ।ਡਾ. ਰਜਿੰਦਰ ਸਿੰਘ ਰਿਜਨਲ ਕਾਲਜ ਬਠਿੰਡਾ ਨੇ ਇਸ ਸੰਗ੍ਰਹਿ ਉੱਪਰ ਲਿਖਿਆ ਪਰਚਾ ਪੜ੍ਹਦੇ ਕਿਹਾ ਕਿ ਪਰਵਾਸੀ ਪੰਜਾਬੀ ਕਹਾਣੀ ਪੁਸਤਕ ਵਿਚ ਮਾਨਸਿਕ ਸੰਘਰਸ਼ ਤਣਾਓ ਮੌਜੂਦ ਹੈ। ਬਹੁਤੀਆਂ ਕਹਾਣੀਆਂ ਦਾ ਨਜ਼ਰੀਆ ਆਸ਼ਾਵਾਦੀ ਹੈ ਅਤੇ ਇਹ ਉੱਤਮ ਪੁਰਖੀ ਹਨ।

ਉਨ੍ਹਾਂ ਪੁਸਤਕ ਵਿਚ ਸ਼ਾਮਲ 18 ਕਹਾਣੀਆਂ ਦਾ ਵਿਸ਼ਲੇਸ਼ਣ ਵਿਸਥਾਰ ਪੂਰਵਕ ਕਰਦੇ ਹੋਏ ਇਹ ਵੀ ਕਿਹਾ ਕਿ ਸੰਪਾਦਕਾਂ ਨੇ ਪੁਸਤਕ ਦਾ ਸਟੈਂਡਰਡ ਬਰਕਰਾਰ ਰੱਖਿਆ ਅਤੇ ਪਰੂਫ਼ ਰੀਡਿੰਗ ਬਹੁਤ ਧਿਆਨ ਨਾਲ ਕੀਤੀ ਹੈ। ਇਸ ਭਾਵ ਪੂਰਤ ਪਰਚੇ ਦੇ ਸਵਾਲ-ਜਵਾਬ ਸੈਸ਼ਨ ਵਿਚ ਡਾ. ਗੁਰੂਮੇਲ ਸਿੱਧੂ, ਸੰਤੋਖ ਮਿਨਹਾਸ ਅਤੇ ਸੁਰਿੰਦਰ ਸੀਰਤ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਡਾ. ਦਵਿੰਦਰ ਕੌਰ ਨੇ ਪਰਚੇ ਦਾ ਮੁਲਾਂਕਣ ਕਰਦੇ ਕਿਹਾ ਕਿ ਪਰਚੇ ਵਿਚ ਸਾਰੇ ਸਰੋਕਾਰ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤੇ ਗਏ ਹਨ। ਇਸ ਉਪਰੰਤ ਕਹਾਣੀ ਸੰਗ੍ਰਹਿ 'ਧਰਤ ਪਰਾਈ ਆਪਣੇ ਲੋਕ' ਲੋਕ ਅਰਪਣ ਕੀਤਾ ਗਿਆ।

ਕਵਿਤਾ ਸੈਸ਼ਨ ਦਾ ਸੰਚਾਲਨ ਕਰਦੇ ਹੋਏ ਗੁਲਸ਼ਨ ਦਿਆਲ ਨੇ ਪ੍ਰੋ. ਸੁਰਜੀਤ ਜੱਜ ਨੂੰ ਅਮਰੀਕੀ ਕਵਿਤਾ ਭਾਗ ਦੂਜਾ ਪੁਸਤਕ 'ਤੇ ਪਰਚਾ ਪੜ੍ਹਨ ਲਈ ਸੱਦਾ ਦਿੱਤਾ। ਪ੍ਰੋ. ਜੱਜ ਨੇ ਆਪਣਾ ਪਰਚਾ 'ਅਮਰੀਕੀ ਪੰਜਾਬੀ ਕਵਿਤਾ ਦੀ ਪੜ੍ਹਤ' ਪੇਸ਼ ਕਰਦਿਆਂ ਦੱਸਿਆ ਕਿ ਅਮਰੀਕੀ ਪੰਜਾਬੀ ਕਵਿਤਾ ਵਿਚ ਸ਼ੁਮਾਰ ਕਵੀਆਂ 'ਚੋਂ ਜਿਨ੍ਹਾਂ ਦੀ ਕਾਵਿ ਪੜ੍ਹਤ 'ਚੋਂ ਅਸੀਂ ਗੁਜ਼ਰਨਾ ਹੈ, ਉਹ ਸਭ ਦੇ ਸਭ ਦੁਵੱਲੀ ਰਹਿਤਲ ਦੇ ਰਾਹਗੀਰ ਹਨ। ਇਸ ਲਈ ਇਹ ਸਮੁੱਚੀ ਸ਼ਾਇਰੀ ਬਹੁ ਪਸਾਰੀ ਅਤੇ ਬਹੁ ਪਰਤੀ ਹੈ। ਇਸ ਉਪਰੰਤ ਉਨ੍ਹਾਂ ਪੁਸਤਕ ਵਿਚ ਦਰਜ ਮੈਂਬਰਾਂ ਦੀ ਕਵਿਤਾ ਨੂੰ ਫੋਕਸ ਵਿਚ ਲਿਆ ਅਤੇ ਹਰ ਇਕ ਸ਼ਾਇਰ ਦੀ ਕਵਿਤਾ ਦਾ ਭਾਵ ਪੂਰਤ ਵਿਸ਼ਲੇਸ਼ਣ ਬੜੀ ਸੰਜੀਦਗੀ ਨਾਲ ਪੇਸ਼ ਕੀਤਾ। ਡਾ. ਗੁਰੂਮੇਲ ਸਿੱਧੂ ਨੇ ਇਸ ਸੈਸ਼ਨ ਦਾ ਮੁਲਾਂਕਣ ਕਰਦੇ ਕਿਹਾ ਕਿ ਪ੍ਰੋ. ਸੁਰਜੀਤ ਜੱਜ ਨੇ ਆਪਣੇ ਪਰਚੇ ਵਿਚ ਹਰ ਕਵੀ ਨੂੰ ਬਣਦਾ ਸਮਾਂ ਦਿੱਤਾ ਹੈ। ਅੰਤ ਵਿਚ ਹਰਜਿੰਦਰ ਕੰਗ ਨੇ ਰੰਗਾ ਰੰਗ ਕਵੀ ਦਰਬਾਰ ਦਾ ਸੰਚਾਲਨ ਕੀਤਾ। ਇਸ ਕਵੀ ਦਰਬਾਰ ਵਿਚ ਤਾਰਾ ਸਾਗਰ, ਗੁਲਸ਼ਨ ਦਿਆਲ, ਹਰਪ੍ਰੀਤ ਧੂਤ, ਜਗਜੀਤ ਸੰਧੂ, ਸੁਰਿੰਦਰ ਸੀਰਤ, ਸੰਤੋਖ ਮਿਨਹਾਸ, ਰਵਿੰਦਰ ਸਹਿਰਾਅ, ਅਰਤਿੰਦਰ ਸੰਧੂ(ਇੰਡੀਆ) ਚਰਨਜੀਤ ਸਿੰਘ ਪੰਨੂੰ, ਮਹਿੰਦਰ ਸਿੰਘ ਸੰਘੇੜਾ, ਜਗਜੀਤ ਨੌਸ਼ਿਹਰਵੀ, ਸੁਰਜੀਤ ਸਖੀ, ਪ੍ਰੋ. ਸੁਰਜੀਤ ਜੱਜ (ਇੰਡੀਆ), ਪ੍ਰੋ. ਭੁਪਿੰਦਰ ਕੌਰ ਜੱਜ, ਡਾ. ਸੁਖਵਿੰਦਰ ਕੰਬੋਜ, ਡਾ. ਸੁਹਿੰਦਰਬੀਰ ਸਿੰਘ (ਇੰਡੀਆ), ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਟੋਰਾਂਟੋ, ਡਾ. ਗੁਰੂਮੇਲ ਸਿੱਧੂ, ਕੁਲਵਿੰਦਰ, ਡਾ. ਦਵਿੰਦਰ ਕੌਰ (ਇੰਗਲੈਂਡ), ਲਾਜ ਨੀਲਮ ਸੈਣੀ ਨੇ ਹਿੱਸਾ ਲਿਆ।

ਰੂਪ ਕੰਵਲ ਨੇ ਸੰਗੀਤਕ ਮਹੌਲ ਸਿਰਜ ਕੇ ਇਸ ਸੈਸ਼ਨ ਨੂੰ ਸਿਖਰ 'ਤੇ ਲੈ ਆਂਦਾ। ਪ੍ਰੋਗਰਾਮ ਦੇ ਅੰਤ ਵਿਚ ਡਾ. ਸੁਖਵਿੰਦਰ ਕੰਬੋਜ ਨੇ ਆਪਣੀ ਸਮੁੱਚੀ ਟੀਮ ਅਤੇ ਸਭ ਦਾ ਧੰਨਵਾਦ ਕੀਤਾ।

ਰਿਪੋਰਟ: ਲਾਜ ਨੀਲਮ ਸੈਣੀ
(ਸਹਾਇਕ ਸਕੱਤਰ ਵਿਪਸਾ)
ਫੋਨ: 510-502-0551

ਮੁਹੱਲਾ ਭਲਾਈ ਕਮੇਟੀ ਪਟਿਆਲਾ ਵਲੋਂ ਨੈਸ਼ਨਲ ਪੱਧਰ ਦੇ ਕਿਸਾਨ ਆਗੂ ਜਗਮੋਹਨ ਸਿੰਘ ਪਟਿਆਲਾ ਦਾ 'ਫਖਰ-ਏ-ਪੰਜਾਬ' ਐਵਾਰਡ ਨਾਲ ਸਨਮਾਨ

ਪਟਿਆਲਾ– ਮੁਹੱਲਾ ਭਲਾਈ ਕਮੇਟੀ ਰਣਜੀਤ ਨਗਰ ਪਟਿਆਲਾ ਦੇ ਪ੍ਰੈਸ ਸਕੱਤਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਕਮੇਟੀ ਦੇ ਪ੍ਰਧਾਨ ਸ੍ਰ. ਪਾਲ ਸਿੰਘ ਦੀ ਅਗਵਾਈ ਹੇਠ ਆਪਣੇ ਮੁਹੱਲੇ ਵਿਚ ਨਵੇਂ ਸਾਲ 2022 ਦੀ ਆਮਦ 'ਤੇ ਇਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਨਵੇਂ ਸਾਲ ਵਿਚ ਮੁਹੱਲੇ ਦੀ ਸੁੱਖ ਸ਼ਾਂਤੀ ਲਈ ਅਤੇ ਆਪਸੀ ਮਿਲਵਰਤਣ ਕਾਇਮ ਰਹਿਣ ਅਤੇ ਹਰ ਤਰ੍ਹਾਂ ਦੀਆਂ ਖੁਸ਼ੀਆਂ ਲਈ ਅਰਦਾਸ ਕਰਨ ਉਪਰੰਤ ਇਕ ਦੂਜੇ ਨੂੰ ਨਵੇਂ ਸਾਲ ਦੀ ਮੁਬਾਰਕਵਾਦ ਦਿੱਤੀ। ਇਸ ਮੌਕੇ ਕਮੇਟੀ ਵਲੋਂ ਪਿਛਲੇ ਸਮੇਂ ਦੌਰਾਨ ਕਰਵਾਏ ਕੰਮਾਂ ਅਤੇ ਲੇਖਾ-ਜੋਖਾ ਦੀ ਰਿਪੋਰਟ ਮੁਹੱਲਾ ਨਿਵਾਸੀਆਂ ਦੀ ਹਾਜ਼ਰੀ ਵਿਚ ਪੇਸ਼ ਕੀਤੀ ਗਈ। ਮਹੱਲਾ ਭਲਾਈ ਕਮੇਟੀ ਵਲੋਂ ਕਮੇਟੀ ਦੇ ਸਰਪ੍ਰਸਤ ਅਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਨੂੰ ਉਨ੍ਹਾਂ ਦੀਆਂ ਜੀਵਨ ਵਿਚ ਲੋਕਪੱਖੀ ਸਰਗਰਮੀਆਂ ਜਿਵੇਂ ਕਿ ਭਾਰਤ ਸਰਕਾਰ ਵਲੋਂ ਬਣਾਏ ਤਿੰਨ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਵਲੋਂ ਸਿੰਘੂ ਬਾਰਡਰ 'ਤੇ ਚਲਾਏ ਗਏ ਕਿਸਾਨ ਸੰਘਰਸ਼ ਵਿਚ ਸ਼ਾਨਦਾਰ ਕੀਤੀ ਅਗਵਾਈ ਲਈ 'ਫਖ਼ਰ-ਏ-ਪੰਜਾਬ' ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਕੌਮਾਂਤਰੀ ਪੱਧਰ ਦੇ ਸੰਘਰਸ਼ ਵਿਚ ਸ੍ਰ. ਜਗਮੋਹਨ ਸਿੰਘ ਦਾ ਰੋਲ ਬਹੁਤ ਹੀ ਸ਼ਲਾਘਾਯੋਗ ਰਿਹਾ ਹੈ ਕਿਉਂਕਿ ਇਨ੍ਹਾਂ ਨੇ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚੇ ਨੂੰ ਕੌਮੀ ਪੱਧਰ 'ਤੇ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿਚ ਵੱਡਾ ਯੋਗਦਾਨ ਪਾਇਆ। ਸ੍ਰ. ਜਗਮੋਹਨ ਸਿੰਘ ਦੇ ਕੀਤੇ ਸਨਮਾਨ ਲਈ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਮਹੱਲਾ ਭਲਾਈ ਕਮੇਟੀ ਦਾ ਬਹੁਤ ਧੰਨਵਾਦ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਗੁਰਜੀਤਪਾਲ ਸਿੰਘ (ਰਾਜੂ ਲੰਬੀ) ਨੂੰ ਮੁਹੱਲੇ ਦੀ ਲਈ ਅੱਗੇ ਹੋ ਕੇ ਕੀਤੇ ਗਏ ਕਾਰਜਾਂ ਕਰਕੇ ਮੁਹੱਲਾ ਭਲਾਈ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜਨਰਲ ਸਕੱਤਰ ਗੁਰਮੁਖ ਸਿੰਘ, ਜਸਪਾਲ ਸਿੰਘ, ਵਿੱਤ ਸਕੱਤਰ ਮਾ. ਦਲਬੀਰ ਸਿੰਘ, ਅਨਿਲ ਲਖਨਪਾਲ, ਸੁਰਿੰਦਰਪਾਲ ਸ਼ਰਮਾ, ਗੁਰਬਖਸ਼ਿੰਦ ਸਿੰਘ, ਦੇਸ਼ ਰਾਜ, ਅਸ਼ੋਕ ਕੁਮਾਰ, ਨਿਰਮਲ ਸਿੰਘ, ਮਨਜੀਤ ਸਿੰਘ, ਸਰੂਪ ਸਿੰਘ, ਕਰਤਾਰ ਸਿੰਘ, ਚਰਨਜੀਤ ਸਿੰਘ, ਸਰਬਨ ਸਿੰਘ, ਮਨਜੀਤ ਕੌਰ, ਸੁਦੇਸ਼ ਰਾਣੀ, ਅਨੀਤਾ ਭੱਟ, ਕੰਚਨ, ਰਣਜੀਤ ਕੌਰ, ਦਰਸ਼ਨਾ ਆਦਿ ਤੋਂ ਇਲਾਵਾ ਹੋਰ ਮੁਹੱਲਾ ਨਿਵਾਸੀ ਵਿਸ਼ੇਸ਼ ਕਰਕੇ ਔਰਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਜਲ੍ਹਿਆਂਵਾਲਾ ਬਾਗ਼ ਸਬੰਧੀ ਕਨਵੈਨਸ਼ਨ

ਮੂਲ ਸਰੂਪ ਦੀ ਬਹਾਲੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ






ਜਲੰਧਰ– ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਕਨਵੈਨਸ਼ਨ ਕਰਕੇ ਐਲਾਨ ਕੀਤਾ ਗਿਆ ਕਿ ਜਦੋਂ ਤੱਕ ਜਲ੍ਹਿਆਂਵਾਲਾ ਬਾਗ਼ ਦਾ ਇਤਿਹਾਸਕ ਸਰੂਪ ਬਹਾਲ ਨਹੀਂ ਕੀਤਾ ਜਾਵੇਗਾ, ਉਸ ਵੇਲੇ ਤੱਕ ਸੰਘਰਸ਼ ਜਾਰੀ ਰੱਖਿਆ ਜਾਏਗਾ।

ਕਨਵੈਨਸ਼ਨ ਦੀ ਮੰਚ 'ਤੇ ਕਮੇਟੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਸਸ਼ੋਭਤ ਸਨ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਉਪਰੋਕਤ ਬੁਲਾਰਿਆਂ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ ਸਮੇਤ ਅਨੇਕਾਂ ਇਤਿਹਾਸਕ ਥਾਵਾਂ ਅਤੇ ਸਲੇਬਸਾਂ ਦੀਆਂ ਪੁਸਤਕਾਂ 'ਚ ਅਦਲਾ ਬਦਲੀ ਕਰਕੇ ਕੇਂਦਰੀ ਭਾਜਪਾ ਹਕੂਮਤ ਅਸਲ 'ਚ ਸਾਮਰਜ ਅਤੇ ਉਸਦੇ ਹਿੱਤ ਪਾਲਕਾਂ ਖਿਲਾਫ਼ ਬਗ਼ਾਵਤ ਦੇ ਸਭੇ ਚਿੰਨ, ਸਿੱਖਿਆਵਾਂ ਅਤੇ ਇਤਿਹਾਸ ਨੂੰ ਮਲੀਆ ਮੇਟ ਕਰਨ ਤੇ ਤੁਲੀ ਹੋਈ ਹੈ; ਇਹ ਮਨਸੂਬੇ ਕਿਸੇ ਕੀਮਤ 'ਤੇ ਵੀ ਪੂਰੇ ਨਹੀਂ ਹੋਣ ਦਿੱਤੇ ਜਾਣਗੇ।

ਕਨਵੈਨਸ਼ਨ 'ਚ ਪਾਸ ਕੀਤੇ ਮਤਿਆਂ ਰਾਹੀਂ ਹੱਥ ਖੜ੍ਹੇ ਕਰਕੇ ਆਵਾਜ਼ ਬੁਲੰਦ ਕਰਦਿਆਂ ਮੰਗ ਕੀਤੀ ਗਈ ਕਿ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਵਿਰਾਸਤ ਦਾ ਮੂਲ ਸਰੂਪ ਬਹਾਲ ਕੀਤਾ ਜਾਏ। ਜਦੋਂ ਤੱਕ ਅਜੇਹਾ ਨਹੀਂ ਕੀਤਾ ਜਾਏਗਾ, ਦੇਸ਼ ਭਗਤ ਯਾਦਗਾਰ ਕਮੇਟੀ ਆਵਾਜ਼ ਬੁਲੰਦ ਕਰਦੀ ਰਹੇਗੀ।

ਹਰਦੁਆਰ ਅਤੇ ਹੋਰ ਥਾਵਾਂ 'ਤੇ ਇੱਕ ਵਿਸ਼ੇਸ਼ ਭਾਈਚਾਰੇ ਖਿਲਾਫ਼ ਨੰਗੇ ਚਿੱਟੇ ਤੌਰ 'ਤੇ ਕਤਲੋਗਾਰਦ ਅਤੇ ਦਹਿਸ਼ਤਜੁਦਾ ਮਾਹੌਲ ਖੜ੍ਹਾ ਕਰਨ ਲਈ ਤੇਜ਼ ਕੀਤੇ ਹੱਲੇ ਦਾ ਅੱਜ ਦੀ ਕਨਵੈਨਸ਼ਨ ਵੱਲੋਂ ਜੋਰਦਾਰ ਵਿਰੋਧ ਕੀਤਾ ਗਿਆ। ਭਾਜਪਾ, ਆਰ.ਐਸ.ਐਸ. ਵੱਲੋਂ ਵਿਸ਼ੇਸ਼ ਕਰਕੇ ਕੁੱਝ ਰਾਜਾਂ ਵਿੱਚ ਹੋ ਰਹੀਆਂ ਚੋਣਾਂ ਦੇ ਮਾਹੌਲ ਵਿੱਚ ਅਜੇਹਾ ਜਹਿਰੀਲਾ ਪ੍ਰਚਾਰ ਕਰਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਹੋਛੇ ਹੱਥ-ਕੰਡੇ ਅਪਣਾਏ ਜਾਣ ਦਾ ਵੀ ਮਤਾ ਪਾਸ ਕੀਤਾ ਗਿਆ।

ਮੁਲਕ ਅੰਦਰ ਲੜੇ ਸ਼ਾਨਾਮੱਤੇ ਇਤਿਹਾਸਕ ਕਿਸਾਨ ਅੰਦੋਲਨ ਦੀਆਂ ਰਹਿੰਦੀਆਂ ਮੰਗਾਂ ਨੂੰ ਤੁਰੰਤ ਅਮਲੀ ਜਾਮਾ ਪਹਿਨਾਇਆ ਜਾਏ।

ਮੁਲਕ ਦੇ ਨਾਮਵਰ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਪੱਤਰਕਾਰਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਏ।

ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਜਨਮ ਦਿਹਾੜੇ ਸਮੇਤ ਜਨਵਰੀ ਮਹੀਨੇ ਦੇ ਸਮੂਹ ਸ਼ਹੀਦਾਂ, ਅਹਿਮ ਇਤਿਹਾਸਕ ਘਟਨਾਵਾਂ ਨੂੰ ਯਾਦ ਕਰਦਿਆਂ ਉਹਨਾਂ ਦੇ ਅਧੂਰੇ ਸੁਪਨੇ ਸਾਕਾਰ ਕਰਨ ਲਈ ਆਪਣਾ ਯੋਗਦਾਨ ਪਾਉਣ ਦਾ ਦੇਸ਼ ਭਗਤ ਯਾਦਗਾਰ ਕਮੇਟੀ ਅਹਿਦ ਕਰਦੀ ਹੈ।

ਸਮੂਹ ਬੇਰੁਜ਼ਗਾਰਾਂ, ਕੱਚੇ ਮੁਲਾਜ਼ਮਾਂ, ਠੇਕਾ ਕਾਮਿਆਂ, ਅਧਿਆਪਕਾਂ ਅਤੇ ਹੋਰ ਸਮੂਹ ਵਰਗਾਂ ਦੇ ਸੰਘਰਸ਼ਾਂ ਦੀ ਹਮਾਇਤ ਕਰਦੇ ਹੋਏ ਹੱਕੀ ਮੰਗਾਂ ਪ੍ਰਵਾਨ ਕਰਨ ਅਤੇ ਯੂ.ਏ.ਪੀ.ਏ. ਤੇ ਅਫ਼ਸਪਾ ਵਰਗੇ ਕਾਨੂੰਨ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਕਨਵੈਨਸ਼ਨ 'ਚ ਮੰਚ ਸੰਚਾਲਕ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਈ।

ਬਾਈ ਅੱਗੇ ਬੇਨਤੀ

ਰਾਜੀ ਖੁਸ਼ੀ ਰਹਿਣ ਘਰ ਬਾਰ ਵੱਸਦੇ
ਰਹੀਏ ਸਾਰੇ ਬਣਕੇ ਮਾਲ਼ਾ ਦੇ ਮਣਕੇ।
ਆਉਣ ਨਾ ਕਿਤੋਂ ਵੀ ਮਨਹੂਸ ਖਬਰਾਂ
ਸੁਣਕੇ ਜਿਨ੍ਹਾਂ ਨੂੰ ਸਾਡਾ ਮੱਥਾ ਠਣਕੇ।
ਰੀਝਾਂ ਨਾਲ ਹੋਣ ਪਾਰਟੀਆਂ ਸ਼ਾਦੀਆਂ
ਝਾਂਜਰ ਖੁਸ਼ੀ ਦੀ ਵਿਹੜਿਆਂ 'ਚ ਛਣਕੇ।
ਫਤਹਿ ਹੋਈ ਜਾਵੇ ਝੂਠ ਦੇ ਤੂਫਾਨਾਂ 'ਤੇ
ਸੱਚ ਦੀ 'ਅਲਖ' ਟੱਲੀ ਵਾਂਗ ਟਣਕੇ।
ਖਹਿੜਾ ਛੁੱਟੇ 'ਓਮੀਕਰੋਨ ਤੇ ਕਰੋਨੇ' ਤੋਂ
'ਮਾਸਕ' ਤਿਆਗ ਰਹੀਏ ਬਣ-ਠਣ ਕੇ।
ਉੱਨੀਂ ਅਤੇ ਇੱਕੀ ਵਾਂਗ ਬਾਈ ਹੋਵੇ ਨਾ
ਸੁੱਖ ਦੀ ਲਿਆਵੇ ਘੜੀ 'ਬਾਈ' ਬਣਕੇ।

– ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਬੌਰਨ ਰਨਰਜ਼ ਵੱਲੋਂ ਸਲਾਨਾ ਗਤੀਵਿਧੀ ਕੈਲੰਡਰ ਜਾਰੀ

ਪਟਿਆਲਾ (ਚਮਨਦੀਪ ਸ਼ਰਮਾ) ਨਵੇਂ ਸਾਲ ਦੀ ਆਮਦ ਤੇ ਸ਼ਹਿਰ ਦੇ ਨਾਮਵਰ ਰਨਿੰਗ ਗਰੁੱਪ ਬੌਰਨ ਰਨਰਜ਼ (ਰਜਿ) ਨੇ ਪ੍ਰਧਾਨ ਸੁਖਚੈਨ ਸਿੰਘ ਸੁੱਖੀ ਦੀ ਅਗਵਾਈ ਵਿੱਚ ਟੀਮ ਦਾ ਐਕਟੀਵਿਟੀ ਕੈਲੰਡਰ ਜਾਰੀ ਕੀਤਾ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਪੂਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਐਕਟੀਵਿਟੀ ਕੈਲੰਡਰ ਵਿੱਚ ਸਾਲ 2022 ਦੌਰਾਨ ਰਨਿੰਗ ਨਾਲ ਮਨਾਏ ਜਾਣ ਵਾਲੇ ਮਹੱਤਵਪੂਰਨ ਇਤਿਹਾਸਿਕ ਦਿਨ, ਮਹਾਂਪੁਰਸ਼ਾਂ ਦੇ ਜਨਮ ਦਿਨਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਹਰ ਮਹੀਨੇ ਦੇ ਲਈ ਘੱਟੋ ਘੱਟ ਦੋ ਇਤਿਹਾਸਿਕ ਦਿਨਾਂ ਦੀ ਚੋਣ ਕੀਤੀ ਗਈ ਹੈ। ਇਸ ਤੋਂ ਬਿਨਾਂ ਟੀਮ ਨੇ ਥੈਲੇਸੀਮੀਆ ਡੇ ਉੱਪਰ ਖੂਨਦਾਨ ਕੈਂਪ ਲਗਾਉਂਣ ਦਾ ਵੀ ਫੈਸਲਾ ਕੀਤਾ ਹੈ। ਸੀਨੀਅਰ ਅਥਲੀਟ ਈਸ਼ਵਰ ਚੌਧਰੀ ਨੇ ਦੱਸਿਆ ਕਿ ਐਕਟੀਵਿਟੀ ਕੈਲੰਡਰ ਮੁਤਾਬਿਕ ਵੱਖ-ਵੱਖ ਧਰਮਾਂ ਦੇ ਤਿਉਹਾਰਾਂ ਨੂੰ ਇਕੱਠੇ ਮਨਾਉਣ ਦੇ ਨਾਲ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ ਜਿਸ ਨਾਲ ਸਮਾਜ ਵਿੱਚ ਆਪਸੀ ਏਕਤਾ ਬਾਬਤ ਵਧੀਆ ਸੁਨੇਹਾ ਜਾਵੇਗਾ। ਗਤੀਵਿਧੀ ਕੈਲੰਡਰ ਨੂੰ ਜਾਰੀ ਕਰਨ ਤੋਂ ਪਹਿਲਾ ਸਾਰੀ ਟੀਮ ਨੇ ਨਵੇਂ ਸਾਲ ਦਾ ਜਸ਼ਨ 10 ਕਿਲੋਮੀਟਰ ਦੀ ਦੌੜ ਲਗਾਕੇ ਮਨਾਇਆ। ਨਵੇਂ ਸਾਲ ਦੇ ਪ੍ਰੋਗਰਾਮ ਦੀ ਸਫਲਤਾ ਵਿੱਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ, ਸੰਦੀਪ ਸਿੰਘ, ਗੁਰਮੀਤ ਸਿੰਘ, ਅਮਿਤ ਸ਼ਰਮਾ, ਰਾਕੇਸ਼ ਕੁਮਾਰ, ਜਤਿੰਦਰ ਸਿੰਘ, ਪਾਇਲ, ਲਕਵਿੰਦਰ ਕੌਰ, ਅਮਰਜੀਤ ਕੌਰ, ਜਸਵੀਰ ਖਾਨ, ਰੁਪਿੰਦਰ ਕੌਰ, ਗੁਰੀ, ਮੋਹਨਦੀਪ, ਹਰਮਨ ਸਿੰਘ, ਹਰਜੀਤ ਸਿੰਘ ਆਦਿ ਨੇ ਖਾਸ ਭੂਮਿਕਾ ਨਿਭਾਈ। ਇਸ ਮੌਕੇ ਨਵੇਂ ਵਰ੍ਹੇ ਵਿੱਚ ਸ਼ੁਰੂ ਕੀਤੇ ਜਾ ਰਹੇ ਮਹੀਨਾਵਾਰ ਰਨਿੰਗ ਚੈਂਲੇਜ਼ ਦੀ ਘੋਸ਼ਣਾ ਕੀਤੀ ਗਈ।

NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਵਰ ਦੀ ਲੋੜ

Looking for a professionally qualified, considerate, and career oriented clean shaven Canadian/USA Jat Sikh boy for our highly educated, 5'4" tall, beautiful, 1992 born girl. The girl is working as a Medical Scientist in a big pharma company in Toronto (Canada).

Please email with latest pictures and bio-data.:

pritamkr1945@gmail.com

Here you go for Bio-data for my daughter

randhawajatinder1@gmail.con

ਗੀਤਕਾਰ ਗਿੱਲ ਰੌਂਤਾ ਦਾ ਵਾਈਸਾਲੀਆ ਕੈਲੀਫੋਰਨੀਆਂ ਵਿਖੇ ਨਿੱਘਾ ਸੁਆਗਤ

ਫਰਿਜ਼ਨੋ (ਕੈਲੇਫੋਰਨੀਆਂ), ਨੀਟਾ ਮਾਛੀਕੇ / ਕੁਲਵੰਤ ਧਾਲੀਆਂ– ਪੰਜਾਬੀ ਗੀਤਕਾਰੀ ਵਿੱਚ ਆਪਣੀ ਨਿਵੇਕਲੀ ਥਾਂ ਬਣਾਉਣ ਵਾਲੇ ਗੀਤਕਾਰ ਗਿੱਲ ਰੌਂਤਾ ਇਹਨੀਂ ਦਿਨੀਂ ਆਪਣੀ ਅਮਰੀਕਾ ਫੇਰੀ ਤੇ ਹਨ, ਅਤੇ ਆਪਣੇ ਚਾਹੁਣ ਵਾਲ਼ਿਆ ਨੂੰ ਮਿਲ ਰਹੇ ਹਨ। ਇਸੇ ਕੜੀ ਤਹਿਤ ਉਹ ਫਰਿਜ਼ਨੋ ਵਿਖੇ ਵਿਖੇ ਰਾਜੂ ਵਕੀਲਾਂਵਾਲਾ ਅਤੇ ਗਾਰੀ ਆਦਿ ਸੱਜਣੀ ਕੋਲ ਠਹਿਰੇ ਹੋਏ ਹਨ। ਉਹਨਾਂ ਦੇ ਸਨਮਾਨ ਹਿੱਤ ਫਰਿਜ਼ਨੋ ਦੇ ਲਾਗਲੇ ਸ਼ਹਿਰ ਵਾਈਸਾਲੀਆ ਵਿਖੇ ਬਾਈ ਪਿੰਦਾ ਕੋਟਲਾ ਦੇ ਗ੍ਰਹਿ ਵਿਖੇ ਇੱਕ ਸਾਦੇ ਸਮਾਗਮ ਦਾ ਅਯੋਜਨ ਕੀਤਾ ਗਿਆ। ਇਸ ਸਮਾਗਮ ਦੌਰਾਨ ਉਹਨਾਂ ਦੀ ਸ਼ਾਇਰੀ ਨੂੰ ਪਿਆਰ ਕਰਨ ਵਾਲੇ ਸੱਜਣ ਸ਼ਾਮਲ ਹੋਏ। ਪ੍ਰੋਗਰਾਮ ਦਾ ਅਗਾਜ਼ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤਾ। ਇਸ ਉਪਰੰਤ ਗੀਤਕਾਰ ਅਤੇ ਗਾਇਕ ਪੱਪੀ ਭਦੌੜ ਨੇ ਆਪਣੇ ਗੀਤਾ ਦੀ ਐਸੀ ਛਹਿਬਰ ਲਾਈ ਕਿ ਹਰਕੋਈ ਅੱਛ ਅੱਛ ਕਰ ਉੱਠਿਆ । ਗਾਇਕ ਗੋਗੀ ਸੰਧੂ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਖ਼ੂਬ ਰੰਗ ਬੰਨਿਆ। ਸ਼ਾਇਰ ਰਣਜੀਤ ਗਿੱਲ ਨੇ ਆਪਣੀਆ ਇੰਨਕਲਾਬੀ ਕਵਿਤਾਵਾਂ ਨਾਲ ਖ਼ੂਬ ਵਾਹ ਵਾਹ ਖੱਟੀ । ਇਸ ਮੌਕੇ ਲੇਖਕ ਅਮਰਜੀਤ ਦੌਧਰ ਨੇ ਵੀ ਮਹਿਮਾਨਾਂ ਨੂੰ ਸੰਬੋਧਨ ਕੀਤਾ। ਅਖੀਰ ਵਿੱਚ ਗਿੱਲ ਰੌਂਤਾ ਨੇ ਪੰਜਾਬ ਦੀ ਮਿੱਟੀ ਨਾਲ ਜੁੜੇ ਗੀਤ ਬੋਲਕੇ ਇੱਕ ਤਰਾਂ ਨਾਲ ਸਮਾਂ ਹੀ ਬੰਨ ਦਿੱਤਾ। "ਅਸੀਂ ਜਿੱਤਾਂਗੇ ਜ਼ਰੂਰ ਜੰਗ ਜਾਰੀ ਰੱਖਿਓ" ਤੋਂ ਲੈਕੇ ਕਾਵਾਂ ਵਾਲੀ ਕਦੇ ਨੀ ਪੰਚਾਇਤ ਚੁਣੀ ਦੀ ਆਦਿ ਗੀਤ ਗਾਕੇ ਗਿੱਲ ਰੌਂਤਾ ਨੇ ਆਪਣੀ ਭਰਵੀ ਹਾਜ਼ਰੀ ਲਵਾਈ। ਇਸ ਮੌਕੇ ਗਿੱਲ ਰੌਂਤਾ ਦਾ ਜਨਮ ਹੋਣ ਕਰਕੇ ਕੇਕ ਵੀ ਕੱਟਿਆ ਗਿਆ। ਮਾਛੀਕੇ ਐਂਡ ਧਾਲੀਆਂ ਮੀਡੀਆ ਗਰੁੱਪ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਦਿੱਤਾ ਗਿਆ। ਇਸ ਮੌਕੇ ਉਚੇਚੇ ਤੌਰ ਤੇ ਅਮਨ ਸਿੱਧੂ ਆਸਟਰੇਲੀਆ ਤੋਂ ਪਹੁੰਚੇ ਹੋਏ ਸਨ। ਉੱਘੇ ਪ੍ਰਮੋਟਰ ਰਾਜਾ ਕਨੇਡਾ ਤੋਂ ਪਹੁੰਚੇ ਹੋਏ ਸਨ। ਇਸੇ ਤਰੀਕੇ ਪ੍ਰਮੋਟਰ ਗੁਰਜੀਤ ਸਿੰਘ ਵਾਲਾ-ਵਾਲਾ ਵਾਸਿੰਗਟਨ ਤੋਂ ਪਹੁੰਚੇ ਹੋਏ ਸਨ। ਜਗਤਾਰ ਬਰਾੜ ਅਤੇ ਨੀਟਾ ਧਾਲੀਵਾਲ ਨੇ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ। ਅਖੀਰ ਅਮਿੱਟ ਪੈੜ੍ਹਾ ਛੱਡਦੀ ਇਹ ਮਹਿਫ਼ਲ ਯਾਦਗਾਰੀ ਹੋ ਨਿਬੜੀ।

ਨਵਾਂ ਸਾਲ

ਵੀਹ ਸੌ ਇੱਕੀ ਵਿਦਾ ਹੋਣ ਤੇ ਸੋਚ ਵਿਚਾਰਾਂ ਕਰੀਏ
ਬਾਈ ਦੇ ਅੰਦਰ ਇੱਕੀ ਵਾਂਗੂੰ ਨਾ ਹੀ ਜ਼ਹਿਰਾਂ ਭਰੀਏ
ਲੜ੍ਹ ਝਗੜ ਕੇ ਬੜੀ ਰੋਲੀ ਏ ਇੱਜ਼ਤ ਸਭ ਨੇ ਸਭਦੀ
ਬਾਈ ਦੇ ਅੰਦਰ ਇਹੋ ਗਲਤੀ ਮੁੜ ਨਾ ਆਪਾਂ ਕਰੀਏ
ਬੜੀ ਸੇਕੀ ਹੈ ਸਰਕਾਰਾਂ ਨੇ ਅੱਗ ਸਾਡੇ ਅਰਮਾਨਾਂ ਦੀ
ਬਾਈ ਦੇ ਅੰਦਰ ਹੁਣ ਨਾ ਐਵੇਂ ਵਾਂਗਰ ਕੱਖਾਂ ਬਲੀਏ
ਹਾਲ ਉਹਨਾਂ ਦਾ ਪੁੱਛੋ ਜੋ ਬੇਵੱਸ ਤੇ ਲਾਚਾਰ ਬੜੇ ਨੇ
ਬਾਈ ਦੇ ਅੰਦਰ ਉਨ੍ਹਾਂ ਲਈ ਕੁਝ ਤਾਂ ਆਪਾਂ ਕਰੀਏ
ਪਿੰਡ ਛੱਡੇ ਨੂੰ ਵਰ੍ਹੇ ਹੋਏ ਕਈ ਸਾਥੀ ਛੱਡ ਗਏ ਸਾਨੂੰ
ਬਾਈ ਦੇ ਅੰਦਰ ਉਨ੍ਹਾਂ ਖਾਤਿਰ ਸਾਹੀਂ ਯਾਦਾਂ ਭਰੀਏ
ਲੋਕ ਨਾ ਕੱਲੇ ਰਾਹ ਵੀ ਪਿੰਡ ਦੇ ਸਦਾ ਉਡੀਕਣ ਸਾਨੂੰ
ਬਾਈ ਦੇ ਅੰਦਰ ਚਲੋ ਸਾਰੇ ਪਿੰਡ ਦੀਆਂ ਜੂਹਾਂ ਵੜੀਏ
ਸਿਰ ਪਲੋਸਣ ਖਾਤਿਰ ਵੀ ਕੋਈ ਸਾਹਾਂ ਗਿਣਦੀ ਹੋਊ
ਬਾਈ ਦੇ ਅੰਦਰ ਮਸਤਕ ਮਾਂ ਦੇ ਚਰਨਾਂ ਹੇਠਾਂ ਧਰੀਏ
ਬੜਾ ਡੋਲਿਆ ਖ਼ੂਨ ਸ਼ਹੀਦਾਂ ਤੇ ਫ਼ਿਰ ਮਿਲੀ ਅਜ਼ਾਦੀ
ਬਾਈ ਦੇ ਅੰਦਰ ਅਜ਼ਾਦ ਸੋਚਾਂ ਲੈ ਚੰਗੀਆਂ ਗੱਲਾਂ ਕਰੀਏ
ਅਮਨ ਸ਼ਾਂਤੀ ਚਾਰ ਚੁਫ਼ੇਰੇ ਮਹਿਕਣ ਫ਼ੁੱਲ ਤੇ ਕਲੀਆਂ
ਬਾਈ ਦੇ ਅੰਦਰ ਬਾਰੂਦ ਪ੍ਰਮਾਣੂ ਬੰਬ ਨਕਾਰਾਂ ਕਰੀਏ
ਮਲ੍ਹਮ ਪ੍ਰੇਮ ਦੀ ਦਵਾ ਸਤਿਕਾਰ ਦੀ ਲਾਓ ਜ਼ਖਮਾਂ ਉੱਤੇ
ਬਾਈ ਦੇ ਅੰਦਰ ਨਫ਼ਰਤ ਭਰੀਆਂ ਨਾ ਹੀ ਗੱਲਾਂ ਕਰੀਏ
'ਦਿਲਾ' ਇੱਕੀ ਜਾ ਰਿਹਾ ਹੈ ਤੇ ਬਾਈ ਨੇ ਆ ਜਾਣਾ
ਬਾਈ ਦੇ ਅੰਦਰ ਗੱਲਵਕੜੀਆਂ ਨਾਲ ਪਿਆਰਾਂ ਭਰੀਏ

ਦਲਵੀਰ 'ਦਿਲ' ਨਿੱਜਰ

ਮਿਕੀ ਮਾਊਸ ਕਾਂਗਰਸ ਪ੍ਰਧਾਨ ਸਿੱਧੂ ਨੇ ਸਿਆਸਤ ਨੂੰ ਬਣਾਇਆ ਕਾਮੇਡੀ ਸ਼ੋਅ- ਗੜ੍ਹੀ

ਜਲੰਧਰ– ਕੇਜਰੀਵਾਲ ਵਾਂਗ ਫ਼ੋਕੇ ਵਾਅਦਿਆਂ ਦੀ ਖੋਲ੍ਹੀ ਪੰਡ। ਔਰਤਾਂ ਨੂੰ ਹਰ ਮਹੀਨੇ ਦੋ ਹਜ਼ਾਰ ਰੁਪਿਆ ਅਤੇ ਅੱਠ ਗੈਸ ਸਿਲੰਡਰ ਮੁਫਤ ਦੇਣ ਦੇ ਵਾਅਦੇ ਤੇ ਤੰਜ ਕੱਸਦਿਆਂ ਬਸਪਾ ਪੰਜਾਬ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਫਗਵਾੜਾ ਤੋਂ ਬਸਪਾ ਅਕਾਲੀ ਦਲ ਦੇ ਸਾਂਝੇ ਉਮੀਦਵਾਰ ਸ। ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਾਂਗਰਸ ਦੇ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਹਿਲਾਂ ਤੇ ਸਿਰਫ਼ ਸੂਬੇ ਦੀ ਕਾਂਗਰਸ ਸਰਕਾਰ ਦਾ ਹੀ ਕਾਮੇਡੀ ਸ਼ੋਅ ਬਣਾਇਆ ਸੀ ਪਰ ਹੁਣ ਉਨ੍ਹਾਂ ਦੇ ਆ ਰਹੇ ਬਿਆਨਾਂ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਸੂਬੇ ਦੀ ਸਿਆਸਤ ਨੂੰ ਵੀ ਉਹ ਕਾਮੇਡੀ ਸ਼ੋਅ ਹੀ ਸਮਝ ਚੁੱਕੇ ਹਨ । ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਇਕ ਪਾਸੇ ਦੇ ਪੰਜਾਬ ਪ੍ਰਧਾਨ ਨਵਜੋਤ ਸਿੰਘ ਸਿੱਧੂ ਆਖ ਰਹੇ ਹਨ ਕਿ ਖ਼ਜ਼ਾਨੇ ਖਾਲੀ ਹਨ ਬੀਤੇ ਸਾਲਾਂ ਵਿੱਚ ਪੰਜਾਬ ਸਰਕਾਰ ਵਿਚ ਮਾਫੀਆ ਦਾ ਰਾਜ ਰਿਹਾ ਜਿਸ ਕਾਰਨ ਖਜ਼ਾਨੇ ਖਾਲੀ ਹੋ ਗਏ ਤੇ ਦੂਜੇ ਪਾਸੇ ਮਹਿਲਾਵਾਂ ਨੂੰ ਅੱਠ ਸਿਲੰਡਰ ਅਤੇ ਦੋ ਹਜਾਰ ਰੁਪਏ ਮਹੀਨਾ ਦੇਣ ਦੇ ਵਾਅਦੇ ਕਰ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਸੋਚਣਾ ਪਵੇਗਾ ਕਿ ਸਿੱਧੂ ਨੂੰ ਸਿਰਫ਼ ਕਾਮੇਡੀ ਤਕ ਹੀ ਸੀਮਤ ਰੱਖਿਆ ਜਾਵੇ, ਇਸ ਤੋਂ ਜ਼ਿਆਦਾ ਉਸ ਦੇ ਪੱਲੇ ਕੁਝ ਵੀ ਨਹੀਂ ਤੇ ਨਾ ਹੀ ਕਿਸੇ ਮਹਿਲਾ ਨੂੰ ਕੁਝ ਮਿਲਣਾ ਹੈ। ਸ। ਗੜ੍ਹੀ ਨੇ ਕਿਹਾ ਕਿ ਇਸ ਕਾਮੇਡੀਅਨ ਮਿਕੀ ਮਾਊਸ ਨੇ ਸਿਆਸਤ ਨੂੰ ਵੀ ਕਾਮੇਡੀ ਰੰਗ ਵਿੱਚ ਰੰਗਣਾ ਸ਼ੁਰੂ ਕਰ ਦਿੱਤਾ ਹੈ ਜੋ ਕਿ ਕਿਧਰੇ ਵੀ ਬੈਠ ਕੇ ਆਪਣੇ ਝੂਠ ਦੀ ਪੰਡ ਮੁੱਖ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਉਰਫ ਵਿਸਵਾਸ਼ਘਾਤਜੀਤ ਵਾਂਗ ਖਿਲਾਰਣ ਲੱਗਾ ਹੈ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਸੁਚੇਤ ਕੀਤਾ ਕਿ ਕਾਂਗਰਸ ਪਾਰਟੀ ਨੇ ਇਕ ਜੋਕਰ ਤਾਸ਼ ਦੀ ਗੱਡੀ ਵਾਂਗ ਅੱਗੇ ਰੱਖਿਆ ਹੋਇਆ ਹੈ ਪਿੱਛੇ ਬੈਠੀ ਟੋਲੀ ਇਸਤੋਂ ਵੀ ਜ਼ਿਆਦਾ ਹਾਸੋਹੀਣੀ ਹੈ ਜੋ ਕਿ ਲੋਕਾਂ ਦਾ ਮਨੋਰੰਜਨ ਕਰਨ ਤੋਂ ਜ਼ਿਆਦਾ ਹੋਰ ਕੁਝ ਵੀ ਨਹੀਂ ਹੈ । ਇਸ ਲਈ ਕਾਂਗਰਸ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਾ ਲਿਆ ਜਾਵੇ ਸਗੋਂ ਕੁਝ ਪਲ ਹੱਸ ਕੇ ਬਿਤਾ ਲਏ ਜਾਣ।

ਬਲਵੀਰ ਰਾਣੀ ਸੋਢੀ ਨੇ ਵਿਧਾਨਸਭਾ ਚੋਣਾਂ ਨੂੰ ਲੈ ਕੇ ਮਹਿਲਾ ਕਾਂਗਰਸ ਵਰਕਰਾਂ ਨਾਲ ਕੀਤੀ ਮੀਟਿੰਗ

ਨਵਜੋਤ ਕੌਰ ਸਿੱਧੂ ਨੇ ਵੀ ਕੀਤੀ ਮੀਟਿੰਗ 'ਚ ਸ਼ਿਰਕਤ

ਫਗਵਾੜਾ 5 ਜਨਵਰੀ (ਬੀਕੇ ਰੱਤੂ) ਮਹਿਲਾ ਕਾਂਗਰਸ ਪੰਜਾਬ ਦੀ ਸੂਬਾ ਪ੍ਰਧਾਨ ਸ੍ਰੀਮਤੀ ਬਲਵੀਰ ਰਾਣੀ ਸੋਢੀ ਨੇ ਨੇੜਲੇ ਭਵਿੱਖ ਵਿਚ ਹੋਣ ਜਾ ਰਹੀਆਂ ਪੰਜਾਬ ਵਿਧਾਨਸਭਾ ਚੋਣਾਂ ਦੇ ਪ੍ਰਚਾਰ ਦੀਆਂ ਤਿਆਰੀਆਂ ਨੂੰ ਲੈ ਕੇ ਅੰਮ੍ਰਿਤਸਰ ਵਿਖੇ 'ਧੀ ਪੰਜਾਬ ਦੀ, ਆਪਣਾ ਹੱਕ ਜਾਣਦੀ' ਮੁਹਿੰਮ ਤਹਿਤ ਮੀਟਿੰਗ ਕੀਤੀ। ਜਿਲ੍ਹਾ ਪ੍ਰਧਾਨ ਸ਼ਿਵਾਨੀ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਇਸ ਮੀਟਿੰਗ ਵਿਚ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਧਰਮ ਪਤਨੀ ਸ੍ਰੀਮਤੀ ਨਵਜੋਤ ਕੌਰ ਸਿੱਧੂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਬਲਵੀਰ ਰਾਣੀ ਸੋਢੀ ਨੇ ਵੱਡੀ ਗਿਣਤੀ ਵਿਚ ਮੌਜੂਦ ਮਹਿਲਾ ਕਾਂਗਰਸ ਵਰਕਰਾਂ ਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਵਲੋਂ ਕਾਂਗਰਸ ਪਾਰਟੀ ਖਿਲਾਫ ਸੂਬੇ ਦੀ ਜਨਤਾ ਵਿਚ ਜੋ ਝੂਠ ਫੈਲਾਏ ਜਾ ਰਹੇ ਹਨ ਉਹਨਾਂ ਦਾ ਡਟ ਕੇ ਮੁਕਾਬਲਾ ਕਰਦੇ ਹੋਏ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸੂਬੇ ਦੀ ਕਾਂਗਰਸ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਹਰ ਵੋਟਰ ਨੂੰ ਜਾਣੂ ਕਰਵਾਇਆ ਜਾਵੇ। ਉਹਨਾਂ ਕਿਹਾ ਕਿ ਨਾਰੀ ਸ਼ਕਤੀ ਦੀ ਤਾਕਤ ਦੇ ਜੋਰ ਨਾਲ ਇਸ ਵਾਰ ਵੀ ਕਾਂਗਰਸ ਪਾਰਟੀ ਪੰਜਾਬ ਅੰਦਰ ਵੱਡੀ ਜਿੱਤ ਪ੍ਰਾਪਤ ਕਰਕੇ ਮੁੜ ਸੱਤਾ ਤੇ ਕਾਬਿਜ ਹੋਵੇਗੀ। ਕਾਂਗਰਸ ਨੇ ਹਮੇਸ਼ਾ ਹੀ ਔਰਤਾਂ ਦਾ ਸਤਿਕਾਰ ਕੀਤਾ ਹੈ। ਭਾਰਤ ਦੇ ਹੋਰਨਾਂ ਸੂਬਿਆਂ ਦੇ ਮੁਕਾਬਲੇ ਪੰਜਾਬ ਦੀ ਕਾਂਗਰਸ ਸਰਕਾਰ ਨੇ ਸਭ ਤੋਂ ਪਹਿਲਾਂ ਔਰਤਾਂ ਲਈ ਸਰਕਾਰੀ ਬੱਸਾਂ ਵਿਚ ਫਰੀ ਸਫਰ ਦੀ ਵਿਵਸਥਾ ਕੀਤੀ ਹੈ। ਕਾਰਪੋਰੇਸ਼ਨਾਂ ਅਤੇ ਪੰਚਾਇਤੀ ਚੋਣਾਂ 'ਚ ਔਰਤਾਂ ਦੀ ਹਿੱਸੇਦ-ਾਰੀ ਨੂੰ ਪੰਜਾਹ ਫੀਸਦੀ ਕੀਤਾ ਗਿਆ ਅਤੇ ਹੁਣ ਪੰਜਾਬ ਪ੍ਰਧਾਨ ਨਵਜੋਤ ਸਿੱਧੂ ਨੇ ਸੂਬੇ ਵਿਚ ਦੁਬਾਰਾ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੇ ਘਰੇਲੂ ਔਰਤਾਂ ਨੂੰ ਦੋ ਹਜਾਰ ਰੁਪਏ ਮਾਸਿਕ ਭੱਤਾ ਦੇਣ ਦੀ ਗੱਲ ਕਹੀ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਹਰ ਵੋਟਰ ਤੱਕ ਪਹੁੰਚਾਉਣਾ ਮਹਿਲਾ ਕਾਂਗਰਸ ਵਰਕਰਾਂ ਦਾ ਫਰਜ਼ ਹੈ। ਜਿਲ੍ਹਾ ਅੰਮ੍ਰਿਤਸਰ ਦੀ ਮਹਿਲਾ ਕਾਂਗਰਸ ਪ੍ਰਧਾਨ ਸ਼ਿਵਾਨੀ ਸ਼ਰਮਾ ਨੇ ਸ੍ਰੀਮਤੀ ਸੋਢੀ ਨੂੰ ਭਰੋਸਾ ਦਿੱਤਾ ਕਿ ਜਿਲ੍ਹੇ ਦੇ ਹਰੇਕ ਵਿਧਾਨਸਭਾ ਹਲਕੇ ਵਿਚ ਕਾਂਗਰਸ ਦੀ ਜਿੱਤ ਨੂੰ ਯਕੀਨੀ ਬਣਾਇਆ ਜਾਵੇਗਾ।

ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

ਕੋਲੋਰਾਡੋ ਦੇ ਜੰਗਲਾਂ ਵਿਚ ਲੱਗੀ ਅੱਗ ਨਾਲ ਇਕ ਹਜਾਰ ਦੇ ਕਰੀਬ ਘਰ ਨਸ਼ਟ, 3 ਵਿਅਕਤੀ ਲਾਪਤਾ

ਸੈਕਰਾਮੈਂਟੋ 2 ਜਨਵਰੀ– ਡੈਨਵਰ (ਕੋਲੋਰਾਡੋ) ਦੇ ਉਤਰ ਵਿਚ 6000 ਏਕੜ ਵਿਚ ਫੈਲੀ ਅੱਗ ਨਾਲ ਸੈਂਕੜੇ ਘਰ ਤੇ ਕਾਰੋਬਾਰੀ ਇਮਾਰਤਾਂ ਨਸ਼ਟ ਹੋ ਗਈਆਂ ਹਨ ਜਦ ਕਿ 3 ਵਿਅਕਤੀ ਲਾਪਤਾ ਦਸੇ ਜਾ ਰਹੇ ਹਨ। 7 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਵੀ ਰਿ-ਪੋਰਟ ਹੈ। ਕੁਲ 991 ਘਰ ਨਸ਼ਟ ਹੋਏ ਹਨ ਜਦ ਕਿ 127 ਘਰਾਂ ਨੂੰ ਅੱਗ ਨੇ ਨੁਕਸਾਨ ਪਹੁੰਚਾਇਆ ਹੈ। ਅੱਗ ਲੱਗਣ ਦੇ ਕਾਰਨ ਦਾ ਅਜੇ ਪਤਾ ਨਹੀਂ ਲੱਗ ਸਕਿਆ। ਇਸ ਸਬੰਧੀ ਜਾਂਚ ਹੋ ਰਹੀ ਹੈ। ਕੋਲੋਰਾਡੋ ਦੇ ਗਵਰਨਰ ਜਾਰਡ ਪੋਲਿਸ ਨੇ ਕਿਹਾ ਹੈ ਕਿ ਇਹ ਤਬਾਹੀ ਬਹੁਤ ਤੇਜੀ ਨਾਲ ਅੱਧੇ ਦਿਨ ਵਿਚ ਹੋਈ ਹੈ। ਗਵਰਨਰ ਨੇ ਰਾਹਤ ਤੇ ਬਚਾਅ ਕਾਰਜਾਂ ਵਿਚ ਤੇਜੀ ਲਿਆਉਣ ਲਈ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਹੈ। ਉਧਰ ਰਾਸ਼ਟਰਪਤੀ ਜੋ ਬਾਈਡਨ ਨੇ ਰਾਹਤ ਕਾਰਜਾਂ ਵਿਚ ਤੇਜੀ ਲਿਆਉਣ ਦਾ ਆਦੇਸ਼ ਦਿੱਤਾ ਹੈ। ਰਾਤ ਭਰ ਹੋਈ ਬਰਫਬਾਰੀ ਕਾਰਨ ਰਾਹਤ ਕਾਰਜਾਂ ਵਿਚ ਮੁਸ਼ਕਿਲ ਆਈ ਹੈ। ਇਲਾਕੇ ਵਿਚ ਬਿਜਲੀ ਤੇ ਗੈਸ ਦੀ ਸਪਲਾਈ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ।

ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਪ੍ਰਸਿੱਧ ਅਦਾਕਾਰਾ ਬੈਟੀ ਵਾਈਟ 99 ਸਾਲ ਦੀ ਉਮਰ ਵਿਚ ਕਹਿ ਗਈ ਅਲਵਿਦਾ

ਸੈਕਰਾਮੈਂਟੋ 1 ਜਨਵਰੀ– ਫਿਲਮੀ ਪਰਦੇ ਤੋਂ ਇਲਾਵਾ ਟੈਲੀਵੀਜ਼ਨ ਉਪਰ ਲੜੀਵਾਰ ਨਾਟਕਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਵਿਖਾਉਣ ਵਾਲੀ ਤੇ ਲੋਕਾਂ ਦੇ ਦਿਲਾਂ ਉਪਰ ਰਾਜ ਕਰਨ ਵਾਲੀ ਜਾਣੀ ਪਛਾਣੀ ਪ੍ਰਸਿੱਧ ਅਦਾਕਾਰ ਬੈਟੀ ਵਾਈਟ 99 ਸਾਲ ਤੋਂ ਵਧ ਉਮਰ ਵਿਚ ਇਸ ਦੁਨੀਆ ਨੂੰ ਅਲਵਿੰਦਾ ਕਹਿ ਗਈ। ਇਸ ਉਮਰ ਵਿਚ ਵੀ ਉਹ ਪੂਰੀ ਤਰਾਂ ਸਰਗਰਮ ਸੀ ਤੇ ਉਸ ਨੇ 17 ਜਨਵਰੀ ਨੂੰ ਆਪਣਾ 100ਵਾਂ ਜਨਮ ਦਿਨ ਮਨਾਉਣਾ ਸੀ। ਬੈਟੀ ਵਾਈਟ ਨੇ ਆਪਣੇ 100ਵੇਂ ਜਨਮ ਦਿਨ ਨੂੰ ਖਾਸ ਬਣਾਉਣ ਲਈ ਆਪਣੇ ਦੋਸਤਾਂ-ਮਿਤਰਾਂ ਨੂੰ ਟਵੀਟ ਰਾਹੀਂ ਸੱਦਾ ਦਿੱਤਾ ਸੀ । ਉਸ ਨੇ 28 ਦਸੰਬਰ ਨੂੰ ਟਵੀਟ ਕੀਤਾ ਸੀ। "ਮੇਰਾ 100 ਵਾਂ ਜਨਮ ਦਿਨ।। ਮੈ ਵਿਸ਼ਵਾਸ਼ ਨਹੀਂ ਕਰਦੀ ਆਵੇਗਾ।" ਬੈਟੀ ਵਾਈਟ ਦਾ ਸਫਲ ਫਿਲਮੀ ਜੀਵਨ ਇਸ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਦੀਆਂ ਫਿਲਮਾਂ 21 ਵਾਰ ਐਮੀ ਪੁਰਸਕਾਰ ਲਈ ਨਾਮਜ਼ਦ ਹੋਈਆਂ ਤੇ 5 ਵਾਰ ਉਸ ਨੇ ਇਹ ਪੁਰਸਕਾਰ ਜਿੱਤਿਆ। ਉਸ ਦੇ ਪਹਿਲੇ ਟੈਲੀਵੀਜ਼ਨ ਲੜੀਵਾਰ ' ਲਾਈਫ ਵਿਦ ਅਲਿਜ਼ਾਬਥ' ਤੋਂ ਬਾਅਦ ਸ਼ਾਇਦ ਹੀ ਕੋਈ ਦਿਨ ਹੋਵੇਗਾ ਜਦੋਂ ਬੈਟੀ ਵਾਈਟ ਟੈਲੀਵੀਜ਼ਨ ਉਪਰ ਨਜਰ ਨਾ ਆਈ ਹੋਵੇ। ਉਸ ਨੇ 'ਡੇਟ ਵਿਦ ਦ ਐਂਜਲਜ', 'ਦ ਮੈਰੀ ਟਾਇਲਰ ਮੂਰ ਸ਼ੋਅ' , 'ਦ ਬੈਟੀ ਵਾਈਟ ਸ਼ੋਅ', ਮੱਮਾ'ਜ ਫੈਮਿਲੀ, ' ਦ ਗੋਲਡਨ ਗਰਲ'," ਬੋਸਟਨ ਲੀਗਲ', 'ਹੌਟ ਇਨ ਕਲੀਵਲੈਂਡ', ਤੇ ' ਬੈਟੀ ਵਾਈਟ'ਜ ਆਫ ਦਿਅਰ ਰੌਂਕਰਜ' ਵਿਚ ਯਾਦਗਾਰੀ ਭੂਮਿਕਾਵਾਂ ਨਿਭਾਈਆਂ।

ਇਲੀਨੋਇਸ ਦੇ ਹੋਟਲ ਵਿਚ ਅਣਪਛਾਤੇ ਹਮਲਾਵਰਾਂ ਵੱਲੋਂ ਚਲਾਈਆਂ ਗੋਲੀਆਂ ਨਾਲ ਇਕ ਪੁਲਿਸ ਅਧਿਕਾਰੀ ਦੀ ਮੌਤ, ਇਕ ਗੰਭੀਰ ਜ਼ਖਮੀ

ਸੈਕਰਾਮੈਂਟੋ 31 ਦਸੰਬਰ – ਇਲੀਨੋਇਸ ਦੇ 'ਕੰਫਰਟ ਇਨ' ਹੋਟਲ ਵਿਚੋਂ ਅਣਪਛਾਤੇ ਹਮਲਾਵਰਾਂ ਵੱਲੋਂ ਚਲਾਈਆਂ ਗੋਲੀਆਂ ਨਾਲ ਇਕ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ ਜਦ ਕਿ ਇਕ ਹੋਰ ਗੰਭੀਰ ਜ਼ਖਮੀ ਹੋ ਗਿਆ ਜਿਸ ਦੀ ਸਰਜਰੀ ਕੀਤੀ ਗਈ ਹੈ। ਬਰਾਡਲੇ ਪੁਲਿਸ ਵਿਭਾਗ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਹੋਟਲ ਦੀ ਪਾਰਕਿੰਗ ਵਿਚ ਖੜੇ ਇਕ ਸ਼ੱਕੀ ਵਾਹਣ ਸਬੰਧੀ ਫੋਨ ਆਉਣ 'ਤੇ ਪੁਲਿਸ ਮੌਕੇ ਉਪਰ ਪੁੱਜੀ ਸੀ। ਇਕ ਪੁਲਿਸ ਅਧਿਕਾਰੀ ਨੇ ਵਾਹਣ ਦੇ ਸੰਭਾਵੀ ਮਾਲਕ ਜੋ ਹੋਟਲ ਦੇ ਕਮਰੇ ਵਿਚ ਠਹਿਰਿਆ ਹੋਇਆ ਸੀ, ਨਾਲ ਫੋਨ ਉਪਰ ਗੱਲਬਾਤ ਕੀਤੀ। ਇਸ ਗੱਲਬਾਤ ਦੌਰਾਨ ਹੀ ਪੁਲਿਸ ਉਪਰ ਗੋਲੀਆਂ ਚਲਾਈਆਂ ਗਈਆਂ ਜਿਸ ਦੌਰਾਨ ਇਕ ਪੁਲਿਸ ਅਧਿਕਾਰੀ ਦੀ ਮੌਤ ਹੋ ਗਈ ਜਦ ਕਿ ਦੂਸਰਾ ਜ਼ਖਮੀ ਹੋ ਗਿਆ ਜਿਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇਸ ਮਾਮਲੇ ਵਿਚ ਪੁਲਿਸ ਨੂੰ ਦੋ ਵਿਅਕਤੀਆਂ ਦੀ ਤਲਾਸ਼ ਹੈ ਜਿਨ੍ਹਾਂ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ ਹਨ। ਪੁਲਿਸ ਨੇ ਘਟਨਾ ਸਬੰਧੀ ਕਿਸੇ ਤਰਾਂ ਦੀ ਜਾਣਕਾਰੀ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ।

ਵਿਸਕਾਸਿਨ ਵਿਚ ਨਵੇਂ ਸਾਲ ਦੇ ਪਹਿਲੇ ਦਿਨ ਚੱਲੀਆਂ ਗੋਲੀਆਂ ਨਾਲ 1 ਮੌਤ, 3 ਜ਼ਖਮੀ

ਸੈਕਰਾਮੈਂਟੋ 2 ਜਨਵਰੀ– ਨਵੇਂ ਸਾਲ ਦੇ ਪਹਿਲੇ ਦਿਨ ਕੇਨੋਸ਼ਾ, (ਵਿਸਕਾਸਿਨ) ਦੀ 52 ਵੀਂ ਸਟਰੀਟ ਦੇ 1700 ਬਲਾਕ ਵਿਚ ਰਾਤ ਵੇਲੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਤਿੰਨ ਹੋਰ ਜ਼ਖਮੀ ਹੋ ਗਏ। ਕੇਨੋਸ਼ਾ ਪੁਲਿਸ ਵਿਭਾਗ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਤਕਰੀਬਨ 4 ਵਜੇ ਤੜਕਸਾਰ ਪੁਲਿਸ ਨੂੰ ਇਕ ਪਾਰਕਿੰਗ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਕੁਝ ਲੋਕ ਆਪਣੇ ਵਾਹਣਾਂ ਵਿਚ ਤੇ ਕੁਝ ਪੈਦਲ ਹੀ ਘਟਨਾ ਸਥਾਨ ਤੋਂ ਭੱਜ ਗਏ। ਮੌਕੇ ਉਪਰ 4 ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ ਜਿਨ੍ਹਾਂ ਵਿਚੋਂ ਇਕ ਵਿਅਕਤੀ ਦਮ ਤੋੜ ਗਿਆ ਹਾਲਾਂ ਕਿ ਉਸ ਨੂੰ ਬਚਾਉਣ ਲਈ ਡਾਕਟਰੀ ਸਹਾਇਤਾ ਦਿੱਤੀ ਗਈ। 3 ਹੋਰ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਵਿਚੋਂ ਇਕ ਦੀ ਹਾਲਤ ਅੱਤ ਗੰਭੀਰ ਤੇ ਦੂਸਰੇ ਦੀ ਹਾਲਤ ਗੰਭੀਰ ਹੈ। ਤੀਸਰੇ ਦੀ ਹਾਲਤ ਖਤਰੇ ਤੋਂ ਬਾਹਰ ਹੈ। ਇਹ ਸਾਰੇ ਲੀਨੋਇਸ ਦੇ ਵਾਸੀ ਹਨ ਤੇ ਇਨ੍ਹਾਂ ਦੀ ਉਮਰ 23 ਤੋਂ 27 ਸਾਲਾਂ ਦੇ ਦਰਮਿਆਨ ਹੈ। ਪੁਲਿਸ ਅਨੁਸਾਰ ਅਜੇ ਇਸ ਮਾਮਲੇ ਵਿਚ ਕਿਸੇ ਨੂੰ ਵੀ ਹਿਰਾਸਤ ਵਿਚ ਨਹੀਂ ਲਿਆ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਗੋਲੀਬਾਰੀ ਸੋਚੀ ਸਮਝੀ ਯੋਜਨਾ ਤਹਿਤ ਕੀਤੀ ਗਈ ਹੈ ਉੱਝ ਇਸ ਘਟਨਾ ਤੋਂ ਸਮਾਜ ਨੂੰ ਕੋਈ ਖਤਰਾ ਨਹੀਂ ਹੈ। ਪੁਲਿਸ ਨੇ ਆਮ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਕਿਸੇ ਨੂੰ ਵੀ ਇਸ ਘਟਨਾ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ।

ਜੋ ਬਾਈਡਨ ਤੇ ਡਾਕਟਰ ਫੌਸੀ ਨੂੰ ਮਾਰਨ ਤੁਰਿਆ ਵਿਅਕਤੀ ਪੁਲਿਸ ਨੇ ਕੀਤਾ ਕਾਬੂ

ਸੈਕਰਾਮੈਂਟੋ 1 ਜਨਵਰੀ– ਪੁਲਿਸ ਨੇ ਕੈਲੀਫੋਰਨੀਆ ਦੇ ਇਕ ਵਿਅਕਤੀ ਨੂੰ ਲੋਵਾ ਵਿਚ ਗ੍ਰਿਫਤਾਰ ਕੀਤਾ ਹੈ ਜਿਸ ਦਾ ਇਰਾਦਾ ਰਾਸ਼ਟਰਪਤੀ ਜੋ ਬਾਈਡਨ ਤੇ ਰਾਸ਼ਟਰਪਤੀ ਦੇ ਮੁੱਖ ਮੈਡੀਕਲ ਸਲਾਹਕਾਰ ਡਾਕਟਰ ਐਨਥਨੀ ਫੌਸੀ ਦੀ ਹੱਤਿਆ ਕਰਨਾ ਸੀ। ਪੁਲਿਸ ਅਨੁਸਾਰ 25 ਸਾਲਾ ਨੌਜਵਾਨ ਕੂਆਚੂਆ ਬਰਿਲੀਅਨ ਸੀਆਂਗ ਦੇ ਕਬਜੇ ਵਿਚੋਂ ਇਕ ਅਸਾਲਟ ਰਾਈਫਲ ਤੇ ਹੋਰ ਗੋਲੀ ਸਿੱਕਾ ਬਰਾਮਦ ਹੋਇਆ। ਉਸ ਕੋਲੋਂ ਇਕ 'ਹਿੱਟ ਲਿਸਟ' ਵੀ ਬਰਾਮਦ ਹੋਈ ਹੈ। ਜਿਸ ਵਿਚ ਜੋ ਬਾਈਡਨ ਤੇ ਡਾ ਫੌਸੀ ਤੋਂ ਇਲਾਵਾ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਤੇ ਬਰਾਕ ਉਬਾਮਾ ਦੇ ਨਾਂ ਵੀ ਸ਼ਾਮਿਲ ਹਨ। ਪੁਲਿਸ ਅਨੁਸਾਰ ਸੀਆਂਗ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਜਦੋਂ ਉਹ ਵਾਈਟ ਹਾਊਸ ਵੱਲ ਜਾ ਰਿਹਾ ਸੀ। ਉਹ ਬਹੁਤ ਤੇਜੀ ਨਾਲ ਗੱਡੀ ਚਲਾ ਰਿਹਾ ਸੀ ਤੇ ਉਸ ਦਾ ਵਿਵਹਾਰ ਆਮ ਨਹੀਂ ਸੀ। ਸ਼ੱਕ ਪੈਣ 'ਤੇ ਪੁਲਿਸ ਨੇ ਉਸ ਨੂੰ ਰੋਕ ਲਿਆ। ਉਸ ਨੂੰ ਹੋਰ ਪੁੱਛਗਿੱਛ ਲਈ ਕਾਸ ਕਾਊਂਟੀ ਪੁਲਿਸ ਮੁੱਖ ਦੇ ਦਫਤਰ ਲਿਜਾਇਆ ਗਿਆ । ਪੁਲਿਸ ਅਨੁਸਾਰ ਸੀਆਂਗ ਨੇ ਮੰਨਿਆ ਹੈ ਕਿ ਉਹ ਸੱਤਾਧਾਰੀ ਆਗੂਆਂ ਨੂੰ ਮਾਰਨ ਦੇ ਇਰਾਦੇ ਨਾਲ 18 ਦਸੰਬਰ ਨੂੰ ਘਰੋਂ ਨਿਕਲਿਆ ਸੀ ।

ਕੋਲੋਰਾਡੋ ਦੇ ਜੰਗਲ ਵਿਚ ਲੱਗੀ ਅੱਗ ਤੇ ਤੇਜ਼ ਹਵਾਵਾਂ ਕਾਰਨ ਹਜਾਰਾਂ ਲੋਕ ਘਰ- ਬਾਹਰ ਛੱਡਣ ਲਈ ਹੋਏ ਮਜ਼ਬੂਰ

ਸੈਕਰਾਮੈਂਟੋ 31 ਦਸੰਬਰ– ਬੋਲਡਰ (ਕੋਲੋਰਾਡੋ) ਨੇੜੇ ਜੰਗਲ ਵਿਚ ਲੱਗੀ ਅੱਗ ਤੇ ਤੇਜ਼ ਹਵਾਵਾਂ ਚੱਲਣ ਕਾਰਨ ਹਜਾਰਾਂ ਲੋਕ ਆਪਣੇ ਘਰ ਛੱਡਣ ਲਈ ਮਜ਼ਬੂਰ ਹੋਏ ਹਨ ਜਦ ਕਿ ਪ੍ਰਸ਼ਾਸਨ ਨੇ ਹਜਾਰਾਂ ਹੋਰ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਹੈ। 'ਨੈਸ਼ਨਲ ਵੈਦਰ ਸਰਵਿਸ' ਨੇ ਸਥਿੱਤੀ ਨੂੰ ਜਾਨ ਲੇਵਾ ਦੱਸਿਆ ਹੈ ਤੇ ਕਿਹਾ ਹੈ ਕਿ ਅੱਗ ਲੱਗਣ ਦਰਮਿਆਨ ਹੀ 110 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲ ਰਹੀਆਂ ਹਵਾਵਾਂ ਹਾਲਾਤ ਨੂੰ ਹੋਰ ਖਰਾਬ ਕਰ ਰਹੀਆਂ ਹਨ। ਸਮੁੱਚੇ ਕਸਬੇ ਬੋਲਡਰ ਵਿਚ ਰਹਿੰਦੇ ਤਕਰੀਬਨ 13000 ਵਾਸੀਆਂ ਨੂੰ ਤੁਰੰਤ ਖੇਤਰ ਛੱਡ ਦੇਣ ਲਈ ਕਿਹਾ ਗਿਆ ਹੈ ਕਿਉਂਕਿ ਅੱਗ ਤੇਜੀ ਨਾਲ ਫੈਲ ਰਹੀ ਹੈ। 'ਬੋਲਡਰ ਆਫਿਸ ਆਫ ਐਮਰਜੈਂਸੀ ਮੈਨੇਜਮੈਂਟ' ਨੇ ਇਕ ਟਵੀਟ ਵਿਚ ਕਿਹਾ ਹੈ ਕਿ ਲੋਇਸਵਿਲੇ ਕਸਬੇ ਦੇ ਤਕਰੀਬਨ 20000 ਵਾਸੀਆਂ ਨੂੰ ਵੀ ਫੌਰੀ ਸੁਰੱਖਿਅਤ ਥਾਵਾਂ 'ਤੇ ਭੇਜਣ ਲਈ ਕਿਹਾ ਗਿਆ ਹੈ। ਕੋਲੋਰਾਡੋ ਦੇ ਗਵਰਨਰ ਜਰਡ ਪੋਲਿਸ ਨੇ ਅੱਗ ਤੇ ਭਾਰੀ ਤੂਫਾਨ ਵਾਲੇ ਖੇਤਰਾਂ ਵਿਚੋਂ ਬਚਾਏ ਗਏ ਲੋਕਾਂ ਲਈ ਪ੍ਰਾਰਥਨਾ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਤੇਜ਼ ਹਵਾਵਾਂ ਕਾਰਨ ਅੱਗ ਤੇਜ਼ੀ ਨਾਲ ਫੈਲੀ ਹੈ ਤੇ ਇਸ ਖੇਤਰ ਵਿਚ ਹਵਾਈ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਹਨ। ਬੋਲਡਰ ਪੁਲਿਸ ਵਿਭਾਗ ਨੇ ਡਰਾਈਵਰਾਂ ਨੂੰ ਕਿਹਾ ਹੈ ਕਿ ਉਹ ਧੂੰਏਂ ਤੇ ਤੇਜ਼ ਹਵਾਵਾਂ ਕਾਰਨ ਆਪਣੇ ਵਾਹਣਾਂ ਨੂੰ ਸੜਕਾਂ ਉਪਰ ਨਾ ਲਿਆਉਣ ਕਿਉਂਕਿ ਅਜਿਹੇ ਹਾਲਾਤ ਵਿਚ ਵਾਹਣ ਚਲਾਉਣਾ ਜਾਨ ਨੂੰ ਜੋਖਮ ਵਿਚ ਪਾਉਣ ਵਾਲੀ ਗੱਲ ਹੋਵੇਗੀ।

ਭਾਰੀ ਬਰਫ਼ਬਾਰੀ ਤੇ ਬਰਫ਼ੀਲੇ ਤੂਫਾਨ ਕਾਰਨ ਜਨ - ਜੀਵਨ ਬੁਰੀ ਤਰਾਂ ਪ੍ਰਭਾਵਿਤ, ਲੱਖਾਂ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜਬੂਰ

ਸੈਕਰਾਮੈਂਟੋ 4 ਜਨਵਰੀ– ਦੱਖਣੀ ਤੇ ਮੱਧ ਐਟਲਾਂਟਾ ਵਿਚ ਭਾਰੀ ਬਰਫ਼ਬਾਰੀ ਤੇ ਬਰਫ਼ੀਲੇ ਤੂਫਾਨ ਕਾਰਨ ਆਮ ਜਨ ਜੀਵਨ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ। ਇਲਾਕੇ ਵਿਚ ਬਿਜਲੀ ਦੀ ਸਪਲਾਈ ਪ੍ਰਭਾਵਿਤ ਹੋਈ ਹੈ ਤੇ ਤਕਰੀਬਨ 8,50,000 ਲੋਕ ਇਸ ਭਰ ਸਰਦੀ ਵਿਚ ਬਿਨਾਂ ਬਿਜਲੀ ਤੋਂ ਦਿਨ-ਰਾਤ ਕਟਣ ਲਈ ਮਜਬੂਰ ਹਨ। ਹਵਾਈ ਸੇਵਾਵਾਂ ਉਪਰ ਵੀ ਵਿਆਪਕ ਅਸਰ ਪਿਆ ਹੈ। ਵਾਸ਼ਿੰਗਟਨ , ਡੀ ਸੇ ਦੇ 3 ਪ੍ਰਮੁੱਖ ਹਵਾਈ ਅੱਡਿਆਂ ਉਪਰ ਅਧਿਉਂ ਵਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ ਜਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਮੌਸਮ ਵਿਭਾਗ ਵੱਲੋਂ ਕਈ ਥਾਵਾਂ 'ਤੇ 6 ਤੋਂ 12 ਇੰਚ ਤੱਕ ਬਰਫ਼ਬਾਰੀ ਹੋਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਐਕੂ ਵੈਦਰ ਅਨੁਸਾਰ ਵਰਜੀਨੀਆ ਦੇ ਪੂਰਬ ਤੋਂ ਲੈ ਕੇ ਮੈਰੀਲੈਂਡ ਦੇ ਪੂਰਬੀ ਕੰਢੇ, ਡੈਲਾਵੇਅਰ ਤੇ ਦੱਖਣੀ ਨਿਊਜਰਸੀ ਵਿਚ ਭਾਰੀ ਬਰਫ਼ਬਾਰੀ ਹੋਣ ਦੀ ਸੰਭਾਵਨਾ ਹੈ। ਵਰਜੀਨੀਆ, ਮੈਰੀ-ਲੈਂਡ, ਨਿਊਜਰਸੀ ਤੇ ਉਤਰੀ ਕੈਰੋਲੀਨਾ ਵਿਚ 10 ਇੰਚ ਤੱਕ ਬਰਫ਼ਬਾਰੀ ਹੋਣ ਦੀਆਂ ਰਿਪੋਰਟਾਂ ਹਨ। ਕੌਮੀ ਮੌਸਮ ਸੇਵਾ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ 35 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਬਰਫ਼ੀਲੀਆਂ ਹਵਾਵਾਂ ਚੱਲਣ ਕਾਰਨ ਸਫਰ ਕਰਨਾ ਬਹੁਤ ਮੁਸ਼ਕਿਲ ਹੋ ਸਕਦਾ ਹੈ। ਪੈਦਾ ਹੋਏ ਹਾਲਾਤ ਦੇ ਮੱਦੇਨਜਰ ਵਾਸ਼ਿੰਗਟਨ ਵਿਚ ਸੰਘੀ ਦਫਤਰ ਸੋਮਵਾਰ ਬੰਦ ਕਰ ਦਿੱਤੇ ਗਏ। ਅਨੇਕਾਂ ਸਕੂਲ ਵੀ ਬੰਦ ਕਰ ਦੇਣ ਦਾ ਐਲਾਨ ਕੀਤਾ ਗਿਆ ਹੈ।

ਹਜਾਰਾਂ ਉਡਾਣਾਂ ਰੱਦ– ਅਮਰੀਕਾ ਦੇ ਵੱਖ ਵੱਖ ਹਵਾਈ ਅਡਿਆਂ ਉਪਰ 2900 ਤੋਂ ਵਧ ਉਡਾਣਾਂ ਸੋਮਵਾਰ ਰੱਦ ਕਰ ਦਿੱਤੀਆਂ ਗਈਆਂ ਜਿਸ ਕਾਰਨ ਯਾਤਰੀ ਹਵਾਈ ਅੱਡਿਆਂ ਉਪਰ ਹੀ ਭਟਕਦੇ ਰਹੇ। ਫਲਾਈਟ ਅਵੇਅਰ ਅਨੁਸਾਰ 4200 ਤੋਂ ਵਧ ਉਡਾਣਾਂ ਵਿਚ ਦੇਰੀ ਹੋਈ ਹੈ। ਯਾਤਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਡੈਨਵਰ ਕੌਮਾਂਤਰੀ ਹਵਾਈ ਅੱਡੇ ਉਪਰ ਦੋ ਰਾਤਾਂ ਬਿਤਾਉਣੀਆਂ ਪਈਆਂ। ਇਕ ਯਾਤਰੀ ਨੇ ਦੱਸਿਆ ਕਿ ਉਹ ਫਰੰਟੀਅਰ ਏਅਰ ਲਾਈਨਜ ਦੀ ਉਡਾਣ ਉਪਰ ਡੈਨਵਰ ਆਇਆ ਸੀ ਪਰੰਤੂ ਇਥੇ ਆ ਕੇ ਪਤਾ ਲੱਗਾ ਕੇ ਕੈਲੀਫੋਰਨੀਆ ਜਾਣ ਵਾਲੀ ਉਡਾਣ ਰੱਦ ਕਰ ਦਿੱਤੀ ਗਈ ਹੈ। ਇਸ ਕਾਰਨ ਉਨ੍ਹਾਂ ਨੂੰ ਪ੍ਰੇਸ਼ਾਨੀ ਵਿਚ ਸਮਾਂ ਬਿਤਾਉਣਾ ਪਿਆ।

ਨਵਾਂ ਸਾਲ ਮੁਬਾਰਕ!

ਪ੍ਰੋ: ਐਚ.ਐਲ.ਕਪੂਰ

ਨਵਾਂ ਸਾਲ ਦੁਨੀਆਂ ਭਰ ਵਿਚ ਬੜੇ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਸਾਲ ਦੀ 31 ਦਸੰਬਰ ਅੱਧੀ ਰਾਤ ਨੂੰ 12 ਵਜੇ ਦਾ ਅੰਤ ਅਤੇ ਅਗਲੇ ਸਾਲ ਦੀ ਪਹਿਲੀ ਜਨਵਰੀ ਦੀ ਸ਼ੁਰੂਆਤ ਨਵੇਂ ਸਾਲ ਦੀ ਸ਼ੁਰੂਆਤ ਨੂੰ ਦਰਸਾਉਂਦੀ ਹੈ। ਨਵਾਂ ਸਾਲ 2022 ਆ ਗਿਆ ਹੈ।

ਨਵਾਂ ਸਾਲ ਪੂਰੀ ਦੁਨੀਆਂ 'ਚ ਬੜੇ ਉਤਸ਼ਾਹ, ਖੁਸ਼ੀ ਅਤੇ ਬੜੀਆਂ ਉਮੰਗਾਂ ਦੇ ਨਾਲ ਮਨਾਇਆ ਜਾਂਦਾ ਹੈ। ਇਹ ਉਹਨਾਂ ਲੋਕਾਂ ਲਈ ਇਕ ਮਹੱਤਵਪੂਰਨ ਦਿਨ ਹੈ, ਜੋ ਨਵੇਂ ਸਾਲ ਵਿਚ ਆਪਣੇ ਵਿਲੱਖਣ ਅੰਦਾਜ਼ ਵਿਚ ਇਸ ਦੀ ਵਰਤੋਂ ਕਰਦੇ ਹਨ। ਲੋਕ ਬਾਜ਼ਾਰ ਤੋਂ ਕਈ ਤਰ੍ਹਾਂ ਦੇ ਪਹਿਰਾਵੇ ਅਤੇ ਵਸਤੂਆਂ ਖਰੀਦਦੇ ਹਨ। ਭਾਰਤ ਦੇ ਨਵੇਂ ਸਾਲ ਦੇ ਜਸ਼ਨ ਭੋਜਨ ਅਤੇ ਰੀਤੀ ਰਿਵਾਜ਼ਾਂ ਨਾਲ ਭਰੇ ਹੋਏ ਹਨ। ਇਸ ਮੌਕੇ ਨੂੰ ਮਨਾਉਣ ਲਈ ਸੰਗੀਤ ਅਤੇ ਡਾਂਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦਿਨ ਬੱਚਿਆਂ ਲਈ ਉਤਸ਼ਾਹ ਲਿਆਉਂਦਾ ਹੈ ਕਿਉਂਕਿ ਉਹ ਕਈ ਤਰ੍ਹਾਂ ਦੇ ਭੋਜਨ ਖਾਂਦੇ ਹਨ ਅਤੇ ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਮਜ਼ੇਦਾਰ ਯਾਤਰਾ ਕਰਦੇ ਹਨ। ਆਪਣੇ ਕੈਲੰਡਰਾਂ ਦੇ ਅਨੁਸਾਰ, ਭਾਰਤ ਵਿਚ ਵੱਖ-ਵੱਖ ਭਾਈਚਾਰੇ ਵੱਖ-ਵੱਖ ਦਿਨਾਂ 'ਤੇ ਨਵਾਂ ਸਾਲ ਮਨਾਉਂਦੇ ਹਨ। ਭਾਰਤ 'ਚ ਨਵਾਂ ਸਾਲ ਇਸ ਤਰ੍ਹਾਂ 1 ਜਨਵਰੀ ਨੂੰ ਮਨਾਇਆ ਜਾਂਦਾ ਹੈ, ਹਾਲਾਂਕਿ ਹਿੰਦੂ ਧਰਮ ਦੇ ਗ੍ਰੰਥਾਂ ਦੇ ਅਨੁਸਾਰ ਨਵਾਂ ਸਾਲ ਮਾਰਚ ਅਤੇ ਅਪ੍ਰੈਲ ਦੇ ਵਿਚਕਾਰ ਭਾਵ ਦੇਸੀ ਮਹੀਨੇ ਚੇਤਰ (ਚੇਤ) ਦੀ ਪਹਿਲੀ ਤਰੀਕ (ਇਕ ਚੇਤਰ) ਨੂੰ ਮਨਾਇਆ ਜਾਂਦਾ ਹੈ। ਅੰਗਰੇਜ਼ੀ ਕੈਲੰਡਰ ਅਨੁਸਾਰ ਨਵਾਂ ਸਾਲ ਇਕ ਜਨਵਰੀ ਨੂੰ ਮਨਾਇਆ ਜਾਂਦਾ ਹੈ। ਨਵੇਂ ਸਾਲ ਦੀ ਮਹਾਨਤਾ ਕੀ ਹੈ?

ਭਾਵੇਂ ਹਰ ਧਰਮ ਦਾ ਆਪਣਾ-ਆਪਣਾ ਕੈਲੰਡਰ ਹੁੰਦਾ ਹੈ ਪਰ ਨਵੇਂ ਸਾਲ ਨੂੰ ਮਨਾਉਣ ਲਈ ਜ਼ਿਆਦਾਤਰ ਦੇਸ਼ਾਂ ਵਿਚ ਅੰਗਰੇਜ਼ੀ ਕੈਲੰਡਰ ਦੀ ਵਰਤੋਂ ਕੀਤੀ ਜਾਂਦੀ ਹੈ। ਚੀਨੀ ਨਵਾਂ ਸਾਲ ਫਰਵਰੀ 'ਚ ਮਨਾਇਆ ਜਾਂਦਾ ਹੈ। ਭਾਰਤ 'ਚ ਨਵਾਂ ਸਾਲ ਹੋਰ ਕੈਲੰਡਰਾਂ ਜਿਵੇਂ ਕਿ ਹਿੰਦੀ, ਬੰਗਾਲੀ ਅਤੇ ਹੋਰਾਂ ਦੇ ਆਧਾਰ 'ਤੇ ਕਈ ਤਰੀਕਾਂ 'ਤੇ ਮਨਾਇਆ ਜਾਂਦਾ ਹੈ। ਜ਼ਿਆਦਾਤਰ ਦੇਸ਼ 31 ਦਸੰਬਰ, ਭਾਵ 1 ਜਨਵਰੀ ਨੂੰ ਸਵੇਰੇ 12:00 ਵਜੇ ਤੋਂ ਬਾਅਦ ਨਵਾਂ ਸਾਲ ਮਨਾਉਂਦੇ ਹਨ। ਇਸ ਦੇ ਨਾਲ ਹੀ ਲੋਕ ਆਤਿਸ਼ਬਾਜ਼ੀ ਕਰਦੇ ਹਨ ਅਤੇ ਇਕ ਦੂਜੇ ਨੂੰ

ਵਧਾਈ ਦਿੰਦੇ ਹਨ। ਨਵਾਂ ਸਾਲ ਸਭ ਤੋਂ ਪੁਰਾਣੇ ਤਿਉਹਾਰਾਂ ਵਿਚੋਂ ਇਕ ਹੈ। ਹਾਲਾਂਕਿ ਤਿਉਹਾਰ ਦੀ ਮਿਤੀ ਅਤੇ ਇਸ ਨੂੰ ਦੁਨੀਆਂ ਦੇ ਵੱਖ-ਵੱਖ ਹਿੱਸਿਆਂ 'ਚ ਮਨਾਉਣ ਦਾ ਤਰੀਕਾ ਸਮੇਂ ਦੇ ਨਾਲ ਬਹੁਤ ਬਦਲ ਗਿਆ ਹੈ। ਨਵੇਂ ਸਾਲ ਦਾ ਜਸ਼ਨ ਕਿਸੇ ਸਮੇਂ ਫੈਟਿਸ਼ ਨਾਲ ਜੁੜਿਆ ਹੋਇਆ ਸੀ। ਇਹ ਇਸਾਈਆਂ ਦੁ-ਆਰਾ ਸੁੰਨਤ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਨਵਾਂ ਸਾਲ ਇਕ ਨਵੀਂ ਸ਼ੁਰੂਆਤ ਦਾ ਪ੍ਰਤੀਕ ਹੈ ਅਤੇ ਸਾਨੂੰ ਲਗਾਤਾਰ ਅੱਗੇ ਵਧਦੇ ਰਹਿਣਾ ਸਿਖਾਉਂਦਾ ਹੈ।

ਨਵੇਂ ਸਾਲ ਦਾ ਨਵਾਂ ਉਦੇਸ਼- ਸਾਨੂੰ ਪਿਛਲੇ ਸਾਲ ਦੇ ਅੰਤ 'ਤੇ ਨਿਰਾਸ਼ ਨਹੀਂ ਹੋਣਾ ਚਾਹੀਦਾ, ਸਗੋਂ ਨਵੇਂ ਸਾਲ ਨੂੰ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਗਲੇ ਲਗਾਉਣਾ ਚਾਹੀਦਾ ਹੈ। ਸਾਨੂੰ ਸਮੇਂ ਦੇ ਬੀਤਣ 'ਤੇ ਵਿਚਾਰ ਕਰਨ, ਸੰਭਾਵਨਾਵਾਂ ਨੂੰ ਗ੍ਰਹਿਣ ਕਰਨ ਅਤੇ ਉਹਨਾਂ ਦੇ ਨਤੀਜੇ ਵਜੋਂ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਨ ਦੀ ਉਮੀਦ ਕਰਨੀ ਚਾਹੀਦੀ ਹੈ। ਨਵੇਂ ਸਾਲ ਦੇ ਜਸ਼ਨ ਵਿਚ, ਪਾਰਟੀਆਂ ਵੱਖ-ਵੱਖ ਥਾਵਾਂ 'ਤੇ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਹ ਨੱਚਣ, ਗੀਤਾਂ, ਸੁਆਦਲੇ ਪਕਵਾਨਾਂ ਅਤੇ ਦਿਲਚਸਪ ਗਤੀਵਿਧੀਆਂ ਦੇ ਕਾਰਨ ਮਨੋਰੰਜਕ ਹੈ। ਕੁਝ ਵਿਅਕਤੀ ਰੱਬ ਦਾ ਆਦਰ ਕਰਨ ਅਤੇ ਨਵੇਂ ਸਾਲ ਦਾ ਸੁਆਗਤ ਕਰਨ ਲਈ ਧਾਰਮਿਕ ਸਮਾਗਮਾਂ ਦੀ ਮੇਜ਼ਬਾਨੀ ਕਰਦੇ ਹਨ। ਇਸ ਲਈ ਨਵੇਂ ਸਾਲ 'ਚ ਉਹਨਾਂ ਚੀਜ਼ਾਂ ਦੀ ਸੂਚੀ ਤਿਆਰ ਕਰੋ, ਜਿਹਨਾਂ ਨੂੰ ਤੁਸੀਂ ਅਗਲੇ ਸਾਲ ਵਿਚ ਸੁਧਾਰਨ, ਬਦਲਣ ਜਾਂ ਸ਼ੁਰੂ ਕਰਨ ਦੀ ਉਮੀਦ ਰੱਖਦੇ ਹੋ। ਦੂਜਿਆਂ ਨਾਲ ਆਪਣੀ ਸੂਚੀ ਦਾ ਆਦਾਨ-ਪ੍ਰਦਾਨ ਕਰੋ ਅਤੇ ਇਸ ਬਾਰੇ ਗੱਲਬਾਤ ਕਰੋ ਕਿ ਤੁਹਾਡੇ ਵਿਚੋਂ ਹਰ ਇਕ ਬਿਹਤਰ ਵਿਅਕਤੀ ਬਣਨ ਲਈ ਇਕ-ਦੂਜੇ ਨੂੰ ਕਿਵੇਂ ਉਤਸ਼ਾਹਿਤ ਕਰ ਸਕਦਾ ਹੈ।

ਇਹ ਉਹ ਸਮਾਂ ਹੈ ਜਦੋਂ ਅਸੀਂ ਮੌਜੂਦਾ ਸਾਲ ਨੂੰ ਅਲਵਿਦਾ ਆਖਦੇ ਹਾਂ ਅਤੇ ਆਉਣ ਵਾਲੇ ਸਾਲ ਦਾ ਸਵਾਗਤ ਬਾਹਾਂ, ਉਮੀਦਾਂ, ਆਪਣੇ ਟੀਚਿਆਂ ਅਤੇ ਨਵੇਂ ਸੁਪਨਿਆਂ ਵੱਲ ਕੰਮ ਕਰਨ ਦੇ ਜੋਸ਼ ਨਾਲ ਕਰਦੇ ਹਾਂ। ਪਿਛਲੇ ਤਕਰੀਬਨ ਦੋ ਸਾਲਾਂ ਤੋਂ ਕਰੋਨਾ ਵਾਇਰਸ ਦੇ ਫੈਲਣ ਨਾਲ, ਸਾਡੇ ਲਈ ਮੁਸ਼ਕਿਲ ਭਰੇ ਰਹੇ, ਮਾਨੋ ਇਸ ਤਰ੍ਹਾਂ ਲੱਗਦਾ ਸੀ ਕਿ ਜਿਵੇਂ ਜ਼ਿੰਦਗੀ ਥੰਮ ਹੀ ਗਈ ਹੋਵੇ। ਮਹਾਂਮਾਰੀ ਨੇ ਸਾਨੂੰ ਆਪਣੇ ਅਜ਼ੀਜ਼ਾਂ ਤੋਂ ਦੂਰ ਰਹਿਣ, ਸਾਡੇ ਨਜ਼ਦੀਕੀਆਂ ਅਤੇ ਪਿਆਰਿਆਂ ਨੂੰ ਦੂਰ ਲੈ ਜਾਣ ਵਾਲੇ ਵਾਇਰਸ ਨੇ ਨਿਰੰਤਰ ਡਰ ਵਿਚ ਰਹਿਣ ਲਈ ਮਜਬੂਰ ਕੀਤਾ। ਜਸ਼ਨ ਇਸ ਲਈ ਵੀ ਨੀਵੇਂ ਰਹੇ ਕਿਉਂਕਿ ਅਸੀਂ ਇਕ ਵਾਇਰਸ ਦੇ ਡਰ ਵਿਚ ਜਿਉਂਦੇ ਰਹੇ ਜਿਸ ਨੇ ਦੁਨੀਆਂ ਨੂੰ ਆਪਣੀ ਲਪੇਟ ਵਿਚ ਲਿਆ।

2022 ਦੇ ਨਵੇਂ ਸਾਲ 'ਚ ਇਹ ਸੰਕਲਪ ਲਈਏ ਕਿ ਸਿਹਤ ਵਿਭਾਗ ਜਾਂ ਡਾਕਟਰਾਂ ਦੇ ਦੱਸੇ ਗਏ ਆਦੇਸ਼ਾਂ ਦਾ ਪਾਲਣ ਕਰੀਏ ਤਾਂ ਜੋ ਇਸ ਭਿਆਨਕ ਨਾਮੁਰਾਦ ਵਾਇਰਸ ਤੋਂ ਛੁਟਕਾਰਾ ਪਾ ਸਕੀਏ। ਇਸ ਸੰਕਲਪ ਨਾਲ ਅਸੀਂ ਇਸ ਵਾਇਰਸ ਨੂੰ ਹਰਾ ਸਕਦੇ ਹਾਂ। ਸਾਵਧਾਨੀਆਂ ਨਾਲ ਸਾਡੀਆਂ ਆਸਤੀਨਾਂ ਉਚੀਆਂ ਉਠ ਸਕਦੀਆਂ ਹਨ। ਅਸੀਂ ਜੇਤੂ ਬਣ ਸਕਦੇ ਹਾਂ ਤੇ ਹਰ ਇਕ ਵਿਅਕਤੀ ਨੂੰ ਬਿਹਤਰ ਬਣਾਉਣ ਲਈ ਉਤਸ਼ਾਹਿਤ ਕਰ ਸਕਦੇ ਹਾਂ।

ਮੇਰੇ ਵੱਲੋਂ ਅਦਾਰਾ 'ਦੇਸ਼ ਦੁਆਬਾ' ਤੇ 'ਅੰਬੇਦਕਰ ਟਾਈਮਜ਼' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ, ਇਨ੍ਹਾਂ ਅਖਬਾਰਾਂ ਦੇ ਸਮੁੱਚੇ ਦੇਸ਼ਾਂ-ਵਿਦੇਸ਼ਾਂ 'ਚ ਬੈਠੇ ਪਾਠਕਾਂ ਤੇ ਹਿਤਾਇਸ਼ੀਆਂ ਨੂੰ ਨਵੇਂ ਸਾਲ ਦੀਆਂ ਸ਼ੁੱਭ ਇਛਾਵਾਂ ਤੇ ਲੱਖ-ਲੱਖ ਮੁਬਾਰਕਾਂ। ਧੰਨਵਾਦ ਸਹਿਤ

ਸ਼ਾਤਰ ਜਮਾਤ ਨੇ ਸ਼ਾਸ਼ਕ ਜਮਾਤ ਨੂੰ ਸੇਵਾਦਾਰ ਬਣਾ ਦਿੱਤਾ

ਲਾਲ ਸਿੰਘ ਸੁਲਹਾਣੀ
91-98721-55120

ਕਪੂਰਥਲਾ ਦਾ ਦੇਵੀ ਦਾਸ ਨਾਹਰ ਜੋ ਬਹੁਜਨ ਸਮਾਜ ਪਾਰਟੀ ਪੰਜਾਬ ਸ਼ਾਖਾ ਦਾ ਉਪ ਪ੍ਰਧਾਨ ਸੀ ਲੋਕ ਸਭਾ ਚੋਣਾਂ ਤੋਂ ਬਾਅਦ ਪਾਰਟੀ ਨਾਲ ਨਰਾਜ਼ ਹੋ ਗਿਆ। ਕਾਂਗਰਸ ਪਾਰਟੀ ਦੇ ਉਕਸਾਉਣ ਸਦਕਾ ਉਸ ਵਲੋਂ ਬਹੁਜਨ ਸਮਾਜ ਪਾਰਟੀ (ਅੰਬੇਡਕਰੀ) ਬਣਾ ਲਈ ਗਈ। ਮਨੂਵਾਦੀ ਮੀਡੀਆ ਖਾਸ ਕਰਕੇ ਵਿਕਾਊ ਪ੍ਰੈਸ ਉਸਨੂੰ ਕੱਦਾਵਰ ਆਗੂ ਵਜੋਂ ਉਭਾਰਨ ਲੱਗੀ ਤੇ ਇਹ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਚ ਦੋਫਾੜ ਹੋ ਗਈ ਹੈ। ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ ਕਿ ਸਾਰੇ ਦਾ ਸਾਰਾ ਵਾਲਮੀਕ ਸਮਾਜ ਬਸਪਾ ਅੰਬੇਡਕਰੀ ਨਾਲ ਚਲਾ ਗਿਆ ਹੈ। ਦੇਵੀ ਦਾਸ ਨਾਹਰ ਵਲੋਂ ਇਹ ਵੀ ਪ੍ਰਚਾਰਿਆ ਜਾਣ ਲਗਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ 12 ਜ਼ਿਲ੍ਹਾ ਪ੍ਰਧਾਨਾਂ ਵਿੱਚੋਂ 11 ਉਸ ਨਾਲ ਹਨ। ਕਪੂਰਥਲਾ ਦੇ ਸ੍ਰੀ ਓਮ ਪ੍ਰਕਾਸ਼ ਸਿਧੀ ਜੋ ਖੁਦ ਜ਼ਿਲ੍ਹਾ ਪ੍ਰਧਾਨ ਸੀ ਨੇ ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਜੀ ਨੂੰ ਮਿਲਕੇ ਵਿਸ਼ਵਾਸ ਦਿਵਾਇਆ ਕਿ ਉਹ ਵਾਲਮੀਕ ਭਾਈਚਾਰੇ ਚੋਂ ਹੋਣ ਦੇ ਬਾਵਜੂਦ ਕਿਸੇ ਦੇਵੀ ਦੇ ਦਾਸ ਨਾਲ ਨਹੀਂ ਸਗੋਂ ਬਹੁਜਨ ਸਮਾਜ ਪਾਰਟੀ ਦੀ ਮੁਖ ਧਾਰਾ ਨਾਲ ਹੈ ਅਤੇ ਵਾਲਮੀਕ ਸਮਾਜ ਦਾ ਸੰਮੇਲਨ ਕਰਕੇ ਉਹ ਇਹ ਸਾਬਤ ਕਰ ਦੇਣਗੇ ਕਿ ਵਾਲਮੀਕ ਸਮਾਜ ਸਾਹਿਬ ਕਾਂਸ਼ੀ ਰਾਮ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

18 ਦਸੰਬਰ 1991 ਨੂੰ ਸ਼ਾਹੀ ਸ਼ਹਿਰ ਕਪੂਰਥਲਾ ਦੇ ਸ਼ਾਲੀਮਾਰ ਬਾਗ ਵਿਚ ਕਪੂਰਥਲਾ ਜ਼ਿਲ੍ਹਾ ਇਕਾਈ ਵਲੋਂ ਵਾਲਮੀਕ ਸੰਮੇਲਨ ਰੱਖ ਲਿਆ ਗਿਆ ਤਾਂ ਕਿ ਮਨੂਵਾਦੀ ਮੀਡੀਏ ਤੇ ਵਿਕਾਊ ਪਰੈਸ ਦਾ ਮੂੰਹ ਤੋੜ ਜੁਆਬ ਦਿਤਾ ਜਾ ਸਕੇ। ਤੇ ਵਿਰੋਧੀਆਂ ਦੇ ਮਨਸੂਬਿਆਂ ਨੂੰ ਤਾਰ ਤਾਰ ਕੀਤਾ ਜਾਵੇ। ਲੁਧਿਆਣਾ ਦੇ ਡੀ ਪੀ ਖੋਸਲਾ ਤੇ ਹੁਸ਼ਿਆਰਪੁਰ ਦੇ ਲਾਲ ਚੰਦ ਤੇ ਇਕਾ ਦੁੱਕਾ ਹੋਰਨਾਂ ਤੋਂ ਬਿਨਾਂ ਸਾਰੇ ਪੰਜਾਬ ਚੋਂ ਹਜ਼ਾਰਾਂ ਦੀ ਗਿਣਤੀ ਵਿਚ ਬਸਪਾ ਆਗੂ ਤੇ ਕਾਰਕੁਨ ਹੱਥਾਂ ਚ ਨੀਲੇ ਝੰਡੇ ਫੜੀ ਨਾਅਰੇ ਲਾਉਂਦੇ ਆਪਣੇ ਮਹਿਬੂਬ ਆਗੂ ਸਾਹਿਬ ਕਾਂਸ਼ੀ ਰਾਮ ਜੀ ਦੇ ਕ੍ਰਾਂਤੀਕਾਰੀ ਵਿਚਾਰ ਸੁਣਨ ਲਈ ਕਪੂਰਥਲਾ ਦੀ ਧਰਤੀ ਵੱਲ ਉਮੜ ਪਏ।

ਸਮਾਜਕ ਪਰਿਵਰਤਨ ਦੇ ਤਲਬਗਾਰ ਉਤਸ਼ਾਹੀ ਇਨਕਲਾਬੀ ਯੋਧਿਆਂ ਨੂੰ ਸੰਬੋਧਨ ਕਰਦਿਆਂ ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਜੀ ਨੇ ਆਖਿਆ ਕਿ ਵਾਲਮੀਕ ਸਮੁਦਾਏ ਬਹੁਜਨ ਸਮਾਜ ਦੀਆਂ 6000 ਜਾਤੀਆਂ ਵਿੱਚੋਂ ਇੱਕ ਪ੍ਰਮੁੱਖ ਜਾਤੀ ਹੈ। ਜਦੋਂ ਸਿਖ ਲਹਿਰ ਪੂਰੇ ਭਾਰਤ ਚ ਅੱਗੇ ਵਧੀ ਤਾਂ ਉਸ ਸਮੇਂ ਮੂਲ ਨਿਵਾਸੀ ਜਾਤੀਆਂ ਇਸ ਵਿਚ ਸ਼ਾਮਲ ਹੋਣ ਲੱਗੀਆਂ। ਜਿਨ੍ਹਾਂ ਵਿੱਚੋਂ ਵਾਲਮੀਕ ਜਾਤੀ ਵੀ ਇਕ ਸੀ। ਜਿਸ ਨੂੰ ਮਹਾਂਰਾਸ਼ਟਰ ਵਿਚ ਮਹਾਰ ਕਿਹਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਦਾ ਅਸਲੀ ਅਰਥ ਹੈ "ਮਹਾਰਾਂ ਦਾ ਦੇਸ਼"। ਬਹੁਤ ਸਮਾਂ ਪਹਿਲਾਂ ਮਹਾਰ/ ਵਾਲਮੀਕ ਜਾਤੀ ਭਾਰਤ ਤੇ ਰਾਜ ਕਰਦੀ ਸੀ ਜਿਸਦੀ ਰਾਜਧਾਨੀ ਨਾਗਪੁਰ ਸੀ । ਮੈਨੂੰ ਇਹ ਗੱਲ ਦਸਣ ਵਿਚ ਝਿਜਕ ਨਹੀਂ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਵਾਲਮੀਕ ਸਨ। ਜੋ ਇਕ ਸਚਾਈ ਤੇ ਅਸਲ ਇਤਿਹਾਸਕ ਤਥ ਇਹੋ ਹੈ।

ਸਿਖ ਲਹਿਰ ਵਿੱਚ ਜਮਾਂਦਾਰ, ਮਹਾਰ, ਵਾਲਮੀਕ ਕਹੇ ਜਾਣ ਵਾਲੇ ਲੋਕ ਸ਼ਾਮਲ ਹੋਏ, ਉਹ ਗੁਰੂਆਂ ਦੇ ਵਧੇਰੇ ਨਜ਼ਦੀਕ ਹੋਏ ਕਿਉਂਕਿ ਉਹਨਾਂ ਨੇ ਆਪਣਾ ਸਵੈ ਮਾਣ ਅਜੇ ਵੀ ਗੁਆਇਆ ਨਹੀਂ ਸੀ। ਵਾਲਮੀਕ ਮਹਾਰਾਂ ਚੋ ਜੋ ਲੋਕ ਸਿਖ ਬਣੇ ਉਹਨਾਂ ਨੂੰ "ਗੁਰੂ ਕੇ ਬੇਟੇ"ਬਣਾਕੇ ਉਹਨਾਂ ਦਾ ਨਾਮ ਮਜ਼ਬੀ ਸਿੱਖ (ਮਜ਼ਬ ਵਿਚ ਪ੍ਰਪੱਕ) ਰੱਖਿਆ ਗਿਆ। ਜੋ ਵਾਲਮੀਕ ਅੰਮ੍ਰਿਤ ਛਕ ਕੇ ਸਿੱਖ ਬਣ ਗਏ ਅਤੇ ਪਿੰਡਾਂ ਵਿਚ ਰਹਿਣ ਲੱਗੇ ਉਹਨਾਂ ਨੂੰ ਮਜ਼ਬੀ ਸਿੱਖ ਕਿਹਾ ਜਾਣ ਲੱਗਾ।

ਵਾਲਮੀਕ ਸਮੁਦਾਏ ਦਾ ਜ਼ਿਕਰ ਕਰਦਿਆਂ ਆਪ ਨੇ ਦੱਸਿਆ ਕਿ ਮਨੂਵਾਦੀ ਸਿੱਖ ਜਿਨ੍ਹਾਂ ਦੇ ਵਿਚਾਰ ਗੁਰੂਆਂ ਵਾਲੇ ਨਹੀਂ ਭਾਵੇਂ ਸ਼ਕਲ ਸਿੱਖਾਂ ਵਾਲੀ ਸੀ ਪ੍ਰੰਤੂ ਅਕਲ ਬ੍ਰਾਹਮਣਵਾਦੀਆਂ ਵਾਲੀ ਸੀ ਉਹਨਾਂ ਨੇ ਵਾਲਮੀਕੀਆਂ ਦੀ ਪਹਿਚਾਣ ਵੱਖਰੀ ਹੀ ਰੱਖੀ। ਉਹਨਾਂ ਨੂੰ ਖੁਸ਼ ਕਰਰਨ ਲਈ ਤਾਂ ਮਜ਼ਬੀ ਸਿੱਖ ਕਿਹਾ ਪ੍ਰੰਤੂ ਉਹ ਪਿੰਡਾਂ ਵਿੱਚ ਦੂਸਰੀ ਤਰ੍ਹਾਂ ਦਾ ਗੰਦਾ ਕਿੱਤਾ ਕਰਦੇ ਰਹੇ ਜਿਵੇਂ ਗੋਹਾ ਕੂੜਾ ਕਰਨਾ। ਉਹਨਾਂ ਦੀਆ ਬਸਤੀਆਂ ਵੀ ਅਲੱਗ ਰੱਖੀਆਂ ਜਿਹਨਾਂ ਨੂੰ "ਵਿਹੜਾ" ਕਿਹਾ ਜਾਂਦਾ ਹੈ। ਕਈ ਥਾਵਾਂ ਤੇ ਗਾਂਧੀਵਾਦੀਆਂ ਨੇ " ਹਰੀਜਨ ਕਲੋਨੀਆਂ " ਬਣਾ ਦਿੱਤੀਆਂ। ਕਿਉਂਕਿ ਉਹ ਹੌਲੀ ਹੌਲੀ ਸਮਾਜ ਵਿਚ ਪੈਰ ਜਮਾਂ ਰਹੇ ਸਨ ਅਤੇ ਉਪਰ ਉਠ ਕੇ ਬਰਾਬਰੀ ਵੱਲ ਵਧ ਰਹੇ ਸਨ। ਮਨੂਵਾਦੀ ਸਰਕਾਰਾਂ ਦੀ ਬੁਰੀ ਨੀਅਤ ਸਦਕਾ ਬਸਤੀਆਂ ਦੀ ਜਗ੍ਹਾ "ਹਰੀਜਨ ਕਲੋਨੀਆਂ" ਬਣਾ ਕੇ ਮਨੂ ਸਿਮਰਤੀ ਜਾਰੀ ਰਖਣ ਦਾ ਯਤਨ ਕੀਤਾ। ਅਜ ਵੀ ਜੇ ਇਮਾਨਦਾਰੀ ਨਾਲ ਦੇਖਿਆ ਜਾਵੇ ਤਾਂ ਮਜ਼ਬੀ ਸਿੱਖ ਪਿੰਡਾਂ ਵਿਚ ਪਹਿਲਾਂ ਦੀ ਤਰ੍ਹਾਂ ਅਪਮਾਨਤ ਹਨ। ਉਹਨਾਂ ਨੂੰ ਕੋਈ ਸਨਮਾਨ ਦੇਣ ਲਈ ਤਿਆਰ ਨਹੀਂ। ਇਹ ਇਕ ਵੱਖਰੀ ਗੱਲ ਹੈ ਕਿ ਜੇ ਮਜ਼ਬੀ ਸਿੱਖ ਖੁਦ ਆਪਣੇ ਪੈਰਾਂ ਤੇ ਖੜ੍ਹੇ ਹੋਕੇ ਵਾਲਮੀਕ ਜੀ ਨੂੰ ਸਮਝ ਸਕਦੇ ਤਾਂ ਕਦੇ ਵੀ ਰਾਮ ਨੂੰ ਆਪਣਾ ਭਗਵਾਨ ਨਾ ਮੰਨਦੇ। ਅੱਜ ਫਿਰ ਹਕੂਮਤ ਬਣਾ ਕੇ ਆਪਣਾ ਰਾਜ ਕਾਇਮ ਕਰ ਸਕਦੇ ਸਨ। ਪ੍ਰੰਤੂ ਉਹ ਤਾਂ ਹਿੰਦੂ ਰਹੇ ਤੇ ਪਿੰਡਾਂ ਵਿਚ ਸਿੱਖ ਅਖਵਾ ਕੇ ਗੋਹਾ ਕੂੜਾ ਕਰਦੇ ਰਹੇ ਜੋ ਸ਼ਹਿਰਾਂ ਵਿਚ ਹਿੰਦੂ ਬਣੇ ਰਹੇ ਉਹ ਉਹ ਮਨੂਵਾਦੀ ਹਿੰਦੂਆਂ ਦੀ ਗੰਦਗੀ ਢੋਂਹਦੇ ਰਹੇ ਅਤੇ ਸੀਵਰ ਨਾਲੀਆਂ ਆਦਿ ਦੀ ਸਫਾਈ ਕਰਨ ਲਈ ਮਜ਼ਬੂਰ ਰਹੇ।

ਉਹਨਾਂ ਨੇ ਅੱਗੇ ਬੋਲਦਿਆਂ ਦੱਸਿਆ ਕਿ ਇਹੋ ਲੋਕ ਕਦੇ ਭਾਰਤ ਤੇ ਰਾਜ ਕਰਿਆ ਕਰਦੇ ਸਨ। ਇਹਨਾਂ ਨੇ ਹੀ ਆਰੀਆਂ ਦਾ ਸੱਭ ਤੋਂ ਜ਼ਿਆਦਾ ਮੁਕਾਬਲਾ ਕੀਤਾ ਅਤੇ ਹਿੰਦੂ ਭਗਵਾਨਾਂ ਦੇ ਧੋਖੇ ਨਾਲ ਹਾਰ ਗਏ। ਇਸ ਮਾਰਸ਼ਲ ਕੌਮ ਨੂੰ ਬ੍ਰਾਹਮਣ ਵਾਦੀ ਹਿੰਦੂ ਆਰੀਆ ਲੋਕਾਂ ਨੇ ਆਪਣੀ ਗੰਦਗੀ ਚੁਕਵਾ ਕੇ ਅਪਮਾਨਤ ਕੀਤਾ। ਅੱਜ ਉਹ ਗਾਂਧੀ ਦੇ ਪਿੱਛੇ ਲੱਗ ਕੇ ਇਸ ਕੰਮ ਨੂੰ ਪਵਿੱਤਰ ਮੰਨਦੇ ਹਨ।

ਜੋ ਕੌਮ, ਨਸਲ ਜਾਂ ਜਾਤੀ ਆਪਣਾ ਇਤਿਹਾਸ ਭੁੱਲ ਜਾਂਦੀ ਹੈ ਉਹ ਦੁਬਾਰਾ ਆਪਣਾ ਇਤਿਹਾਸ ਬਨਾਉਣ ਤੋਂ ਅਸਮਰੱਥ ਹੋ ਜਾਂਦੀ ਹੈ। ਉਸਨੂੰ ਤਾਂ ਇਹ ਵੀ ਯਾਦ ਨਹੀਂ ਰਹਿੰਦਾ ਕਿ ਉਹ ਰਾਜਿਆਂ ਦੀ ਸੰਤਾਨ ਹੈ। ਇਉਂ ਹੀ ਵਾਲਮੀਕ ਭਾਈਚਾਰੇ ਨਾਲ ਹੋਇਆ ਹੈ। ਜੇ ਵਾਲਮੀਕ ਭਰਾ ਆਪਣਾ ਰਹਿਬਰ ਵਾਲਮੀਕ ਨੂੰ ਹੀ ਸਮਝ ਲੈਂਦੇ ਤਾਂ ਕਦੇ ਵੀ ਰਾਮ ਨ

ਭਾਰਤ ਗਲੇਸ਼ੀਅਰਾਂ ਦੇ ਪਿਘਲਣ ਦੀ ਸਮੱਸਿਆ ਨਾਲ ਕਿਵੇਂ ਨਜਿੱਠੇ?

ਡਾ. ਗੁਰਿੰਦਰ ਕੌਰ
001-408-493-9776

20 ਦਸੰਬਰ 2021 ਨੂੰ ਲੀਡਜ਼ ਯੂਨੀਵਰਸਿਟੀ (ਇੰਗਲੈਂਡ) ਦੀ ਰਿਲੀਜ਼ ਹੋਈ ਇਕ ਖੋਜ ਅਨੁਸਾਰ ਹਿਮਾਲਿਆ ਦੇ ਗਲੇਸ਼ੀਅਰ ਪਿਛਲੇ ਕੁਝ ਦਹਾਕਿਆਂ ਵਿਚ ਔਸਤ ਦਰ ਨਾਲੋਂ ਘੱਟੋ-ਘੱਟ ਦਸ ਗੁਣਾ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਖੋਜ ਅਨੁਸਾਰ ਹਿਮਾਲਿਆ ਦੇ ਗਲੇਸ਼ੀਅਰਾਂ ਦਾ ਪਿਛਲੇ ਦਹਾਕਿਆਂ ਵਿਚ 40 ਫ਼ੀਸਦ ਖੇਤਰ ਘਟ ਚੁੱਕਿਆ ਹੈ। ਹਿਮਾਲਿਆ ਦੇ ਗਲੇਸ਼ੀਅਰ ਦੁਨੀਆ ਦੇ ਹੋਰ ਹਿੱਸਿਆਂ ਨਾਲੋਂ ਤੇਜ਼ੀ ਨਾਲ ਪਿਘਲ ਰਹੇ ਹਨ। ਹਿਮਾਚਲ ਕੌਂਸਿਲ ਫਾਰ ਸਾਇੰਸ, ਟੈਕਨੋਲੋਜੀ ਐਂਡ ਇਨਵਾਇਰਨਮੈਂਟ (ਹਿਮਕੋਸਟ) ਅਤੇ ਦਿ ਸਪੇਸ ਐਪਲੀਕੇਸ਼ਨ ਸੈਂਟਰ, ਅਹਿਮਦਾਬਾਦ ਦੇ ਇਕ ਸਾਂਝੇ ਅਧਿਐਨ ਅਨੁਸਾਰ ਹਿਮਾਲਿਆ ਪਰਬਤਾਂ ਦਾ ਬਰਫ਼ੀਲਾ ਖੇਤਰ 2019-20 ਦੇ ਮੁਕਾਬਲੇ 2020-21 ਵਿਚ 23,542 ਵਰਗ ਕਿਲੋਮੀਟਰ ਤੋਂ ਘਟ ਕੇ 19,183 ਵਰਗ ਕਿਲੋਮੀਟਰ ਰਹਿ ਗਿਆ ਹੈ। ਇਕ ਸਾਲ ਦੇ ਅਰਸੇ ਵਿਚ ਇਹ 18.52 ਫ਼ੀਸਦ ਘਟ ਗਿਆ ਹੈ। ਭਾਰਤ ਲਈ ਹਿਮਾਲਿਆ ਦਾ ਘਟਦਾ ਅਤੇ ਤੇਜ਼ੀ ਨਾਲ ਪਿਘਲਦਾ ਹੋਇਆ ਬਰਫ਼ੀਲਾ ਖੇਤਰ ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਲੀਡਜ਼ ਯੂਨੀਵਰਸਿਟੀ ਦੀ ਇਸ ਖੋਜ ਵਿਚ ਇਹ ਵੀ ਖ਼ੁਲਾਸਾ ਕੀਤਾ ਗਿਆ ਹੈ ਕਿ ਹਿਮਾਲਿਆ ਦੇ ਪੂਰਬੀ ਖੇਤਰ ਵਿਚਲੇ ਗਲੇਸ਼ੀਅਰ ਪੱਛਮੀ ਖੇਤਰ ਵਾਲੇ ਗਲੇਸ਼ੀਅਰਾਂ ਨਾਲੋਂ ਤੇਜ਼ੀ ਨਾਲ ਪਿਘਲ ਰਹੇ ਹਨ। ਹਿਮਕੋਸਟ ਅਤੇ ਦਿ ਸਪੇਸ ਐਪਲੀਕੇਸ਼ਨ ਸੈਂਟਰ, ਅਹਿਮਦਾਬਾਦ ਦੇ ਅਧਿਐਨ ਅਨੁਸਾਰ ਚਨਾਬ, ਰਾਵੀ, ਬਿਆਸ, ਅਤੇ ਸਤਲੁਜ ਦਰਿਆਵਾਂ ਨੂੰ ਪਾਣੀ ਪਹੁੰਚਾਉਣ ਵਾਲੇ ਬਰਫ਼ੀਲੇ ਖੇਤਰਾਂ ਵਿਚ 2020-21 ਵਿਚ 2019-20 ਦੇ ਮੁਕਾਬਲੇ ਕਰਮਵਾਰ 8.92, 23.49, 18.54, ਅਤੇ 23.16 ਫ਼ੀਸਦ ਕਮੀ ਰਿਕਾਰਡ ਕੀਤੀ ਗਈ ਹੈ।

ਹਿਮਾਲਿਆ ਦੇ ਗਲੇਸ਼ੀਅਰਾਂ ਦਾ ਤੇਜ਼ੀ ਨਾਲ ਪਿਘਲਣ ਦਾ ਮੁੱਖ ਕਾਰਨ ਧਰਤੀ ਦੇ ਔਸਤ ਵਿਚ ਹੋਏ ਵਾਧੇ ਅਤੇ ਉਸ ਕਾਰਨ ਮੌਸਮ ਵਿਚ ਤਬਦੀਲੀਆਂ ਆਉਣ ਨਾਲ ਵਾਲੀਆਂ ਕੁਦਰਤੀ ਆਫ਼ਤਾਂ ਨੂੰ ਮੰਨਿਆ ਜਾ ਰਿਹਾ ਹੈ, ਪਰ ਤਾਪਮਾਨ ਅਤੇ ਕੁਦਰਤੀ ਆਫ਼ਤਾਂ ਦੇ ਵਾਧੇ ਲਈ ਸਾਡੇ ਦੇਸ ਦਾ ਆਰਥਿਕ ਵਿਕਾਸ ਮਾਡਲ ਵੀ ਜ਼ਿੰਮੇਵਾਰ ਹੈ। ਆਰਥਿਕ ਵਿਕਾਸ ਦੇ ਨਾਅ ਉੱਤੇ ਹਿਮਾਲਿਆ ਖੇਤਰ ਵਿਚ ਵੱਸੇ ਰਾਜਾਂ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਅਤੇ ਜੰਮੂ-ਕਸ਼ਮੀਰ ਦੇ ਲੇਹ-ਲੱਦਾਖ ਖੇਤਰ ਵਿਚ ਸੈਰ-ਸਪਾਟਾ ਵਿਭਾਗ ਨੂੰ ਵਧਾਉਣ ਲਈ ਸੜਕਾਂ ਦੇ ਨਿਰਮਾਣ, ਪਣ-ਬਿਜਲੀ ਉਤਪਾਦਨ ਅਤੇ ਬਾਗਬਾਨੀ ਲਈ ਜੰਗਲਾਂ ਅਤੇ ਪਹਾੜਾਂ ਦੀ ਅੰਧਾਧੁੰਦ ਕਟਾਈ ਕੀਤੀ ਜਾ ਰਹੀ ਹੈ। ਇਸ ਅਖੌਤੀ ਆਰਥਿਕ ਵਿਕਾਸ ਲਈ ਇਨ੍ਹਾਂ ਖੇਤਰਾਂ ਦੀਆਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਵਾਤਾਵਰਨ ਨਿਯਮਾਂ ਦੀ ਅਣਦੇਖੀ ਕਰ ਰਹੀਆਂ ਹਨ ਜਿਸ ਦੇ ਨਤੀਜੇ ਵਜੋਂ ਦਰਖ਼ਤਾਂ ਦੀ ਅਣਹੋਂਦ ਕਾਰਨ ਸਥਾਨਕ ਤਾਪਮਾਨ ਵਿਚ ਵਾਧਾ ਹੋਣ ਨਾਲ ਕੁਦਰਤੀ ਆਫ਼ਤਾਂ ਆਉਣ ਦੀ ਸੂਰਤ ਵਿਚ ਭਾਰੀ ਨੁਕਸਾਨ ਹੋ ਰਿਹਾ ਹੈ।

ਉੱਤਰਾਖੰਡ ਰਾਜ 2000 ਵਿਚ ਹੋਂਦ ਵਿਚ ਆਇਆ ਸੀ, ਉਸ ਸਮੇਂ ਇੱਥੋਂ ਦੀਆਂ ਸੜਕਾਂ ਦੀ ਲੰਬਾਈ ਸਿਰਫ਼ 8000 ਕਿਲੋਮੀਟਰ ਸੀ। ਉੱਤਰਾਖੰਡ ਰਾਜ ਨੂੰ ਸੈਰਗਾਹ ਦੇ ਤੌਰ ਉਭਾਰਨ ਅਤੇ ਆਰਥਿਕ ਲਾਭ ਲਈ ਇੱਥੋਂ ਦੇ ਪਹਾੜਾਂ ਨੂੰ ਵਿਸਫੋਟਕ ਸਮੱਗਰੀ ਨਾਲ ਉਡਾ ਕੇ ਅਤੇ ਜੰਗਲਾਂ ਦੀ ਕਟਾਈ ਕਰਕੇ 2013 ਤੱਕ ਰਾਜ ਵਿਚ ਸੜਕਾਂ ਦਾ ਜਾਲ ਵਿਛਾ ਦਿੱਤਾ ਗਿਆ ਹੈ। ਹਿੰਦੂਆਂ ਦੇ ਚਾਰ ਧਾਮ ਕੇਦਾਰਨਾਥ, ਬਦਰੀਨਾਥ, ਯਮਨੋਤਰੀ, ਅਤੇ ਗੰਗਤੋਰੀ ਨੂੰ ਸੜਕਾਂ ਨਾਲ ਜੋੜ ਕੇ ਸੜਕਾਂ ਦੀ ਲੰਬਾਈ 24000 ਕਿਲੋਮੀਟਰ ਕਰ ਦਿੱਤੀ ਗਈ ਹੈ। ਸੜਕਾਂ ਬਣਾਉਣ ਵੇਲੇ ਨਾ ਤਾਂ ਸਥਾਨਕ ਲੋਕਾਂ ਅਤੇ ਭੂ-ਵਿਗਿਆਨੀਆਂ ਦੀ ਰਾਇ ਲਈ ਗਈ ਅਤੇ ਨਾ ਹੀ ਵਾਤਾਵਰਨ ਨਿਯਮਾਂ ਦੀ ਪਾਲਣਾ ਕੀਤੀ ਗਈ ਜਿਸ ਨਾਲ 2013 ਵਿਚ ਬੱਦਲ ਫਟਣ ਨਾਲ 16 ਜੂਨ ਨੂੰ ਰਾਜ ਵਿਚ ਭਿਆਨਕ ਹੜ੍ਹ ਆਇਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਮਾਰੇ ਗਏ ਅਤੇ ਲੱਖਾਂ ਸ਼ਰਧਾਲੂ ਕਈ ਦਿਨ ਖੱਜਲ-ਖ਼ੁਆਰ ਹੁੰਦੇ ਰਹੇ। ਉਦੋਂ ਰਾਜ ਅਤੇ ਕੇਂਦਰ ਸਰਕਾਰਾਂ ਵਾਅਦਾ ਕਰ ਰਹੀਆਂ ਸਨ ਕਿ ਆਉਣ ਵਾਲੇ ਸਮੇਂ ਵਿਚ ਰਾਜ ਵਿਚ ਸੜਕਾਂ ਦਾ ਵਿਸਥਾਰ ਭੂ-ਵਿਗਿਆਨੀਆਂ ਅਤੇ ਸਥਾਨਕ ਲੋਕਾਂ ਦੀ ਰਾਇ ਲੈ ਕੇ ਕੀਤਾ ਜਾਵੇਗਾ।

7 ਫ਼ਰਵਰੀ 2021 ਨੂੰ ਚਮੋਲੀ ਵਿਚ ਗਲੇਸ਼ੀਅਰ ਗਿਰਨ ਨਾਲ ਵਾਪਰੀ ਭਿਆਨਕ ਤਰਾਸਦੀ ਅਤੇ ਅਕਤੂਬਰ 2021 ਵਿਚ ਹੀ ਆਏ ਭਿਆਨਕ ਹੜ੍ਹਾਂ ਤੋਂ ਬਾਅਦ ਵੀ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਤੋਂ ਦੇਸ ਦੀ ਸੁਰੱਖਿਆ ਦੀ ਆੜ ਵਿਚ, ਚਾਰ ਧਾਮ ਸੜਕ ਦੇ 900 ਕਿਲੋਮੀਟਰ ਦੇ ਹਿੱਸੇ ਨੂੰ ਜੋ ਵਾਤਾਵਰਨ ਸੰਵੇਦਨਸ਼ੀਲ ਹਿੱਸੇ ਵਿਚੋਂ ਗੁਜ਼ਰਦਾ ਹੈ, ਬਣਾਉਣ ਦੀ ਮਨਜ਼ੂਰੀ ਲੈ ਲਈ ਗਈ ਹੈ। ਇੱਥੇ ਇਹ ਵੀ ਜਾਨਣਾ ਜ਼ਰੂਰੀ ਹੈ ਕਿ ਇਸ ਤਰ੍ਹਾਂ ਦਾ ਫ਼ੈਸਲਾ ਕੇਂਦਰ ਸਰਕਾਰ ਨੇ ਪਹਿਲੀ ਵਾਰ ਨਹੀਂ ਲਿਆ ਹੈ। 7 ਫ਼ਰਵਰੀ ਦੀ ਚਮੋਲੀ ਘਟਨਾ ਦੇ ਸਿਰਫ਼ ਇਕ ਮਹੀਨੇ ਬਾਅਦ ਹੀ 15 ਮਾਰਚ 2021 ਨੂੰ ਕੇਂਦਰ ਸਰਕਾਰ ਨੇ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚ ਪੈਂਦੇ 7-ਪਣ-ਬਿਜਲੀ ਪ੍ਰੋਜੈਕਟਾਂ ਨੂੰ ਚੱਲਦੇ ਰੱਖਣ ਦੀ ਮਨਜ਼ੂਰੀ ਦੇ ਦਿੱਤੀ ਸੀ।

2021 ਵਿਚ ਹੀ ਸੁਪਰੀਮ ਕੋਰਟ ਨੇ ਹਿਮਾਚਲ

ਪ੍ਰਦੇਸ਼ ਸਰਕਾਰ ਨੂੰ ਫੋਰੈਸਟ ਕੰਜ਼ਰਵੇਸ਼ਨ ਐਕਟ 1980 ਅਤੇ ਫੋਰੈਸਟ ਰਾਈਟਸ 2006 ਦੇ ਨਿਯਮਾਂ ਦੀ ਅਣਦੇਖੀ ਕਰਦਿਆਂ 465 ਪ੍ਰੋਜੈਕਟ ਚਾਲੂ ਰੱਖਣ ਦੀ ਆਗਿਆ ਦੇ ਦਿੱਤੀ। ਇਨ੍ਹਾਂ ਪ੍ਰੋਜੈਕਟਾਂ ਵਿਚ 53 ਪਣ-ਬਿਜਲੀ ਅਤੇ 334 ਸੜਕਾਂ ਦੇ ਪ੍ਰੋਜੈਕਟ ਸ਼ਾਮਲ ਹਨ। ਪਹਾੜੀ ਇਲਾਕਿਆਂ ਵਿਚ ਇਕ ਕਿਲੋਮੀਟਰ ਸੜਕ ਬਣਾਉਣ ਲਈ 30,000 ਤੋਂ 40,000 ਘਣ ਮੀਟਰ ਮਿੱਟੀ ਅਤੇ ਪੱਥਰ ਕਢਣਾ ਪੈਂਦਾ ਹੈ ਜਿਸ ਨਾਲ ਪਹਾੜ ਆਪਣਾ ਸੰਤੁਲਨ ਖੋ ਬਹਿੰਦੇ ਹਨ। ਜ਼ਿਆਦਾ ਮੀਂਹ ਅਤੇ ਬਰਫ਼ਬਾਰੀ ਹੋਣ ਦੀ ਸੂਰਤ ਵਿਚ ਪਹਾੜ ਥੱਲੇ ਖਿਸਕਣ ਲੱਗ ਜਾਂਦੇ ਹਨ ਜਿਸ ਨਾਲ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਹੋ ਜਾਂਦਾ ਹੈ। ਹਿਮਾਚਲ ਪ੍ਰਦੇਸ਼, ਅਤੇ ਉੱਤਰਾਖੰਡ ਦੇ ਆਫ਼ਤ ਪ੍ਰਬੰਧਨ ਵਿਭਾਗਾਂ ਦੇ ਜਾਰੀ ਕੀਤੇ ਅੰਕੜਿਆਂ ਅਨੁਸਾਰ ਅਗਸਤ 2021 ਤੱਕ ਭਾਵੇਂ ਉੱਤਰਾਖੰਡ ਵਿਚ ਔਸਤ ਨਾਲ 5 ਫ਼ੀਸਦ ਘੱਟ ਮੀਂਹ ਪਿਆ ਹੈ, ਪਰ ਪਹਾੜ ਖਿਸਕਣ ਅਤੇ ਢਿੱਗਾਂ ਗਿਰਨ ਵਿਚ 32 ਫ਼ੀਸਦ ਵਾਧਾ ਹੋਇਆ ਹੈ। ਪਹਾੜ ਖਿਸਕਣ ਅਤੇ ਢਿੱਗਾਂ ਗਿਰਨ ਦੀਆਂ 1200 ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ 135 ਲੋਕ ਮਾਰੇ ਗਏ। ਹਿਮਾਚਲ ਪ੍ਰਦੇਸ਼ ਵਿਚ ਅਗਸਤ ਮਹੀਨੇ ਤੱਕ 44 ਫ਼ੀਸਦ ਘੱਟ ਮੀਂਹ ਪਿਆ, ਪਰ ਪਹਾੜ ਖਿਸਕਣ ਅਤੇ ਢਿੱਗਾਂ ਗਿਰਨ ਦੀਆਂ ਘਟਨਾਵਾਂ ਵਿਚ 60 ਫ਼ੀਸਦ ਵਾਧਾ ਰਿਕਾਰਡ ਕੀਤਾ ਗਿਆ ਜਿਨ੍ਹਾਂ ਵਿਚ 150 ਵਿਅਕਤੀਆਂ ਦੀ ਮੌਤ ਹੋ ਗਈ।

ਉੱਤਰਾਖੰਡ, ਅਤੇ ਹਿਮਾਚਲ ਪ੍ਰਦੇਸ਼ ਵਿਚ ਕੀਤੇ ਜਾ ਰਹੇ ਇਹੋ ਜਿਹੇ ਵਿਕਾਸ ਪ੍ਰੋਜੈਕਟ ਜੰਗਲਾਂ ਅਤੇ ਪਹਾੜਾਂ ਵਰਗੇ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਉਜਾੜਾ ਕਰ ਰਹੇ ਹਨ। ਜੰਗਲਾਂ ਦੀ ਕਟਾਈ ਨਾਲ ਵਾਤਾਵਰਨ ਵਿਚ ਕਾਰਬਨ ਡਾਇਆਕਸਾਈਡ ਦੀ ਮਾਤਰਾ ਵਧ ਜਾਂਦੀ ਹੈ ਜੋ ਸਥਾਨਕ ਤਾਪਮਾਨ ਵਿਚ ਵਾਧਾ ਕਰਦੀ ਹੈ। ਸੜਕਾਂ ਅਤੇ ਪਣ-ਬਿਜਲੀ ਪ੍ਰੋਜੈਕਟ ਨੂੰ ਬਣਾਉਣ ਲਈ ਜਦੋਂ ਪਹਾੜਾਂ ਨੂੰ ਵਿਸਫੋਟਕ ਸਮੱਗਰੀ ਨਾਲ ਉਡਾਇਆ ਜਾਂਦਾ ਹੈ ਤਾਂ ਵਿਸਫੋਟਕ ਸਮੱਗਰੀ ਵੀ ਸਥਾਨਕ ਤਾਪਮਾਨ ਨੂੰ ਵਧਾਉਣ ਵਿਚ ਆਪਣਾ ਯੋਗਦਾਨ ਪਾਉਂਦੀ ਹੈ। ਸਥਾਨਕ ਤਾਪਮਾਨ ਦਾ ਵਾਧਾ, ਬੱਦਲ ਫਟਣ, ਅਸਮਾਨੀ ਬਿਜਲੀ ਗਿਰਨ, ਅਤੇ ਪਹਾੜ ਖਿਸਕਣ ਵਰਗੀਆਂ ਕੁਦਰਤੀ ਆਫ਼ਤਾਂ ਵਿਚ ਤੇਜ਼ੀ ਨਾਲ ਵਾਧਾ ਕਰਦਾ ਹੈ।

ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਹਰ ਤਰ੍ਹਾਂ ਦੀਆਂ ਕੁਦਰਤੀ ਆਫ਼ਤਾਂ ਜਿਵੇਂ ਥੋੜ੍ਹੇ ਸਮੇਂ ਵਿਚ ਜ਼ਿਆਦਾ ਮੀਂਹ ਅਤੇ ਬਰਫ਼ ਪੈਣ, ਹੜ੍ਹਾਂ ਅਤੇ ਸੋਕੇ, ਬੱਦਲਾਂ ਦੇ ਫ਼ਟਣ, ਅਸਮਾਨੀ ਬਿਜਲੀ ਗਿਰਨ ਆਦਿ ਵਰਗੀਆਂ ਘਟਨਾਵਾਂ ਵਿਚ ਵਾਧਾ ਹੋਣਾ ਸੁਭਾਵਿਕ ਹੈ। ਹਿਮਾਲਿਆ ਦੇ ਗਲੇਸ਼ੀਅਰਾਂ ਦਾ ਤਾਪਮਾਨ ਦੇ ਵਾਧੇ ਨਾਲ ਪਿਘਲਣਾ ਵੀ ਇਨ੍ਹਾਂ ਕੁਦਰਤੀ ਆਫ਼ਤਾਵਾਂ ਦਾ ਇਕ ਹਿੱਸਾ ਹੈ। ਹਿਮਾਲਿਆ ਦੇ ਗਲੇਸ਼ੀਅਰਾਂ ਦੇ ਪਿਘਲਣ ਦਾ ਭਾਰਤ ਨੂੰ ਕੀ ਨੁਕਸਾਨ ਹੋ ਸਕਦਾ ਹੈ ਉਸ ਉੱਤੇ ਵੀ ਵਿਚਾਰ ਕਰ ਲੈਣੀ ਜ਼ਰੂਰੀ ਹੈ। ਉੱਤਰੀ ਭਾਰਤ ਦੇ ਸਾਰੇ ਦਰਿਆਵਾਂ ਦੇ ਸਰੋਤ ਹਿਮਾਲਿਆ ਦੇ ਗਲੇਸ਼ੀਅਰਾਂ ਤੋਂ ਨਿਕਲਦੇ ਹਨ। ਜੇਕਰ ਇਹ ਗਲੇਸ਼ੀਅਰ ਤੇਜ਼ੀ ਨਾਲ ਪਿਘਲਦੇ ਹਨ ਤਾਂ ਦਰਿਆਵਾਂ ਵਿਚ ਜ਼ਿਆਦਾ ਪਾਣੀ ਆਉਣ ਕਾਰਨ ਮੈਦਾਨੀ ਇਲਾਕਿਆਂ ਵਿਚ ਹੜ ਆਉਣ ਦੀਆਂ ਘਟਨਾਵਾਂ ਵਿਚ ਕਈ ਗੁਣਾ ਵਾਧਾ ਹੋ ਜਾਵੇਗਾ ਅਤੇ ਲੋਕ ਘਰੋਂ-ਬੇਘਰ ਹੋ ਜਾਣਗੇ, ਫ਼ਸਲਾਂ ਬਰਬਾਦ ਹੋ ਜਾਣਗੀਆਂ ਅਤੇ ਬਹੁਤ ਜ਼ਿਆਦਾ ਜਾਨੀ ਅਤੇ ਮਾਲੀ ਨੁਕਸਾਨ ਹੋਵੇਗਾ। ਫ਼ਸਲਾਂ ਦੇ ਤਬਾਹ ਹੋਣ ਨਾਲ ਅਨਾਜ ਦੀ ਥੁੜ੍ਹ ਪੈਦਾ ਹੋ ਜਾਵੇਗੀ ਅਤੇ ਭਾਰਤ ਜਿਸ ਦੀ ਆਬਾਦੀ 135 ਕਰੋੜ ਤੋਂ ਉੱਤੇ ਹੈ, ਵਿਚ ਖਾਧ ਪਦਾਰਥਾਂ ਦਾ ਸੰਕਟ ਪੈਦਾ ਹੋ ਜਾਵੇਗਾ? ਲੀਡਜ਼ ਯੂਨੀਵਰਸਿਟੀ ਦੀ ਇਸ ਖੋਜ ਅਨੁਸਾਰ ਹਿਮਾਲਿਆ ਦੇ ਪੂਰਬੀ ਖੇਤਰ ਦੇ ਗਲੇਸ਼ੀਅਰ ਪੱਛਮੀ ਖੇਤਰ ਨਾਲੋਂ ਤੇਜ਼ੀ ਨਾਲ ਪਿਘਲ ਰਹੇ ਹਨ। ਇਨ੍ਹਾਂ ਗਲੇਸ਼ੀਅਰਾਂ ਦੇ ਪਿਘਲਣ ਕਾਰਨ ਦੇਸ ਦੇ ਕਈ ਰਾਜਾਂ ਜਿਵੇਂ ਉੱਤਰਾਖੰਡ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਅਤੇ ਪੱਛਮੀ ਬੰਗਾਲ ਨੂੰ ਮੀਂਹ ਪੈਣ ਤੋਂ ਬਿਨਾਂ ਵੀ ਕਈ ਬਾਰ ਹੜ੍ਹਾਂ ਦੀ ਮਾਰ ਸਹਿਣੀ ਪੈਂਦੀ ਹੈ। ਗਲੇਸ਼ੀਅਰਾਂ ਦੇ ਤੇਜ਼ੀ ਨਾਲ ਘਟਣ ਕਾਰਨ ਆਉਣ ਵਾਲੇ ਸਮੇਂ ਵਿਚ ਭਾਰਤ ਦੇ ਕਈ ਖੇਤਰਾਂ ਨੂੰ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਸੈਲਾਨੀ ਸ਼ਹਿਰ ਸ਼ਿਮਲਾ ਵਿਚ ਆਏ ਸਾਲ ਗਰਮੀਆਂ ਦੇ ਮੌਸਮ ਵਿਚ ਪਾਣੀ ਦੀ ਕਮੀ ਹੋ ਜਾਂਦੀ ਹੈ। 2018 ਵਿਚ ਤਾਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਪਾਣੀ ਦੀ ਕਮੀ ਕਾਰਨ ਇਕ ਹਫ਼ਤੇ ਲਈ ਸੈਲਾਨੀਆਂ ਦੀ ਆਮਦ ਬੰਦ ਕਰਨੀ ਪਈ ਸੀ। ਗਲੇਸ਼ੀਅਰਾਂ ਦੇ ਪਿਘਲਣ ਦਾ ਬੁਰਾ ਪ੍ਰਭਾਵ ਇਕੱਲੇ ਪਹਾੜੀ ਰਾਜਾਂ ਉੱਤੇ ਹੀ ਨਹੀਂ ਪਵੇਗਾ, ਸਗੋਂ ਇਸ ਦੀ ਲਪੇਟ ਵਿਚ ਦੇਸ ਦੇ ਮੈਦਾਨੀ ਇਲਾਕੇ ਵੀ ਆ ਜਾਣਗੇ।

ਭਾਰਤੀ ਮੌਸਮ ਵਿਭਾਗ ਦੇ ਰਿਕਾਰਡ ਅਨੁਸਾਰ ਉੱਤਰਾਖੰਡ ਵਿਚ 2015 ਤੋਂ 2021 ਦਰਮਿਆਨ ਘਟ ਸਮੇਂ ਵਿਚ ਜ਼ਿਆਦਾ ਮੀਂਹ ਪੈਣ ਕਾਰਨ 7750 ਘਟਨਾਵਾਂ ਵਾਪਰ ਚੁੱਕੀਆਂ ਹਨ ਅਤੇ ਰਾਜ ਵਿਚ ਜੰਗਲੀ ਖੇਤਰ ਵਿਚ ਕੋਈ ਵਾਧਾ ਨਹੀਂ ਹੋਇਆ ਹੈ। ਹਿਮਾਚਲ ਪ੍ਰਦੇਸ਼, ਅਤੇ ਉੱਤਰਾਖੰਡ ਰਾਜਾਂ ਵਿਚ ਝਰਨਿਆਂ ਅਤੇ ਚਸ਼ਮਿਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਇਕ ਪਾਸੇ ਪਹਾੜੀ ਰਾਜ ਵੱਧ ਮੀਂਹ ਦੀ ਮਾਰ ਝੱਲ ਰਹੇ ਹਨ ਅਤੇ ਦੂਜੇ ਪਾਸੇ ਝਰਨਿਆਂ ਅਤੇ ਚਸ਼ਮਿਆਂ ਦੇ ਘਟਣ ਨਾਲ ਪੀਣ ਵਾਲੇ ਪਾਣੀ ਦੀ ਕਮੀ ਨਾਲ ਵੀ ਲੋਕ ਪੀੜਿਤ ਹੋ ਰਹੇ ਹਨ। ਮੈਦਾਨੀ ਖੇਤਰ ਹੜ੍ਹਾਂ ਦੀ ਮਾਰ ਹੇਠਾਂ ਆ ਕੇ ਜਾਨੀ ਅਤੇ ਮਾਲੀ ਨੁਕਸਾਨ ਦੇ ਨਾਲ ਨਾਲ ਫ਼ਸਲਾਂ ਖ਼ਰਾਬ ਹੋਣ ਕਾਰਨ ਖਾਧ-ਪਦਾਰਥਾਂ ਦੀ ਘਾਟ ਵੀ ਝੱਲਣਗੇ। ਲੀਡਜ਼ ਯੂਨੀਵਰਸਿਟੀ ਦੀ ਇਸ ਖੋਜ ਅਨੁਸਾਰ ਦੁਨੀਆ ਭਰ ਦੇ ਗਲੇਸ਼ੀਅਰਾਂ ਦੇ ਪਿਘਲਣ ਕਾਰਨ ਸਮੁੰਦਰ ਦੇ ਜਲ ਪੱਧਰ ਵਿਚ 0.98 ਮਿਲੀਮੀਟਰ ਤੋਂ ਲੈ ਕੇ 1.38 ਮਿਲੀਮੀਟਰ ਤੱਕ ਵਾਧਾ ਹੋ ਚੁੱਕਿਆ ਹੈ। ਸਾਡਾ ਦੇਸ ਤਿੰਨ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੋਇਆ ਹੈ ਜਿਸ ਨਾਲ ਦੇਸ ਦੇ 10 ਰਾਜਾਂ ਅਤੇ 4 ਕੇਂਦਰ ਸ਼ਾਸ਼ਤ ਰਾਜਾਂ ਦੇ ਕੁਝ ਖੇਤਰ ਵਧਦੇ ਸਮੁੰਦਰੀ ਜਲ ਪੱਧਰ ਕਾਰਨ ਪਾਣੀ ਵਿਚ ਡੁੱਬ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦਾ ਜ਼ਿਆਦਾ ਹਿੱਸਾ ਸਮੁੰਦਰ ਵਿਚ ਸਮਾ ਜਾਵੇਗਾ। ਸਮੁੰਦਰ ਦੇ ਜਲ ਪੱਧਰ ਵਿਚ ਵਾਧੇ ਕਾਰਨ ਸਮੁੰਦਰੀ ਆਫ਼ਤਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਜਾਵੇਗਾ।

ਦਰਿਆਵਾਂ ਉੱਤੇ ਲੱਗੇ ਪਣ-ਬਿਜਲੀ ਪ੍ਰੋਜੈਕਟਾਂ ਲਈ ਵੀ ਗਲੇਸ਼ੀਅਰਾਂ ਦਾ ਤੇਜ਼ੀ ਨਾਲ ਪਿਘਲਣਾ ਖ਼ਤਰੇ ਦਾ ਸੁਨੇਹਾ ਹੈ ਕਿਉਂਕਿ ਗਲੇਸ਼ੀਅਰਾਂ ਦੇ ਤੇਜ਼ੀ ਨਾਲ ਖ਼ਤਮ ਹੋਣ ਤੋਂ ਬਾਅਦ ਦਰਿਆਵਾਂ ਵਿਚ ਪਾਣੀ ਨਾ ਹੋਣ ਦੀ ਸੂਰਤ ਵਿਚ ਇਕ ਤਾਂ ਨਵਿਆਉਣਯੋਗ ਊਰਜਾ ਪੈਦਾ ਕਰਨ ਵਾਲੇ ਸਰੋਤ ਖ਼ਤਮ ਹੋ ਜਾਣਗੇ ਅਤੇ ਦੂਜਾ ਲੱਖਾਂ ਲੋਕ ਬੇਰੁਜ਼ਗਾਰ ਹੋ ਜਾਣਗੇ।

ਭਾਵੇਂ ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਣ ਦੀ ਸਮੱਸਿਆ ਤਾਪਮਾਨ ਦੇ ਵਾਧੇ ਅਤੇ ਮੌਸਮੀ ਤਬਦੀਲੀਆਂ ਨਾਲ ਸੰਬੰਧਿਤ ਹੈ, ਪਰ ਸਾਡੇ ਦੇਸ ਦੀ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਇਨ੍ਹਾਂ ਵਿਚ ਵਾਧਾ ਕਰਨ ਵਾਲੀਆਂ ਕਾਰਵਾਈਆਂ ਕਰਨ ਤੋਂ ਗੁਰੇਜ਼ ਕਰੇ। ਪਹਾੜੀ ਖੇਤਰਾਂ ਵਿਚ ਆਰਥਿਕ ਵਿਕਾਸ ਦੇ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉੱਥੋਂ ਦੀ ਭੂਗੋਲਿਕ ਸਥਿਤੀ ਦੀ ਭੂ-ਵਿਗਿਆਨੀਆਂ ਤੋਂ ਜਾਂਚ ਕਰਾਵੇ। ਗਲੇਸ਼ੀਅਰ ਅਤੇ ਦਰਿਆਵਾਂ ਦੇ ਸਰੋਤਾਂ ਦੀ ਨਿਗਰਾਨੀ ਰੱਖੇ ਅਤੇ ਪਹਾੜੀ ਖੇਤਰਾਂ ਵ

23 ਪੋਹ ਬਨਾਮ ਪੋਹ ਸੁਦੀ 7

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਸੰਮਤ 1723 ਬਿਕ੍ਰਮੀ ਨੂੰ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬ੍ਰਿਕਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ (Lunisolar) ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਇਹ ਚੁਣੌਤੀ ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ।

ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ ਵਿੱਚ ਚੰਦਰ-ਸੂਰਜੀ ਬ੍ਰਿਕਮੀ, ਅਤੇ ਸੀ: ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਤੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365।2422 ਦਿਨ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (Troipcal year) ਕਿਹਾ ਜਾਂਦਾ ਹੈ। ਚੰਦ ਧਰਤੀ ਦੁਵਾਲੇ ਘੁੰਮਦਾ ਹੈ ਇਹ ਚੱਕਰ 29।53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354।37 ਦਿਨ ਹੁੰਦੀ ਹੈ। ਚੰਦ ਦਾ ਇਕ ਸਾਲ ਰੁੱਤੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ, 2021 ਸੀ: ਈ: ਵਿਚ 20 ਜਨਵਰੀ ਨੂੰ ਆਇਆ ਸੀ ਇਸ ਸਾਲ (2022) ਇਹ ਦਿਹਾੜਾ ਪਿਛਲੇ ਸਾਲ ਤੋਂ 11 ਦਿਨ ਪਹਿਲਾ, 9 ਜਨਵਰੀ ਨੂੰ ਆਵੇਗਾ। ਇਸ ਤੋਂ ਅਗਲਾ ਪੁਰਬ 29 ਦਸੰਬਰ 2022 ਈ: ਨੂੰ ਆਵੇਗਾ। ਇਸ ਹਿਸਾਬ ਨਾਲ ਤਾਂ ਇਸ ਤੋਂ ਅਗਲਾ ਪੁਰਬ 18 ਦਸੰਬਰ 2023 ਈ: ਨੂੰ ਆਉਣਾ ਚਾਹੀਦਾ ਹੈ ਪਰ ਨਹੀ! ਹੁਣ ਇਹ 17 ਜਨਵਰੀ 2024 ਈ: ਨੂੰ ਆਵੇਗਾ।

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੁੰਦੇ ਹਨ। 2023 ਈ:ਵਿੱਚ ਸਾਵਣ ਦਾ ਮਹੀਨਾ ਦੋ ਵਾਰੀ ਆਵੇਗਾ।(19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ) ਤੇਰਵਾਂ ਮਹੀਨਾ ਜਿਸ ਨੂੰ ਮਲਮਾਸ ਕਿਹਾ ਜਾਂਦਾ ਹੈ, ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾਂਦਾ। ਮਲਮਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਆਉਣ ਦੀ ਬਿਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾ ਦਿਹਾੜਾ 18 ਦਸੰਬਰ 2023 ਈ: ਨੂੰ ਆਉਣਾ ਚਾਹੀਦਾ ਸੀ ਹੁਣ ਉਹ 2024 ਈ: ਵਿਚ 18 ਜਨਵਰੀ ਨੂੰ ਆਵੇਗਾ। ਹੁਣ ਚੰਦ ਦੇ ਸਾਲ ਦੀ ਲੰਬਾਈ ਮੁਤਾਬਕ 11 ਦਿਨ ਪਹਿਲਾ ਭਾਵ 6 ਜਨਵਰੀ 2025 ਨੂੰ ਆਵੇਗਾ। ਅਤੇ ਇਸ ਤੋਂ ਅਗਲਾ ਪੁਰਬ ਇਸ ਤੋਂ 11 ਦਿਨ ਪਹਿਲਾ 26 ਦਸੰਬਰ 2025 ਈ: ਨੂੰ ਆਵੇਗਾ। ਹੁਣ ਫੇਰ 2026 ਈ: ਚੰਦ ਦੇ ਸਾਲ ਵਿਚ ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ।

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ 23 ਪੋਹ ਵੀ ਸੀ। । ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਹਰ ਸਾਲ ਦਿਹਾੜਾ ਪੋਹ ਸੁਦੀ 7 ਦੀ ਬਿਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੈ? ਨਹੀ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ ਵਿੱਚੋਂ ਨਿਕਲ ਜਾਂਦੇ ਹਾਂ। ਸਾਡਾ ਇਹ ਲਾਭ ਸ਼ਾਇਦ ਕਿਸੇ (?) ਹੋਰ ਲਈ ਨੁਕਸਾਨ ਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁੱਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ ਹੋਰ ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜਿਆਦਾ ਫਿਕਰ ਹੈ।

ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ, ਜੋ ਕੈਲੰਡਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪਿਆ ਜਾਂਦਾ ਹੈ। ਉਹ ਸੂਰਜੀ ਬਿਕ੍ਰਮੀ ਕੈਲੰਡਰ ਹੈ।ਜਿਸ ਦੇ ਸਾਲ ਦੀ ਲੰਬਾਈ 365,2563 ਦਿਨ ਹੈ। ਇਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਅਤੇ 30 ਫੱਗਣ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਵਿੱਚ ਕੁਝ ਦਿਹਾੜੇ ਸੂਰਜੀ ਬਿਕ੍ਰਮੀ ਮੁਤਾਬਕ (365,2563 ਦਿਨ), ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ (354।53 ਦਿਨ) ਅਤੇ ਕੁਝ ਦਿਹਾੜੇ ਸੀ: ਈ: ਕੈਲੰਡਰ-ਮੁਤਾਬਕ (365।2425 ਦਿਨ) ਦਰਜ ਕੀਤੇ ਜਾਂਦੇ ਹਨ।ਇਸ ਕੈਲੰਡਰ ਵਿੱਚ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ ਵੱਡੇ ਸਾਹਿਬਜ਼-ਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ 13 ਪੋਹ ਨੂੰ ਆਉਂਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਜਿਵੇ ਸੰਮਤ 551 ਨਾਨਕਸ਼ਾਹੀ ਵਿੱਚ 18 ਪੋਹ, ਸੰਮਤ 552 ਵਿੱਚ 7 ਮਾਘ, ਅਤੇ ਸੰਮਤ 553 ਵਿਚ 26 ਪੋਹ ਨੂੰ ਹੈ, ਸੰਮਤ 554 ਵਿੱਚ14 ਪੋਹ ਅਤੇ ਸੰਮਤ 555ਵਿੱਚ 4 ਮਾਘ ਨੂੰ ਆਵੇਗਾ।

ਦਿਹਾੜਾ	ਸੰਮਤ 551 ਨ:	ਸੰਮਤ 552 ਨ:	ਸੰਮਤ 553 ਨ:	ਸੰਮਤ 554 ਨ:	ਸੰਮਤ 555 ਨ:
ਵੈਸਾਖੀ	1 ਵੈਸਾਖ	1 ਵੈਸਾਖ	1 ਵੈਸਾਖ	1 ਵੈਸਾਖ	1 ਵੈਸਾਖ
ਸ਼ਹੀਦੀ ਵੱਡੇ ਸਾਹਿਬਜ਼ਾਦੇ	8 ਪੋਹ	8 ਪੋਹ	8 ਪੋਹ	8 ਪੋਹ	8 ਪੋਹ
ਸ਼ਹੀਦੀ ਛੋਟੇ ਸਾਹਿਬਜ਼ਾਦੇ	13 ਪੋਹ	13 ਪੋਹ	13 ਪੋਹ	13 ਪੋਹ	13 ਪੋਹ
ਪ੍ਰਕਾਸ਼ ਪਾਤਸ਼ਾਹੀ 10	18 ਪੋਹ	7 ਮਾਘ	26 ਪੋਹ	14 ਪੋਹ	4 ਮਾਘ

ਨਾਨਕਸ਼ਾਹੀ ਕੈਲੰਡਰ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸੰਮਤ 535 ਨਾਨਕਸ਼ਾਹੀ (2003-2004 ਈ:) ਵਿਚ ਲਾਗੂ ਕੀਤਾ ਸੀ। ਪਰ ਅਚਾਨਕ ਹੀ ਮਾਰਚ 2010 ਈ: ਵਿਚ ਦੋ ਮੈਂਬਰੀ ਕਮੇਟੀ (ਅਵਤਾਰ ਸਿੰਘ ਮੱਕੜ ਅਤੇ ਹਰਨਾਮ ਸਿੰਘ ਧੁੰਮਾ)ਦੀ ਸਿਫ਼ਾਰਿਸ਼ ਤੇ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ, ਨਾਨਕਸ਼ਾਹੀਦੇ ਨਾਮ ਹੇਠਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਗਿਆ। ਨਾਨਕਸ਼ਾਹੀ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ, ਬਾਣੀ ਦੀ ਪਾਵਨ ਪੰਗਤੀ "ਰਬੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਤੇ ਅਧਾਰਿਤ ਹੈ। ਭਾਵ 365।2425 ਦਿਨ ਹੈ। ਇਸ ਦੇ ਮਹੀਨੇ ਦਾ ਆਰੰਭ ਹਰ ਸਾਲ ਇਕੋ ਸਮੇਂ ਹੀ ਹੁੰਦਾ ਹੈ। ਅਤੇ ਮਹੀਨੇ ਦੇ ਦਿਨ ਵੀ ਬਿਕ੍ਰਮੀ ਕੈਲੰਡਰ ਵਾਂਗੂ, ਹਰ ਸਾਲ ਨਹੀਂ ਬਦਲਦੇ, ਇਸ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ (5 ਜਨਵਰੀ) ਨੂੰ ਹੀ ਆਉਂਦਾ ਹੈ।

ਪਿਛਲੇ ਸਾਲਾਂ ਵਿੱਚ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਲਿਖਤੀ ਬੇਨਤੀਆਂ ਕੀਤੀਆਂ ਹਨ ਪਰ ਉਨ੍ਹਾਂ ਨੇ ਕਦੇ ਹੁੰਗਾਰਾ ਨਹੀ ਭਰਿਆ। ਮੈਂ ਆਪਣੇ ਨਿੱਜੀ ਤਜਰਬੇ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਤੋਂ ਕਿਸੇ ਵੀ ਮਸਲੇ ਦੇ ਹੱਲ ਦੀ ਆਸ ਨਹੀਂ ਕਰਨੀ ਚਾਹੀਦੀ।

ਸ਼੍ਰੋਮਣੀ ਕਮੇਟੀ ਦੇ ਉੱਚ ਸਿੱਖਿਆ ਪ੍ਰਾਪਤ ਅਹੁਦੇਦਾਰ,ਅਧਿਕਾਰੀ ਅਤੇ ਸਿੰਘ ਸਾਹਿਬਤਾਂ "ਉਪਰੋਂ ਆਏ ਹੁਕਮ" ਦੇ ਗੁਲਾਮ ਹਨ। ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁੱਕੀ ਸਿੱਖ ਕੌਮ ਨੇ ਕਰਨਾ ਹੈ, ਕੀ ਸਾਨੂੰ ਰੁੱਤੀ ਸਾਲ (Troipcal year) ਤੇ ਅਧਾਰਿਤ ਵਿਗਿਆਨਕ ਕੈਲੰਡਰ, ਭਾਵ ਨਾਨਕਸ਼ਾਹੀ ਕੈਲੰਡਰ, ਜਿਸ ਦੇ ਪ੍ਰਵਿਸ਼ਟੇ ਅਤੇ ਤਾਰੀਖਾਂ ਸਦਾ ਵਾਸਤੇ ਇਕੋ ਹੀ ਰਹਿਣਗੀਆਂ, ਦੀ ਲੋੜ ਹੈ ਜਾਂ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ? ਜਿਸ ਦੀਆਂ ਤਾਰੀਖ਼ਾਂ ਹੀ ਹਰ ਸਾਲ ਨਹੀਂ ਬਦਲਦੀਆਂ, ਸਗੋਂ ਸਾਲ ਦੀ ਲੰਬਾਈ ਵੱਧ ਹੋਣ ਕਾਰਨ ਰੁੱਤਾਂ ਵੀ ਖਿਸਕ ਰਹੀਆਂ ਹਨ।

ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਦਾ ਸਟਿੱਕਰ ਹੋਇਆ ਜਾਰੀ , 24 ਜਨਵਰੀ ਤੋਂ ਹੋਵੇਗਾ ਖੇਡਾਂ ਦਾ ਅਗਾਜ

ਇਸ ਵਾਰ ਬਾਲੀਵੁੱਡ ਦੇ ਫ਼ਿਲਮੀ ਸਿਤਾਰੇ ਵੀ ਵੇਖਣ ਆਉਣਗੇ ਜਰਖੜ ਖੇਡਾਂ

ਲੁਧਿਆਣਾ- ਕੋਕਾ ਕੋਲਾ, ਏਵਨ ਸਾਈਕਲ ਅਤੇ 5ਜਾਬ ਫਾਊਂਡੇਸ਼ਨ, ਵੱਲੋਂ ਸਪਾਂਸਰ ਮਾਲਵੇ ਦੀਆਂ ਬਹੁ ਚਰਚਿਤ 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 24-25-26 ਜਨਵਰੀ 2022 ਨੂੰ ਹੋ ਰਹੀਆ ਹਨ। ਜਰਖੜ ਖੇਡਾਂ ਦਾ ਜਰਖੜ ਖੇਡ ਸਟੇਡੀਅਮ ਵਿਖੇ ਪ੍ਰਬੰਧਕਾਂ ਨੇ ਸਟਿੱਕਰ ਜਾਰੀ ਕੀਤਾ।

ਇਸ ਮੌਕੇ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਜ਼ਰੂਰੀ ਮੀਟਿੰਗ ਜਰਖੜ ਖੇਡ ਕੰਪਲੈਕਸ ਵਿਖੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਮੀਟਿੰਗ ਦੀ ਕਾਰਵਾਈ ਬਾਰੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਅਤੇ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਵਰ੍ਹੇ ਬਾਲੀਵੁੱਡ ਦੇ ਫਿਲਮ ਸਿਤਾਰੇ 26 ਜਨਵਰੀ ਜਰਖੜ ਖੇਡਾਂ ਨੂੰ ਉਚੇਚੇ ਤੌਰ ਤੇ ਦੇਖਣ ਆਉਣਗੇ। ਜਿਨ੍ਹਾਂ ਵਿਚ ਅਦਾਕਾਰ ਪੂਜਾ ਭੱਟ, ਰਾਹੁਲ ਭੱਟ, ਆਲੀਆ ਭੱਟ ਤੋਂ ਇਲਾਵਾ ਕੁਝ ਨਵੇਂ ਫਿਲਮੀ ਸਿਤਾਰੇ ਅਤੇ ਕਈ ਮਾਡਲਾ ਨੇ ਹਾਮੀ ਭਰੀ ਹੈ ਕਿ ਜੇਕਰ ਕਰੋਨਾ ਮਹਾਂਮਾਰੀ ਦੇ ਹਾਲਾਤ ਠੀਕ ਰਹੇ ਤਾਂ ਉਹ ਜ਼ਰੂਰ ਜਰਖੜ ਖੇਡਾਂ ਦਾ ਆਨੰਦ ਮਾਨਣਗੇ। ਸਾਰੀਆਂ ਹੀ ਖੇਡਾਂ ਵਿੱਚ ਅੰਤਰਰਾਸ਼ਟਰੀ ਪੱਧਰ ਦੇ ਸਟਾਰ ਖਿਡਾਰੀਆਂ ਦੀ ਭਰਮਾਰ ਹੋਵੇਗੀ । ਜਰਖੜ ਖੇਡਾਂ ਵਿੱਚ ਕਬੱਡੀ ਆਲ ਓਪਨ, ਕਬੱਡੀ ਨਿਰੋਲ ਇੱਕ ਪਿੰਡ ਓਪਨ ,ਹਾਕੀ 6-ਏ ਸਾਈਡ ਲੜਕੇ ,ਹਾਕੀ ਲੜਕੀਆਂ 7- ਏ ਸਾਈਡ , ਹਾਕੀ ਅੰਡਰ 12 ਸਾਲ ਮੁੰਡੇ, ਵਾਲੀਬਾਲ ਸ਼ੂਟਿੰਗ, ਕੁਸ਼ਤੀਆਂ ਆਦਿ ਖੇਡਾਂ ਦੇ ਮੁਕਾਬਲੇ ਹੋਣਗੇ। ਜਿਨ੍ਹਾਂ ਵਿੱਚ ਆਲ ਓਪਨ ਕਬੱਡੀ ਕੱਪ ਨਾਇਬ ਸਿੰਘ ਗਰੇਵਾਲ ਜੋਧਾਂ ਦੀ ਯਾਦ ਵਿੱਚ ਹੋਵੇਗਾ। ਜਿਸ ਵਿੱਚ ਨਾਮੀ 8 ਕਲੱਬਾਂ ਹਿੱਸਾ ਲੈਣਗੀਆਂ। ਜਿਨ੍ਹਾਂ ਵਿੱਚ ਸਰਹਾਲਾ ਰਾਣੂਆਂ, ਭਗਵਾਨਪੁਰ, ਸਾਹਿਬਜ਼ਾਦਾ ਅਜੀਤ ਸਿੰਘ ਜੁਝਾਰ ਸਿੰਘ ਅਕੈਡਮੀ ਚਮਕੌਰ ਸਾਹਿਬ, ਅਲੰਕਾਰ ਟੋਨੀ ਅਕੈਡਮੀ ਕੁੱਬੇ, ਜਗਰਾਉਂ ਕਬੱਡੀ ਕਲੱਬ ਤੋਂ ਇਲਾਵਾ ਤਿੰਨ ਹੋਰ ਟੀਮਾਂ ਖੇਡਣਗੀਆਂ। ਇਸ ਤੋਂ ਇਲਾਵਾ ਲੜਕੇ ਅਤੇ ਲੜਕੀਆਂ ਦਾ ਹਾਕੀ ਕੱਪ ਮਹਿੰਦਰਪ੍ਰਤਾਪ ਸਿੰਘ ਗਰੇਵਾਲ ਦੀ ਯਾਦ ਵਿੱਚ ਕਰਵਾਇਆ ਜਾਵੇਗਾ। ਹਾਕੀ ਲੜਕੀਆਂ ਵਿੱਚ ਪਿਛਲੇ ਸਾਲ ਦੀ ਚੈਂਪੀਅਨ ਇਨਕਮ ਟੈਕਸ ਦਿੱਲੀ, ਰੇਲ ਕੋਚ ਫੈਕਟਰੀ ਕਪੂਰਥਲਾ, ਸੋਨੀਪਤ ਹਾਕੀ ਸੈਂਟਰ, ਨੌਰਦਨ ਰੇਲਵੇ ਦਿੱਲੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਮਰਗੜ੍ਹ ਹਾਕੀ ਸੈਂਟਰ ਹਿੱਸਾ ਲੈਣਗੇ। ਇਸ ਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਕੱਪ ਅਮਰਜੀਤ ਗਰੇਵਾਲ ਅਤੇ ਬਾਬਾ ਸੁਰਜਨ ਸਿੰਘ ਸਰੀਹ ਦੀ ਯਾਦ ਨੂੰ ਸਮਰਪਿਤ ਹੋਵੇਗਾ। ਵਾਲੀਬਾਲ ਦੇ ਵਿੱਚ 24 ਟੀਮਾਂ ਨੂੰ ਹੀ ਐਂਟਰੀ ਦਿੱਤੀ ਜਾਵੇਗੀ। ਗੱਦੇ ਵਾਲੀਆਂ ਕੁਸ਼ਤੀਆਂ ਦੇ ਮੁਕਾਬਲੇ ਬਚਨ ਸਿੰਘ ਮੰਡੌਰ ਦੀ ਯਾਦ ਵਿੱਚ ਕਰਵਾਏ ਜਾਣਗੇ । ਇਸ ਵਾਰ ਜਰਖੜ ਖੇਡਾਂ ਵਿੱਚ ਪਹਿਲੀ ਵਾਰ ਮੁੱਕੇਬਾਜ਼ੀ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ ਜਾਵੇਗੀ । ਜਿਨ੍ਹਾਂ ਨੂੰ 5 ਜਾਬ ਫਾਊਂਡੇਸ਼ਨ ਅਤ

ਮਾਤਾ ਬਿਸ਼ਨ ਕੌਰ ਚੁੰਬਰ ਜੀ ਦੀ ਸ਼ਰਧਾਂਜਲੀ 'ਤੇ ਵਿਸ਼ੇਸ਼

'ਜਿਸ ਆਸਣ ਹਮ ਬੈਠੇ, ਕੇਤੇ ਬੈਠ ਗਿਆ'

ਸ੍ਰੀਮਤੀ ਬਿਸ਼ਨ ਕੌਰ ਚੁੰਬਰ ਜੀ ਪਤਨੀ ਸਵਰਗਵਾਸੀ ਸ੍ਰੀ ਪੰਜਾਬ ਰਾਏ ਚੁੰਬਰ ਜੀ ਪਿਛਲੇ ਦਿਨੀਂ ਮਿਤੀ 29 ਨਵੰਬਰ, 2021 ਨੂੰ ਆਪਣੇ ਨਿਵਾਸ ਸਥਾਨ ਜਲੰਧਰ ਵਿਖੇ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਨਮਿਤ ਅੰਤਿਮ ਅਰਦਾਸ ਮਿਤੀ 5 ਦਸੰਬਰ, 2021 ਨੂੰ ਸ੍ਰੀ ਗੁਰੂ ਰਵਿਦਾਸ ਭਵਨ ਅਰਬਨ ਅਸਟੇਟ ਫੇਜ਼ 2 ਜਲੰਧਰ ਵਿਖੇ ਕੀਤੀ ਗਈ। ਉਹ ਪਿਛਲੇ ਚਾਰ-ਪੰਜ ਸਾਲਾਂ ਤੋਂ ਵੀਲ੍ਹਚੇਅਰ 'ਤੇ ਸਨ। ਉਨ੍ਹਾਂ ਦੀ ਸੇਵਾ ਕਰਨ ਦਾ ਸੁਭਾਗ ਉਹਨਾਂ ਦੇ ਸਪੁੱਤਰ ਸ੍ਰੀ ਤਰਸੇਮ ਲਾਲ ਚੁੰਬਰ ਨੂੰ ਹੋਇਆ। ਮਾਤਾ ਜੀ ਦੇ ਚਾਰ ਸਪੁੱਤਰ ਤੇ ਤਿੰਨ ਧੀਆਂ ਹਨ। ਵੱਡੇ ਸਪੁੱਤਰ ਸਵਰਗੀ ਸ੍ਰੀ ਸੀ. ਐਲ. ਚੁੰਬਰ ਵੈਲਫੇਅਰ ਅਫਸਰ ਸਨ ਤੇ ਬਹੁਜਨ ਸਮਾਜ ਪਾਰਟੀ (ਸ੍ਰੀ ਕਾਂਸ਼ੀ ਰਾਮ ਜੀ) ਦੇ ਪੰਜਾਬ ਦੇ ਪ੍ਰੈਸ ਬੁਲਾਰੇ ਤੇ ਇਕ ਵੱਡੇ ਸਮਾਜ ਸੇਵੀ ਸਨ। ਸ੍ਰੀ ਪ੍ਰੇਮ ਕੁਮਾਰ ਚੁੰਬਰ ਜੋ ਕਿ ਅਮਰੀਕਾ ਆਪਣੇ ਪਰਿਵਾਰ ਸਮੇਤ ਅਮਰੀਕਾ 'ਚ ਹਨ ਤੇ ਉਥੋਂ ਕੈਲੇਫੋਰਨੀਆ ਤੋਂ ਉਹ ਦੋ ਅਖਬਾਰਾਂ (ਸਪਤਾਹਿਕ) 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਪ੍ਰਕਾਸ਼ਿਤ ਕਰਦੇ ਹਨ ਤੇ ਉਹਨਾਂ ਦਾ ਨਾਂ ਇਕ ਉਘੇ ਪੱਤਰਕਾਰਾਂ 'ਚ ਸ਼ੁਮਾਰ ਹੈ। ਸ੍ਰੀ ਤਰਸੇਮ ਲਾਲ ਚੁੰਬਰ ਜੋ ਕਿ ਜਲੰਧਰ ਵਿਖੇ ਹੀ ਆਪਣਾ ਕਾਰੋਬਾਰ ਕਰ ਰਹੇ ਹਨ ਤੇ ਛੋਟੇ ਬੇਟੇ ਸ੍ਰੀ ਰਵੀ ਪ੍ਰਕਾਸ਼ ਚੁੰਬਰ ਜੀ ਸਨ। ਸ੍ਰੀ ਪੰਜਾਬ ਰਾਏ ਜੀ ਦਾ ਜੱਦੀ ਪਿੰਡ ਹੁਸੈਨਆਬਾਦ, ਤਸੀਹ ਨਕੋਦਰ ਸੀ। ਪੰਜਾਬ ਰਾਏ ਚੁੰਬਰ ਜੀ ਐਮ. ਏ. ਅਰਥ-ਸ਼ਾਸਤਰ ਸਨ ਤੇ ਉਹ ਦਿੱਲੀ ਵਿਖੇ ਸਿਵਲ ਡਿਫੈਂਸ ਆਫੀਸਰ ਦੀ ਨੌਕਰੀ ਤੇ ਨਿਯੁਕਤ ਸਨ। ਉਹ 25 ਅਕਤੂਬਰ, 1968 ਨੂੰ ਅਕਾਲ ਚਲਾਣਾ ਕਰ ਗਏ ਸਨ।

ਸ੍ਰੀ ਪੰਜਾਬ ਰਾਏ ਜੀ ਦੇ ਜਾਣ ਉਪਰੰਤ ਪਰਿਵਾਰ ਦੀ ਸਾਰੀ ਜ਼ਿੰਮੇਵਾਰੀ ਦਾ ਭਾਰ ਮਾਤਾ ਸ੍ਰੀਮਤੀ ਬਿਸ਼ਨ ਕੌਰ ਚੁੰਬਰ ਜੀ ਦੇ ਸਿਰ ਆ ਗਿਆ। ਮੇਰੀ ਉਨ੍ਹਾਂ ਨਾਲ ਪਹਿਲੀ ਮੁਲਾਕਾਤ 1971 'ਚ ਹੋਈ ਜਦੋਂ ਉਹ ਆਪਣੇ ਵੱਡੇ ਲੜਕੇ ਸ੍ਰੀ ਸੀ. ਐਲ. ਚੁੰਬਰ ਜਿਹੜਾ ਕਿ ਸਾਡੇ ਕੋਲ ਉਸ ਸਮੇਂ ਅੱਠਵੀਂ ਜਮਾਤ ਦਾ ਵਿਦਿਆਰਥੀ ਸੀ ਤੇ ਉਹ ਅੱਠਵੀਂ ਜਮਾਤ 'ਚੋਂ ਜ਼ਿਲ੍ਹੇ ਦੀ ਮੈਰਿਟ ਦਾ ਟੌਪਰ ਸੀ ਤੇ ਉਸ ਨੂੰ ਮੈਰਿਟ 'ਚ ਆਉਣ ਕਰਕੇ ਸਰਕਾਰ ਵੱਲੋਂ ਵਜ਼ੀਫਾ ਵੀ ਲੱਗਾ ਸੀ, ਦਾ ਪਤਾ ਕਰਨ ਆਏ ਸਨ। ਮਾਤਾ ਜੀ ਦੇ ਦੂਸਰੇ ਤਿੰਨੇ ਪੁੱਤਰ ਵੀ ਸਾਡੇ ਕੋਲ ਹੀ ਦਸਵੀਂ ਤੱਕ ਪੜ੍ਹੇ ਹਨ ਤੇ ਉਸ ਤੋਂ ਬਾਅਦ ਨਿਰੰਤਰ ਆਪਣੇ ਬੱਚਿਆਂ ਦਾ ਪੜ੍ਹਾਈ ਬਾਰੇ ਪਤਾ ਕਰਨ ਲਈ ਸਕੂਲ ਆਉਂਦੇ ਰਹਿੰਦੇ ਸਨ।

ਮਾਤਾ ਬਿਸ਼ਨ ਕੌਰ ਜੀ ਨੇ ਆਪਣੇ ਬੱਚਿਆਂ ਨੂੰ ਜਿੱਥੇ ਵਧੀਆ ਤਰੀਕੇ ਨਾਲ ਪਾਲਿਆ-ਪਲੋਸਿਆ, ਉਥੇ ਆਪਣੇ ਬੱਚਿਆਂ ਨੂੰ ਬੜੀ ਉਚ ਤਾਲੀਮ ਦਿਵਾਈ ਅਤੇ ਵੱਡੀਆਂ ਨੌਕਰੀਆਂ ਅਤੇ ਵੱਡੇ ਕਾਰੋਬਾਰਾਂ ਦੇ ਸਮਰੱਥ ਵੀ ਕੀਤਾ। ਬੱਚਿਆਂ ਦਾ ਪਾਲਣ-ਪੋਸ਼ਣ ਕਰਦਿਆਂ ਮਾਤਾ ਬਿਸ਼ਨ ਕੌਰ ਜੀ ਨੇ ਆਪਣੇ ਬੱਚਿਆਂ ਵਿਚ ਦੇਸ਼ ਅਤੇ ਕੌਮ ਦੀ ਸੇਵਾ ਦਾ ਜਜ਼ਬਾ ਨੱਕੋ-ਨੱਕ ਭਰ ਦਿੱਤਾ। ਸ੍ਰੀ ਸੀ. ਐਲ. ਚੁੰਬਰ ਬੜੇ ਵੱਡੇ ਕੌਮੀ ਲਿਖਾਰੀ ਸਨ। ਉਹਨਾਂ ਦੇ ਲੇਖ ਕਈ ਅਖਬਾਰਾਂ 'ਚ ਛਪਦੇ ਰਹੇ ਤੇ ਬਾਅਦ ਵਿਚ ਉਹਨਾਂ ਆਪਣਾ ਮੈਗਜੀਨ 'ਕੌਮੀ ਉਡਾਰੀਆਂ' ਅਤੇ 'ਬਹੁਜਨ ਸਮਾਜ ਬੁਲੇਟਨ' (ਬੀ. ਐਸ. ਪੀ. ਦਾ ਬੁਲਾਰਾ) ਸਮਾਚਾਰ ਪੱਤਰ ਵੀ ਪ੍ਰਕਾਸ਼ਿਤ ਕੀਤੇ। ਉਹਨਾਂ ਨੇ ਆਦਿ ਧਰਮ ਦੇ ਬਾਨੀ ਗਦਰੀ ਬਾਬਾ ਸ੍ਰੀ ਮੰਗੂ ਰਾਮ ਮੂਗੋਵਾਲੀਆ ਜੀ ਦੇ ਜੀਵਨ, ਇਤਿਹਾਸ ਅਤੇ ਆਦਿ-ਧਰਮ ਦੀ ਵਿਚਾਰਧਾਰਾ ਨੂੰ ਆਪਣੀਆਂ ਲਿਖਤਾਂ ਦੁਆਰਾ ਮੁੜ ਸੁਰਜੀਤ ਕੀਤਾ। ਉਹ ਪ੍ਰਗਤੀਵਾਦੀ, ਸਮਾਜਵਾਦੀ ਤੇ ਯਥਾਰਥਵਾਦੀ ਵਿਚਾਰਧਾਰਾ ਦੇ ਮਾਲਕ ਸਨ। ਉਨ੍ਹਾਂ ਨੇ ਦਲਿਤ ਸਮਾਜ ਨੂੰ ਸਮਾਜਿਕ ਬਰਾਬਰੀ ਦੇ ਰੁਤਬੇ ਨੂੰ ਬਹਾਲ ਕਰਨ ਲਈ, ਆਪਣੀਆਂ ਲੇਖਣੀਆਂ ਰਾਹੀਂ ਆਵਾਜ਼ ਬੁਲੰਦ ਕੀਤੀ ਤੇ ਮਾਨਵਵਾਦੀ ਵਿਚਾਰਧਾਰਾ ਦਾ ਰੱਜ ਕੇ ਪ੍ਰਚਾਰ ਕੀਤਾ। ਉਹਨਾਂ ਨੇ ਬਹੁਜਨ ਸਮਾਜ ਪਾਰਟੀ ਵਿਚ ਬਾਬੂ ਕਾਂਸ਼ੀ ਰਾਮ ਜੀ ਨਾਲ ਕੰਮ ਕੀਤਾ ਅਤੇ ਵਿਧਾਨ ਸਭਾਂ ਹਲਕਾ ਉਤਰੀ ਜਲੰਧਰ ਤੋਂ ਬਸਪਾ ਦੇ ਉਮੀਦਵਾਰ ਵਜੋਂ ਚੋਣ ਵੀ ਲੜੀ।

ਇਸੇ ਪ੍ਰੰਪਰਾ ਨੂੰ ਅੱਗੇ ਤੋਰਦਿਆਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਮਰੀਕਾ ਵਿਚ ਅਖਬਾਰ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੁਆਰਾ ਸਮਾਜ 'ਚ ਕੌਮੀ ਚੇਤਨਾ ਲਿਆਉਣ ਲਈ ਦਿਨ-ਰਾਤ ਕੰਮ ਕਰ ਰਹੇ ਹਨ। ਉਹਨਾਂ ਦੀਆਂ

Late Smt. Bishan Kaur Chumber

ਦੋਵੇਂ ਅਖਬਾਰਾਂ ਮਾਨਵਵਾਦੀ ਵਿਚਾਰਧਾਰਾ ਦੀਆਂ ਧਾਰਨੀ ਹਨ। ਉਨ੍ਹਾਂ ਦੀਆਂ ਇਹ ਦੋਵੇਂ ਅਖਬਾਰਾਂ ਅਮਰੀਕਾ 'ਚ ਖਾਸ ਸਥਾਨ ਤੇ ਪੱਧਰ ਰੱਖਦੀਆਂ ਹਨ ਤੇ ਉਨ੍ਹਾਂ ਦਾ ਨਾਂ ਉਘੇ ਪੱਤਰਕਾਰਾਂ ਦੀ ਫਹਿਸ਼ਤ 'ਚ ਆਉਂਦਾ ਹੈ। 26 ਨਵੰਬਰ, 2021 ਨੂੰ 'ਚੇਤਨਾ ਐਸੋਸੀਏਸ਼ਨ ਆਫ ਕੈਨੇਡਾ', ਉਹਨਾਂ ਨੂੰ ਵੱਡੀ ਗਿਣਤੀ ਵਿਚ ਪਿਛਲੇ ਲੰਮੇ ਸਮੇਂ ਤੋਂ ਲਗਾਤਾਰ ਦੋ ਅਖਬਾਰਾਂ ਪ੍ਰਕਾਸ਼ਿਤ ਕਰਨ ਅਤੇ ਨਿਰਪੱਖ ਤੇ ਨਿਡਰ ਪੱਤਰਕਾਰਿਤਾ ਕਰਕੇ, ਐਵਾਰਡ ਪ੍ਰਦਾਨ ਕੀਤਾ ਗਿਆ ਹੈ। ਭਾਵੇਂ ਇਨ੍ਹਾਂ ਅਖਬਾਰਾਂ ਦੇ ਆਰੰਭਕ ਦੌਰ 'ਚ ਉਹਨਾਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਪਰ ਉਹਨਾਂ ਦੇ ਸਿਰੜ ਤੇ ਸਖਤ ਮਿਹਨਤ ਨੇ, ਇਸ ਖੇਤਰ 'ਚ ਉਹਨਾਂ ਨੂੰ ਆਪਾਰ ਸਫਲਤਾ ਪ੍ਰਾਪਤੀ ਹੋਈ ਹੈ। ਇਸ ਤਰ੍ਹਾਂ ਸਮੁੱਚੇ ਤੌਰ 'ਤੇ ਦੇਖਿਆ ਜਾਵੇ ਤਾਂ ਮਾਤਾ ਬਿਸ਼ਨ ਕੌਰ ਜੀ ਦਾ ਸਮੁੱਚਾ ਪਰਿਵਾਰ ਹੀ ਬੜਾ ਸੁਭਵਾਨ ਤੇ ਕੌਮੀ ਸੇਵਾ ਭਾਵਨਾ ਵਾਲਾ ਹੈ।

ਮੌਤ ਸਬੰਧੀ ਅਨੇਕਾਂ ਵਿਦਵਾਨਾਂ, ਗੁਰੂਆਂ ਤੇ ਰਹਿਬਰਾਂ ਦੇ ਆਪੋ-ਆਪਣੇ ਵਿਚਾਰ ਹਨ। ਕਈਆਂ ਨੇ ਤਾਂ ਮੌਤ ਤੋਂ ਬਾਅਦ ਸਵਰਗ-ਨਰਕ ਦੀ ਗੱਲ ਕੀਤੀ ਹੈ। ਕਈਆਂ ਨੇ ਇਸ ਨੂੰ ਅਟੱਲ ਸਚਾਈ ਕਿਹਾ ਹੈ ਤੇ ਕਿਸੇ ਨੇ ਮਨੁੱਖ ਨੂੰ ਡਰਾਇਆ ਬਹੁਤ ਹੈ। ਇਸ ਸਬੰਧੀ ਉਹ ਕਥਨ ਨਿਮਨ-ਲਿਖਤ ਅਨੁਸਾਰ ਹਨ:

ਕਿਸੇ ਸ਼ਾਇਰ ਨੇ ਕਿਹਾ ਹੈ ਕਿ 'ਨਾ ਇਹ ਜਿੰਦਗੀ ਬੁਲਬੁਲਾ ਪਾਣੀ ਏ,
ਨਾ ਦੁਨੀਆਂ ਇਹ ਫਾਨੀ ਏ। ਇਸ ਫਲਸਫੇ ਫਾਨੀ ਨੂੰ, ਘੜਿਆ ਅਮੀਰੀ ਨੇ।

ਕਬੀਰ ਸਾਹਿਬ ਗੁਰਬਾਣੀ 'ਚ ਇਸ ਤਰ੍ਹਾਂ ਕਹਿੰਦੇ ਹਨ ਕਿ ਇਨਸਾਨ ਜਦ ਸੰਸਾਰ 'ਚ ਆਉਂਦਾ ਹੈ ਤਾਂ ਸੰਸਾਰ ਦੇ ਲੋਕ ਹੱਸਦੇ ਹਨ, ਭਾਵ ਖੁਸ਼ ਹੁੰਦੇ ਹਨ ਪਰ ਜਨਮ ਲੈਣ ਵਾਲਾ ਬੱਚਾ ਜਨਮ ਦੇ ਤੁਰੰਤ ਬਾਅਦ ਰੋਂਦਾ ਹੈ। ਹੇ ਇਨਸਾਨ, ਤੂੰ ਇਸ ਸੰਸਾਰ 'ਚ ਆ ਕੇ ਅਜਿਹੇ ਸੰਸਾਰ ਭਲਾਈ ਦੇ ਕੰਮ ਕਰ ਤੇ ਉਨ੍ਹਾਂ ਚੰਗੇ ਕੰਮਾਂ ਨੂੰ ਕਰਕੇ ਤੂੰ ਖੁਸ਼ ਹੋ ਤੇ ਤੇਰੇ ਇਸ ਸੰਸਾਰ ਛੱਡ ਜਾਣ 'ਤੇ ਲੋਕ ਤੇਰੀ ਮੌਤ 'ਤੇ ਰੋਣ ਭਾਵ ਤੇਰੀਆਂ ਕੀਤੀਆਂ ਚੰਗਿਆਈਆਂ ਨੂੰ ਯਾਦ ਕਰਕੇ ਰੋਣ:

ਕਬੀਰਾ ਜਬ ਹਮ ਆਇ ਜਗਤ ਮੋਂ, ਜਗ ਹੰਸਾ ਹਮ ਰੋਇ।।
ਐਸੀ ਕਰਨੀ ਕਰ ਚਲੇ, ਹਮ ਹਸੇ ਜਗ ਰੋਇ।।

ਭਾਵ ਇਸ ਸੰਸਾਰ 'ਚ ਉਹ ਪ੍ਰਮਾਤਮਾ ਇਨਸਾਨ ਨੂੰ ਭੇਜਦਾ ਹੈ ਤੇ ਜਦੋਂ ਉਸਨੂੰ, ਪ੍ਰਮਾਤਮਾ ਸੱਦਦਾ ਹੈ ਤਾਂ ਉਹ ਉਸ ਪਾਸ ਹੀ ਚਲੇ ਜਾਂਦਾ ਹੈ। ਗੁਰਬਾਣੀ 'ਚ ਬਾਬਾ ਸ਼ੇਖ ਫਰੀਦ ਜੀ ਲਿਖਦੇ ਹਨ ਕਿ:

ਫਰੀਦਾ ਸ਼ੇਖ ਹਿਅਤੀ ਥਿਰ ਨਾ ਕੋਇ ਜਗ ਮੇ ਰਿਹਾ
ਜਿਸ ਆਸਣ ਹਮ ਬੈਠੇ, ਕੇਤੇ ਬੈਠ ਗਿਆ।

ਭਾਵ ਕੋਈ ਵੀ ਇਨਸਾਨ ਸਦਾ ਸਥਾਈ ਤੌਰ 'ਤੇ ਇਸ ਸੰਸਾਰ 'ਚ ਨਹੀਂ ਰਹਿੰਦਾ, ਉਹ ਥੋੜ੍ਹੇ ਸਮੇਂ ਲਈ ਹੀ ਇਸ ਸੰਸਾਰ 'ਚ ਰਹਿੰਦਾ ਹੈ। ਇਸ ਸੰਸਾਰ 'ਚ ਪਤਾ ਨਹੀਂ ਕਿੰਨੇ ਲੋਕ ਆਏ ਤੇ ਚਲੇ ਗਏ, ਜਿੱਥੇ ਅਸੀਂ ਅੱਜ ਬੈਠੇ ਹਾਂ।

ਅੰਗਰੇਜ਼ੀ ਦਾ ਪ੍ਰਸਿੱਧ ਕਵੀ ਵਿਲੀਅਮ ਵਰਡਵਰਥ ਨਦੀ ਨੂੰ ਸੰਬੋਧਨ ਹੋ ਕੇ ਕਹਿੰਦਾ ਹੈ ਕਿ: ਹੇ! ਨਦੀ ਆਦਮੀ ਇਸ ਸੰਸਾਰ ਵਿਚ ਆਉਂਦੇ ਹਨ ਤੇ ਚਲੇ ਜਾਂਦੇ ਹਨ ਪਰ ਤੂੰ ਸਦਾ ਚਲਦੀ ਰਹਿੰਦੀ ਹੈ ਤੇ ਤੇਰਾ ਕੋਈ ਅੰਤ ਹੀ ਨਹੀਂ ਹੈ, ਤੂੰ ਸਦੀਆਂ ਤੋਂ ਇਵੇਂ ਹੀ ਚਲਦੀ ਆ ਰਹੀ ਹੈ। ਉਹ ਇਕ ਕਵਿਤਾ 'ਚ ਇਹ ਵੀ ਕਹਿੰਦਾ ਹੈ ਕਿ ਆਦਮੀ ਦੀ ਜ਼ਿੰਦਗੀ ਦੇ ਸੱਤ ਪੜਾਅ ਹਨ। ਆਖਰੀ ਸੱਤਵਾਂ ਪੜਾਅ ਉਸ ਦਾ ਬੁਢੇਪੇ ਤੇ ਮੌਤ ਦਾ ਹੈ। ਆਪਣੀ ਕਵਿਤਾ 'ਪ੍ਰਫੈਕਟ ਲਾਈਫ' 'ਚ ਉਹ ਕਹਿੰਦੇ ਹਨ ਕਿ ਲਿੱਲੀ ਦਾ ਫੁੱਲ ਇਸ ਸੰਸਾਰ 'ਚ ਬਹੁਤ ਥੋੜ੍ਹੇ ਸਮੇਂ ਲਈ ਆਉਂਦਾ ਹੈ ਤੇ ਆਪਣੀ ਆਪਾਰ ਸੁੰਦਰਤਾ ਨਾਲ ਦੁਨੀਆਂ ਨੂੰ ਖੁਸ਼ ਕਰ ਜਾਂਦਾ ਹੈ।

ਭਾਵ ਇਸੇ ਹੀ ਤਰ੍ਹਾਂ ਮਨੁੱਖ ਭਾਵੇਂ ਇਸ ਸੰਸਾਰ ਤੇ ਥੋੜ੍ਹੇ ਸਮੇਂ ਲਈ ਹੀ ਆਵੇ ਪਰ ਉਹ ਕੰਮ ਇੰਨੇ ਮਾਨਵਤਾ ਲਈ ਵਧੀਆ ਕਰ ਜਾਵੇ ਤਾਂ ਕਿ ਆਉਣ ਵਾਲੀਆਂ ਨਸਲਾਂ ਉਸ ਦੇ ਕੰਮਾਂ ਨੂੰ ਸਦਾ ਯਾਦ ਕਰਦੀਆਂ ਰਹਿਣ।

ਪ੍ਰੋ: ਐਚ.ਐਲ.ਕਪੂਰ

ਸੱਚ ਮੁੱਚ ਮਾਤਾ ਬਿਸ਼ਨ ਕੌਰ ਜੀ ਅਜਿਹੇ ਹੀ ਵਧੀਆ ਇਨਸਾਨ ਸਨ, ਜਿਹਨਾਂ ਨੇ ਆਪਣੇ ਪਤੀ ਦੀ ਮੌਤ ਉਪਰੰਤ ਆਪਣੇ ਆਪ ਨੂੰ ਦੁੱਖਾਂ ਤੇ ਮੁਸੀਬਤਾਂ ਦੀ ਪਰਵਾਹ ਨਾ ਕਰਦੇ ਹੋਏ, ਜ਼ਿੰਦਗੀ 'ਚ ਬੜਾ ਸੰਘਰਸ਼ ਕੀਤਾ ਤੇ ਸੰਘਰਸ਼ਮਈ ਜੀਵਨ ਨਾਲ ਹੀ ਆਪਣੇ ਪਰਿਵਾਰ ਦੀ ਪਾਲਣਾ-ਪੋਸ਼ਣਾ ਕੀਤੀ ਤੇ ਆਪਣੇ ਬੱਚਿਆਂ ਨੂੰ ਉਚੀ ਸਿੱਖਿਆ ਦੇ ਕੇ ਉਚ ਪਦਾਂ 'ਤੇ ਪਹੁੰਚਾਇਆ ਤੇ ਅੱਜ ਸਾਰਾ ਪਰਿਵਾਰ ਪੂਰੀ ਤਰ੍ਹਾਂ ਆਪਣੇ ਜੀਵਨ 'ਚ ਸਫਲ ਹੈ ਤੇ ਹੋਰ ਉਚਿਆਈਆਂ ਵੱਲ ਵੱਧ ਰਿਹਾ ਹੈ।

ਅੱਜ ਉਨ੍ਹਾਂ ਦੇ ਅਚਾਨਕ ਇਸ ਸੰਸਾਰ ਤੋਂ ਚਲੇ ਜਾਣ ਉਪਰੰਤ ਉਨ੍ਹਾਂ ਨੂੰ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ, ਪ੍ਰਮਾਤਮਾ ਉਹਨਾਂ ਦੀ ਰੂਹ ਨੂੰ ਸ਼ਾਂਤੀ ਬਖਸ਼ਣਾ ਤੇ ਮਗਰ ਚੁੰਬਰ ਪਰਿਵਾਰ ਨੂੰ ਦੁੱਖ ਦੀ ਘੜੀ 'ਚ ਇਸ ਭਾਣੇ ਨੂੰ ਮੰਨਣ ਦਾ ਬਲ ਬਖਸ਼ਣਾ ਤੇ ਚੜ੍ਹਦੀ ਕਲਾ 'ਚ ਰੱਖਣਾ।

ਮਾਤਾ ਬਿਸ਼ਨ ਕੌਰ ਚੁੰਬਰ ਜੀ ਦੇ ਨਮਿਤ ਗੁਰਬਾਣੀ ਦੇ ਕੀਤਨ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਨੇ ਮਾਤਾ ਬਿਸ਼ਨ ਕੌਰ ਜੀ ਦੇ ਜੀਵਨ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੇ ਸਬੰਧ ਵਿਚ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ।

ਬਹੁਤ ਸਾਰੇ ਬੁਲਾਰਿਆਂ 'ਚ ਡਾ. ਰੌਣਕੀ ਰਾਮ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਮਾਤਾ ਜੀ ਦੀ ਸਖਤ ਮਿਹਨਤ ਅਤੇ ਦੂਰਅੰਦੇਸ਼ੀ ਦਾ ਨਤੀਜਾ ਹੀ ਹੈ ਕਿ ਉਹਨਾਂ ਦਾ ਪਰਿਵਾਰ ਅੱਜ ਬਹੁਤ ਉਚੇ ਮੁਕਾਮ ਉਤੇ ਹੈ। ਸ੍ਰੀ ਰਮੇਸ਼ ਚੰਦਰ ਸਾਬਕਾ ਰਾਜਦੂਤ ਭਾਰਤ ਸਰਕਾਰ ਨੇ ਕਿਹਾ ਕਿ ਮਾਤਾ ਜੀ ਬਹੁਤ ਮਿਲਾਪੜੇ ਅਤੇ ਨੇਕ ਦਿਲ ਇਨਸਾਨ ਸਨ। ਡਾਕਟਰ ਕੁਲਵੰਤ ਸਿੰਘ ਕੇ. ਜੀ. ਐਮ. ਹਸਪਤਾਲ ਜਲੰਧਰ ਜੀ ਨੇ ਬੋਲਦਿਆਂ ਕਿਹਾ ਕਿ ਅੱਜ ਮੈਂ ਹੱਡੀਆਂ ਦਾ ਸਪੈਸ਼ਲਿਸਟ ਡਾਕਟਰ ਹਾਂ, ਜੇਕਰ ਮੁਢਲੀ ਪੜ੍ਹਾਈ ਦੌਰਾਨ ਮਾਤਾ ਜੀ ਮੈਨੂੰ ਕਿਤਾਬਾਂ ਨਾ ਦਿੰਦੇ ਤਾਂ ਸ਼ਾਇਦ ਅੱਜ ਮੈਂ ਡਾਕਟਰ ਨਾ ਬਣਦਾ। ਸ੍ਰੀ ਸਰਦਾਰੀ ਲਾਲ ਜੀ ਮਹੇ ਨੇ ਕਿਹਾ ਮੈਂ ਅਤੇ ਮੇਰਾ ਸਾਰਾ ਪਰਿਵਾਰ ਸਾਡੇ ਮਾਣਯੋਗ ਫੁੱਫੜ ਜੀ ਸ੍ਰੀ ਪੰਜਾਬ ਰਾਏ ਚੁੰਬਰ ਅਤੇ ਭੂਆ ਜੀ ਮਾਤਾ ਬਿਸ਼ਨ ਕੌਰ ਚੁੰਬਰ ਜੀ ਦੀ ਪ੍ਰੇਰਨਾ ਨਾਲ ਹੀ ਕਾਮਯਾਬ ਹੋਇਆ ਹੈ।

ਇਹਨਾਂ ਤੋਂ ਇਲਾਵਾ ਪ੍ਰਿੰਸੀਪਲ ਰਾਜ ਕੁਮਾਰ ਬੱਧਣ, ਸਰਪੰਚ ਸੰਤੋਖ ਸਿੰਘ ਜੱਸੀ (ਬੰਗਾ), ਚਰਨਜੀਤ ਸਿੰਘ ਬਿਨਪਾਲਕੇ ਨੇ ਵੀ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਬਾਬੂ ਕਾਂਸ਼ੀ ਰਾਮ ਜੀ ਦੁਆਰਾ ਰਚਿਤ 'ਬਾਮਸੇਫ ਇਕ ਜਾਣਕਾਰੀ' ਬੁੱਕਲੈਟ ਸ੍ਰੀ ਪ੍ਰੇਮ ਕੁਮਾਰ ਚੁੰਬਰ ਵੱਲੋਂ ਪ੍ਰਕਾਸ਼ਿਤ, ਜਾਰੀ ਕਰਕੇ ਸੰਗਤਾਂ ਨੂੰ ਵੰਡੀ ਗਈ। ਸਮਾਪਤੀ ਤੇ ਸ੍ਰੀ ਤਰਸੇਮ ਲਾਲ ਚੁੰਬਰ ਨੇ ਆਈਆਂ ਸੰਗਤਾਂ, ਸਾਕ-ਸਬੰਧੀਆਂ ਅਤੇ ਵਿਦਵਾਨਾਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਸ੍ਰੀ ਹਰਮੇਸ਼ ਲਾਲ ਜੱਸਲ ਜੀ ਨੇ ਬਾਖੂਬੀ ਨਾਲ ਨਿਭਾਇਆ।

ਚੁੰਬਰ ਪਰਿਵਾਰ ਦਾ ਸ਼ੁਭਚਿੰਤਕ,
ਐਚ. ਐਲ. ਕਪੂਰ
ਸੈਕਰਾਮੈਂਟੋ, ਕੈਲੇਫੋਰਨੀਆ

ਪੰਜਾਬ ਦੇ ਮਾਲਵਾ ਖਿੱਤੇ ਵਿਚ ਆਪ ਦੀ ਲਹਿਰ ਬਣਨ ਲੱਗੀ

ਚੰਡੀਗੜ੍ਹ – ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਕਾਫਲਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਹਰ ਜ਼ਿਲ੍ਹੇ ਤੋਂ ਨਾਮਵਰ ਵਿਅਕਤੀ ਲਗਾਤਾਰ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਮੰਗਲਵਾਰ ਨੂੰ ਮੋਹਾਲੀ ਫਤਿਹਗੜ੍ਹ ਸਾਹਿਬ 'ਚ ਪਾਰਟੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਸੀਨੀਅਰ ਜ਼ਿਲਾ ਕਾਂਗਰਸ ਆਗੂ ਤਿਲਕ ਰਾਜ ਸ਼ਰਮਾ ਅਤੇ ਫਤਿਹਗੜ੍ਹ ਸਾਹਿਬ ਜ਼ਿਲਾ ਬਾਰ ਐਸੋਸੀਏਸ਼ਨ ਦੇ ਸਾਬਕਾ ਸਕੱਤਰ ਐਡਵੋਕੇਟ ਰਾਹੁਲ ਸ਼ਰਮਾ ਸਮੇਤ 50 ਤੋਂ ਵੱਧ ਲੋਕ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। 'ਆਪ' ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ, 'ਆਪ' ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਦੇ ਇੰਚਾਰਜ ਡਾ: ਸੰਨੀ ਸਿੰਘ ਆਹਲੂਵਾਲੀਆ ਅਤੇ ਪਾਰਟੀ ਦੇ ਸੀਨੀਅਰ ਆਗੂ ਸਤੀਸ਼

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ

'ਹੱਥਾਂ ਵਾਝ ਕਰਾਰਿਆਂ, ਵੈਰੀ ਮਿੱਤ ਨਾ ਹੋਏ।'

ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ 7 ਪੋਹ, 1723 ਵਿਕਰਮੀ ਨੂੰ ਪਟਨਾ ਸਾਹਿਬ ਦੀ ਧਰਤੀ ਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਹੋਇਆ ਅਤੇ ਉਹ ਮਨੁੱਖਤਾ ਦੀ ਸੇਵਾ ਤੇ ਰੱਖਿਆ ਕਰਦਿਆਂ 7 ਅਕਤੂਬਰ, 1708 ਈਸਵੀ ਮੁਤਾਬਕ 5 ਕੱਤਕ, 1765 ਵਿਕਰਮੀ ਨੂੰ ਕੋਈ 42 ਸਾਲ ਦੇ ਕਰੀਬ ਉਮਰ ਭੋਗ ਕੇ ਜੋਤੀ-ਜੋਤ ਸਮਾ ਗਏ।

ਆਪ ਨੇ ਮਨੁੱਖਤਾ ਦੀ ਭਲਾਈ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇੰਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਸਦੀਆਂ ਤੋਂ ਜ਼ੁਲਮ ਦੀ ਮਾਰ ਝੱਲ ਰਹੇ ਦੱਬੇ-ਕੁਚਲੇ ਹਿੰਦੁਸਤਾਨੀ ਸਮਾਜ ਵਿਚ,ਨਵੀਂ ਰੂਹ ਫੂਕ ਕੇ, ਜ਼ਾਲਮਾਂ ਨੂੰ ਕਰਾਰੇ ਹੱਥ ਦਿਖਾ ਕੇ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਦੇ ਡਰ ਨੂੰ ਦੂਰ ਕਰਕੇ ਅਜੋਕੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਸਿਰ ਤੋੜ ਯਤਨ ਕੀਤਾ। ਗੁਰੂ ਜੀ ਕਿੰਨੇ ਮਹਾਨ ਹਨ ਕਿ ਉਹਨਾਂ ਨੇ ਅੱਜ ਤੋਂ ਕੋਈ ਤਿੰਨ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਇਹ ਐਲਾਨ ਕੀਤਾ ਕਿ ਸਮੁੱਚੀ ਮਾਨਵਤਾ ਵਿਚ, ਉਸ ਇਕੋ ਅਕਾਲ-ਪੁਰਖ ਦੀ ਜੋਤ ਕੰਮ ਕਰ ਰਹੀ ਹੈ ਤੇ ਸਭ ਮਨੁੱਖ ਸਮਾਨ ਹਨ। ਉਹਨਾਂ ਨੂੰ ਜਾਤ-ਪਾਤ, ਨਸਲ ਤੇ ਰੰਗ-ਭੇਦ ਦੇ ਆਧਾਰ ਤੇ ਵੰਡਿਆ ਨਹੀਂ ਜਾ ਸਕਦਾ। ਇਸ ਲਈ ਸਾਰੀ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ, ਸਭ ਨੂੰ ਪ੍ਰਮਾਤਮਾ ਦਾ ਰੂਪ ਸਮਝਣ ਦਾ ਸੰਦੇਸ਼ ਦਿੱਤਾ:

ਕੋਈ ਭਇਓ ਮੁੰਡੀਆ ਸੰਨਿਆਸੀ
ਕੋਈ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ,
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਾ ਕੇ 'ਖਾਲਸਾ-ਪੰਥ' ਦੀ ਨੀਂਹ ਰੱਖੀ। 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾਅ ਕੇ 'ਸਿੰਘ' ਸਾਜਿਆ ਤੇ ਉਹਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ-ਚੇਲਾ' ਅਖਵਾਇਆ।

ਗੁਰੂ ਜੀ ਨੇ ਜੋ ਪੰਜ ਪਿਆਰਿਆਂ ਦੀ ਚੋਣ ਕੀਤੀ, ਉਹ ਵੱਖ-ਵੱਖ ਵਰਗਾਂ ਦੇ ਲੋਕ ਸਨ। ਉਹਨਾਂ ਵਿਚ ਖੱਤਰੀ, ਜਾਟ, ਝੀਵਰ, ਛੀਬਾ ਤੇ ਨਾਈ ਵਰਗ ਦੇ ਲੋਕ ਸਨ। (ਹਵਾਲਾ ਗੁਰੂ ਕੀਆ ਸਾਖੀਆਂ: ''ਪ੍ਰਿਥਮੈ ਦੈਆ ਰਾਮ ਸੋਪਤੀ ਖੱਤਰੀ ਬਾਸੀ ਲਹੌਰ ਖਲਾ ਹੂਆ॥ ਪਾਛੈ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ (ਜਫਰਾਬਾਦ), ਧਰਮ ਚੰਦ ਜਵੰਦਾ ਜਾਟ ਵਾਸੀ ਹਸਤਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨ-ਨਾਥ ਬਾਰੋ-ਬਾਰੀ ਖਲੇ ਹੂਏ।'' ਖੱਤਰੀ ਵਰਗ ਨੂੰ ਛੱਡ ਕੇ ਬਾਕੀ ਚਾਰੇ ਵਰਗਾਂ ਦੇ ਲੋਕ ਦਲਿਤ ਵਰਗ ਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ, ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ 'ਪੰਜ ਪਿਆਰਿਆਂ' ਦੀ ਸਿਧਾਂਤਕ 'ਸੰਸਥਾ' ਤੇ ਨਾ ਤਾਂ ਕੋਈ ਉੱਚ-ਜਾਤੀ ਜਾਂ ਵਰਗ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ 'ਵਿਸ਼ੇਸ਼ ਵਰਗ' ਦਾ ਏਕਾ ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ-ਪ੍ਰਥਾ ਤੇ ਵਿਸ਼ੇਸ਼ ਵਰਗ ਉਤੇ ਇਕ ਭਰਵੀਂ ਸੱਟ ਮਾਰੀ। ਉਹਨਾਂ ਨੇ ਸਮਾਜਿਕ, ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਜਾਂ ਵਰਗ ਵਿਸ਼ੇਸ਼ ਦੀ ਲੋੜ ਨੂੰ ਨਕਾਰ ਦਿੱਤਾ ਤੇ ਮਾਨਵਵਾਦ ਨੂੰ ਪਹਿਲ ਦਿੱਤੀ।

ਇਸ ਤਰ੍ਹਾਂ ਕਰਕੇ ਗੁਰੂ ਨਾਨਕ ਦੇਵ ਜੀ ਦੀ ਜਾਤ-ਪਾਤ ਤੇ ਵਰਗਵਾਦ ਦੇ ਵਿਰੁੱਧ ਵਿਚਾਰਧਾਰਾ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦਿੱਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ਼॥

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬੀ ਮਜ਼ਲੂਮਾਂ ਅਤੇ ਨਿਤਾਣਿਆਂ ਦੀ ਰੱਖਿਆ ਕਰਨਾ ਅਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਹਨਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਨ੍ਹਾਂ ਦਾ ਧਰਮ ਯੁੱਧ ਕਰਨ ਦਾ ਕਾਰਨ ਲੋਕਾਂ ਤੇ ਹੋ ਰਹੇ ਜ਼ੁਲਮ-ਜਬਰ ਨੂੰ ਰੋਕਣਾ ਸੀ ਤੇ ਦੁਸ਼ਮਣ ਦਾ ਕਰਾਰੇ ਹੱਥਾਂ ਨਾਲ ਮੁਕਾਬਲਾ ਕਰਕੇ ਉਸ ਦੇ ਦੰਦ ਖੱਟੇ ਕਰਨਾ ਸੀ। ਉਹ ਆਪਣੇ ਜੀਵਨ ਦੇ ਮਨੋਰਥ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵਿ ਪਠਾਏ॥
ਜਹਾ ਤਹਾ ਤੁਮ ਧਰਮ ਬਿਥਾਰੋ॥
ਦੁਸ਼ਟ ਦੋਖਯਨਿ ਪਕਰਿ ਪਛਾਰੋ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਿਨ॥

ਗੁਰੂ ਜੀ ਨੇ ਅਖੌਤੀ ਧਰਮਾਂ, ਗੁਰੂਆਂ ਦੇ ਪਾਖੰਡ ਦੇ ਪਾਜ ਨੂੰ ਖੂਬ ਉਘਾੜਿਆ। ਉਹਨਾਂ ਨੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ-ਪ੍ਰਸਤੀ, ਤੀਰਥਾਂ 'ਤੇ ਯਾਤਰਾ ਕਰਨੀ ਅਤੇ ਸਮਾਧੀਆਂ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਹਨਾਂ ਕਰਮ-ਕਾਂਡਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ-ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:

ਕਹਾ ਭਯੋ ਜੰ ਦੋਊ ਲੋਚਨ ਮੂੰਦ ਕੈ।
ਬੈਠ ਰਹਿਓ ਬਕ ਧਯਾਨ ਲਗਾਇਓ॥
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ।
ਲੋਕ ਗਇਓ ਪਰਲੋਕ ਗਵਾਇਓ॥
ਬਾਸ ਕੀਓ ਬਿਖਿਆਨ ਸੋ ਬੈਠ ਕੇ।
ਐਸੇ ਹੀ ਐਸ ਸੁ ਬੈਸ ਬਿਤਾਇਓ॥
ਸਾਚ ਕਹੋ ਸੁਨ ਲੇਹ ਸਭੈ।
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਹਨਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ, ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ਵਿਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਂਚ ਦੱਸੀ। ਇਹੀ ਲੋਕ ਗੁਰੂ ਕ੍ਰਿਪਾ ਨਾਲ ਖਾਲਸਾ ਸਜ ਕੇ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ।
ਨਹੀਂ ਮੋ ਸੇ ਗਰੀਬ ਕਰੋਰ ਪਰੈ॥

ਦਸਮ ਪਿਤਾ ਜੀ ਦੀ ਇਹ ਇਕ ਬਹੁਤ ਹੀ ਉਚੀ ਸੋਚ ਦਾ ਨਤੀਜਾ ਹੈ ਕਿ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ। ਖਾਲਸਾ ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ 'ਗੁਰੂ-ਪੰਥ' ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸਾ ਮੈਂ ਹਉ ਕਰਉ ਨਿਵਾਸ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਅਤੇ ਰਹਿਬਰਾਂ ਵਾਂਗ ਉਹਨਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਹਨਾਂ ਅਕਾਲ-ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦੇ ਕੇ ਇਸ ਵਿਚੋਂ ਇਕ ਵਧੀਆ ਜੀਵਨ-ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਿਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸਖਤ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ, ਸਗੋਂ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀਆਂ ਮਨੁੱਖੀ ਜੀਵਨ ਨੂੰ ਵਧੀਆ ਮਾਨਵ ਬਣਾਉਣ ਲਈ ਦਿੱਤੀਆਂ ਸਿੱਖਿਆਵਾਂ ਤੇ ਸਿਧਾਂਤਾਂ ਨੂੰ ਜੀਵਨ ਵਿਚ ਅਪਣਾ ਕੇ ਅਮਲੀ ਰੂਪ ਦੇਣਾ ਹੈ ਤੇ ਪਾਖੰਡਾਂ, ਅੰਧ-ਵਿਸ਼ਵਾਸਾਂ ਤੇ ਪੂਜਾ ਪਾਠਾਂ ਦੀਆਂ ਵਿਧੀਆਂ ਤੋਂ ਦੂਰ ਰਹਿਣਾ ਹੈ। 'ਬਚਿੱਤਰ ਨਾਟਕ' ਵਿਚ ਇਸ ਪ੍ਰਤੀ ਆਪਣੇ ਵਿਚਾਰ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ॥
ਮੋ ਕੋ ਦਾਸ ਤਵਨ ਕਾ ਜਾਨੋ॥
ਯਾ ਮੈ ਭੇਦੁ ਨਾ ਰੰਚ ਪਛਾਨੋ॥

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ ਅਨੁਸਾਰ: ''ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਹਨਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ ਅਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।''

ਉਹਨਾਂ ਦਾ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿਜੀ ਗਰਜ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਅਕਾਲ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿੱਤ੍ਰ ਨਾਟਕ' ਵਿਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਰੋ ਜਗ ਮਾਹਿ॥'

ਗੁਰੂ ਜੀ ਨੇ ਜੰਗਾਂ ਦੇ ਮੈਦਾਨ ਵਿਚ ਸਿਰਫ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉਤਰ ਦਿੱਤਾ। ਇਹੋ ਜਿਹਾ ਉਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। 'ਪੰਥ ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:-

ਇਨ ਪੁਤਰਨ ਕੇ ਸੀਸ ਪਰ,
ਵਾਰ ਦੀਏ ਸੁਤ ਚਾਰ॥
ਚਾਰ ਮੋਏ ਤੋ ਕਿਆ ਹੂਯਾ,
ਜੀਵਤ ਕਈ ਹਜ਼ਾਰ॥

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ, ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰਾਂ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਦੇਖਿਆ, ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:-

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧ ਬਿਨ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰ ਪਿਆਲਾ,
ਭੱਠ ਖੇੜਿਆਂ ਦਾ ਰਹਿਣਾ॥

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਹਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖੂਨ ਵਹਾਉਣ ਵਿਚ ਰੱਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ: ਗੋਕਲ ਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ:

''ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜ਼ਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦਾ ਦੀਵਾ ਸਦਾ ਲਈ ਗੁਲ ਹੋ ਜਾਂਦਾ।'' ਅੱਜ ਵੀ ਸਾਰੀ ਦੁਨੀਆਂ ਵਿਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀਕਲਾ ਵਿਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਜੋਗੀ ਵਰਗ ਸ਼ਾਇਰ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ: ''ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ।''

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਨਾਲ ਹੀ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਹਨਾਂ ਦੇ ਦਰਬਾਰ ਵਿਚ 52 ਸਾਹਿਤਕਾਰ ਸਨ, ਜੋ ਰਾਤ ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ

ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

ਗੁਰੂ ਗੋਬਿੰਦ ਸਿੰਘ ਸਾਹਿਬ ਜੀ (22 ਦਸੰਬਰ 1666)

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਕ ਇਲਾਹੀ ਦੂਤ, ਇਕ ਯੋਧਾ ਅਤੇ ਇਕ ਦਾਰਸ਼ਨਿਕ ਵਜੋਂ ਜਾਣੇ ਜਾਂਦੇ ਹਨ। ਆਪ ਜੀ ਨੇ ਸਮਾਜ ਨੂੰ ਨਿਡਰਤਾ, ਸਵੈਮਾਣ, ਸੰਜਮ ਤੇ ਵਿਸ਼ਵਾਸ ਦੀ ਜੀਵਨ ਜਾਚ ਸਿਖਾਈ। ਸਿੱਖ ਧਰਮ ਵਿਚ ਅਪ ਦਸਵੀਂ ਪਾਤਸ਼ਾਹੀ ਵਜੋਂ ਯਾਦ ਕੀਤੇ ਜਾਂਦੇ ਹਨ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਅਨੁਸਾ ਪ੍ਰਮਾਤਮਾ ਦ ਪ੍ਰੇਮ ਵਿਚ ਯੋਧਿਆਂ ਵਾਂਗ ਵਿਚਰਨ ਦਾ ਉਪਦੇਸ਼ ਹੈ। ਸਤਿ ਨੇ ਨਿਆਂ ਦੀ ਹਰ ਹਾਲਤ ਵਿਚ ਪਾਲਣਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹਾ ਖਾਲਸ ਸਾਜਿਆ ਕਿ ਇਕ ਪ੍ਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸਿਰ ਨਾ ਝੁਕਾਵੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਸ਼ਵਾਸ ਰੱਖੇ ਤੇ ਗੁਰੂ ਮੰਨੇ। ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਜਬਰ ਅਤੇ ਅਨਿਆਇ ਅੱਗੇ ਝੁਕਣਾ ਆਧਰਮ ਹੈ। ਸਿੱਖ ਕੌਮ ਵਿਚ ਅਜਿਹਾ ਜੋਸ਼ ਭਰਿਆ ਕਿ ਨਿਮਾਣੇ, ਨਿਤਾਣੇ, ਦੱਬੇ-ਕੁਚਲੇ ਨਿਕੰਮੇ ਸਮਝੇ ਜਾਣ ਵਾਲਿਆਂ ਨੂੰ ਸੰਤ ਸਿਪਾਹੀ ਬਣਨ ਵੱਲ ਤੋਰਿਆ। ਜਿਹਨਾਂ ਦੀਆਂ ਕੁਰਬਾਨੀਆਂ ਹਮੇਸ਼ਾ ਅਮਰ ਹਨ। ਅਧਿਆਤਮਕ ਤੇ ਭੌਤਿਕ, ਆਤਮਕ ਤੇ ਸੰਸਾਰਕ ਨੂੰ ਇਕ ਕਲਾਵੇ ਵਿਚ ਲੈ ਲਿਆ। 'ਦੇਗ, ਤੇਗ ਫਤਿਹ' ਦੀ ਦਾਤ ਖਾਲਸੇ ਨੂੰ ਬਖਸ਼ੀ। ਗੁਰੂ ਸਾਹਿਬ ਜੀ ਨੇ ਨਰੋਏ ਸਮਾਜ ਦੀ ਉਸਾਰੀ ਕਰਦਿਆਂ ਸਿੱਖ ਧਰਮ ਦੀ ਅਗਵਾਈ ਕੀਤੀ।

ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਕਾਲ ਦੇ ਚਲਦੇ ਸਮੇਂ ਵਿਚ ਆਪ ਜੀ ਦਾ ਜਨਮ ਹਰਿਮੰਦਰ ਸਾਹਿਬ ਪਟਨਾ ਬਿਹਾਰ 22 ਦਸੰਬਰ 1666 ਨੂੰ ਮਾਤਾ ਗੁਜਰੀ ਜੀ ਦੀ ਕੁੱਖੋਂ ਹੋਇਆ। ਉਸ ਵੇਲੇ ਆਪ ਜੀ ਦੇ ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਧਾਰਮਿਕ ਉਦੇਸ਼ ਲਈ ਬੰਗਾਲ ਅਤੇ ਅਸਾਮ ਦੀ ਯਾਤਰਾ 'ਤੇ ਸਨ। ਸਾਹਿਬਜ਼ਾਦੇ ਦਾ ਨਾਂ ਗੋਬਿੰਦ ਦਾਸ ਰੱਖਣ ਦਾ ਸੁਨੇਹਾ ਭੇਜਿਆ। ਬਾਅਦ ਵਿਚ 30 ਮਾਰਚ 1699 ਵੈਸਾਖੀ ਵਾਲੇ ਦਿਨ ਜਦ ਆਪ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ ਤਾਂ ਆਪ ਜੀ ਦਾ ਨਾਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹੋ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 1670 ਵਿਚ ਪਟਨਾ ਵਾਪਸ ਆਉਣ 'ਤੇ ਆਪ ਜੀ ਦਾ ਪਰਿਵਾਰ ਕੁਝ ਚਿਰ ਪਟਨਾ ਸਾਹਿਬ ਰਿਹਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੇ ਪਹਿਲੇ ਪੰਜ ਸਾਲ ਪਟਨਾ ਸਾਹਿਬ ਵਿਖੇ ਗੁਜਰੇ ਸਨ। ਆਪ ਜੀ ਨੇ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਸ਼ੁਰੂ ਕਰ ਲਈ ਸੀ। ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਪ ਜੀ ਦੇ ਸ਼ਰਧਾਲੂ ਬਣ ਗਏ ਸਨ। ਤਦ ਹੀ ਪਰਿਵਾਰ ਦੀ ਪੰਜਾਬ ਜਾਣ ਦੀ ਤਿਆਰੀ ਹੋ ਗਈ। ਪਰਿਵਾਰ ਦਾਨਾਪੁਰ, ਬਕਸਰ, ਆਰਾ, ਛੋਟਾ ਮਿਰਾਜ਼ਪੁਰ, ਬਨਾਰਸ, ਪਰਾਗ, ਲਖਨਊ, ਮਥਰਾ, ਥਾਨੇਸਰ, ਸਹਾਰਨਪੁਰ ਤੋਂ ਹੁੰਦਾ ਹੋਇਆ ਲਖਨੌਰ (ਅੰਬਾਲਾ) ਕੁਝ ਚਿਰ ਠਹਿਰਿਆ। ਫਿਰ ਕੀਰਤਪੁਰ ਪਹੁੰਚੇ। ਅਖੀਰ ਮਾਚ 1672 ਨੂੰ ਸ਼ਿਵਾਲਕ ਦੀ ਤਲਹਟੀ ਆਨੰਦਪੁਰ ਸਾਹਿਬ ਪਹੁੰਚੇ। ਜਿੱਥੇ ਆਪ ਜੀ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ। ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫਾਰਸੀ ਪੜ੍ਹਨਾ ਸੀ। ਸਸ਼ਤਰ ਵਿਦਿਆ ਵਿਚ ਤਲਵਾਰ, ਖੰਡਾ, ਬੰਦੂਕ ਆਦਿ ਦੀ ਵਰਤੋਂ, ਤੀਰਅੰਦਾਜ਼ੀ, ਸਵਾਰੀ, ਕੁਸ਼ਤੀ ਆਦਿ ਦੀ ਸਿਖਲਾਈ ਪ੍ਰਾਪਤ ਕੀਤੀ। ਆਪ ਜੀ ਦੀਆਂ ਖੇਡਾਂ ਵਿਚ ਸਾਥੀਆਂ ਨੂੰ ਦੋ ਟੋਲੀਆਂ ਵਿਚ ਵੰਡ ਲੈਂਦੇ ਸਨ। ਫਰਜ਼ੀ ਲੜਾਈਆਂ ਲੜੀਆਂ ਜਾਂਦੀਆਂ ਆਪ ਜਥੇਦਾਰ ਬਣਦੇ ਸਨ।

ਜਦ ਔਰੰਗਜੇਬ ਨੇ ਸਾਰੇ ਹਿੰਦੂਆਂ ਨੂੰ ਜਬਰੀ ਇਸਲਾਮ ਕਬੂਲਣ ਦਾ ਹੁਕਮ ਦਿੱਤਾ ਤਾਂ ਕਸ਼ਮੀਰੀ ਪੰਡਤਾਂ ਨੇ 1675 ਵਿਚ ਆਨੰਦਪੁਰ ਸਾਹਿਬ ਪਹੁੰਚ ਕੇ ਕਿਰਪਾ ਰਾਮ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਧਰਮ ਦੀ ਰੱਖਿਆ ਲਈ ਪੁਕਾਰ ਕੀਤੀ। ਤਦ 9 ਸਾਲ ਦੇ ਗੋਬਿੰਦ ਦਾਸ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਵਿਚ ਸ਼ਹੀਦ ਹੋਣ ਤੋਂ ਪਹਿਲਾਂ ਕਹਿ ਗਏ ਸਨ ਕਿ ਸਾਡੇ ਤੋਂ ਬਾਅਦ ਗੁਰਗੱਦੀ ਦੀ ਜ਼ਿੰਮੇਵਾਰੀ ਸਾਡਾ ਸਾਹਿਬਜਾਦਾ ਸੰਭਾਲੇਗਾ। ਆਪ ਜੀ ਦੀ ਗੁਰਿਆਈ ਦਾ ਸਮਾਂ 11 ਨਵੰਬਰ 1675 ਤੋਂ ਸ਼ੁਰੂ ਹੁੰਦਾ ਹੈ। ਆਪ ਜੀ ਦੀ ਉਮਰ 9 ਸਾਲ ਸੀ।

ਗੁਰੂ ਸਾਹਿਬ ਜੀ ਨੇ ਸਰੀਰਕ ਬਲ ਅਤੇ ਸ਼ਸ਼ਤਰ ਵਿੱਦਿਆ ਦੇ ਹੁਨਰ ਨਾਲ ਸਾਹਿਤਕ ਉਨਤੀ ਵੱਲ ਧਿਆਨ ਦਿੱਤਾ। ਆਪ ਜੀ ਦੇ ਕੋਲ ਕਾਵਿਕ ਰਚਨਾ ਵਾਸਤੇ ਇਕ ਕੁਦਰਤੀ ਪ੍ਰਤਿਭਾ ਸੀ। ਕੌਮ ਦੀ ਉਸਾਰੀ ਦੇ ਕੰਮਾਂ ਦੀ ਵਿਉਂਤ ਬਣਾਈ, ਜਿਸ ਵਿਚ ਕਵਿਤਾ ਸਾਹਿਤ ਗੁਣਕਾਰੀ ਹੈ। ਇਸ ਵਿਚ ਖੋਜ ਆਰੰਭੀ। ਗੁਰਬਾਣੀ ਦੀ ਰਚਨਾ ਕੀਤੀ। ਆਪਣੇ ਅਨੁਯਾਈਆਂ ਨੂੰ ਜੰਗੀ ਪੱਧਰ 'ਤੇ ਤਿਆਰ ਕਰਨ ਅਤੇ ਉਹਨਾਂ ਨੂੰ ਬੇਇਨਸਾਫੀ ਅਤੇ ਜ਼ੁਲਮ ਵਿਰੁੱਧ ਖੜ੍ਹੇ ਹੋਣ ਲਈ ਪ੍ਰੇਰਿਆ। ਆਪਣੇ ਜੀਵਨ ਦੇ ਪਹਿਲੇ 20 ਸਾਲ ਤੋਂ ਵੱਧ ਆਪਣੇ ਆਪ ਨੂੰ ਇਕ ਸਿਪਾਹੀ ਦੀ ਸਿਖਲਾਈ ਹੇਠ ਹਥਿਆਰਾਂ ਦਾ ਅਭਿਆਸ ਕਰਦੇ ਆਨੰਦਪੁਰ ਸਾਹਿਬ ਵਿਖੇ ਸ਼ਾਂਤੀਪੂਰਵਕ ਰਹੇ। ਆਪ ਜੀ ਨੇ ਗ੍ਰੰਥਾਂ ਦਾ ਅਧਿਐਨ ਕੀਤਾ। ਬੀਰ ਰਸੀ ਕਵਿਤਾ ਪਾਠ ਦੇ ਨਾਲ ਸੰਗਤਾਂ ਵਿਚ ਧਾਰਮਿਕ ਵਾਰਤਾਲਾਪ ਚਲਦੀ। ਆਪ ਜੀ ਨੇ ਗੁਰਬਾਣੀ ਰਚਨਾ ਵੀ ਕੀਤੀ। ਪੁਰਾਤਨ ਸਾਹਿਤ ਦਾ ਅਨੁਵਾਦ ਕੀਤਾ ਗਿਆ। ਜੋ ਸਿੱਖਾਂ ਵਿਚ ਜੰਗੀ ਭਾਵਨਾ ਪੈਦਾ ਕੀਤੀ ਜਾ ਸਕੇ।

ਗੁਰੂ ਸਾਹਿਬ ਜੀ ਨੇ ਯਮਨਾ ਨਦੀ ਦੇ ਕੰਢੇ ਪਾਉਂਟਾ ਸਾਹਿਬ ਵਿਖੇ ਗੁਰਦੁਆਰਾ ਸਥਾਪਤ ਕੀਤਾ। ਗੁਰੂ ਸਾਹਿਬ ਜੀ ਦਾ ਜ਼ਿਆਦਾਤਰ ਰਚਨਾਤਮਕ ਸਾਹਿਤਕ ਕਾਰਜ ਪਾਉਂਟਾ ਸਾਹਿਬ ਵਿਖੇ ਹੋਇਆ। ਅਪ੍ਰੈਲ 1685 ਵਿਚ ਆਪ ਪਾਉਂਟਾ ਸਾਹਿਬ ਠਹਿਰੇ ਸਨ। ਆਪਣੀ ਕਵਿਤਾ ਦੁਆਰਾ ਪਿਆਰ ਸਮਾਨਤਾ ਤੇ ਨੈਤਿਕ ਆਚਰਣ ਦਾ ਪ੍ਰਚਾਰ ਕੀਤਾ। ਉਹਨਾਂ ਨੇ ਮੂਰਤੀ ਪੂਜਾ ਅਤੇ ਅੰਧ ਵਿਸ਼ਵਾਸ ਅਤੇ ਰੀਤੀ ਰਿਵਾਜਾਂ ਦੀ ਨਿਖੇਧੀ ਕਰਦੇ ਹੋਏ ਇਕ ਸਰਵਉਚ ਵਿਚ ਵਿਸ਼ਵਾਸ ਦਾ ਉਪਦੇਸ਼ ਦਿੱਤਾ। ਤਲਵਾਰ ਦੀ ਮਹਿਮਾ ਦੱਸਦਿਆਂ ਕਿਹਾ ਕਿ ਉਹ ਪ੍ਰਮਾਤਮਾ ਵੱਲੋਂ ਨਿਆਂ ਦੀ ਪੂਰਤੀ ਵਾਸਤੇ ਹੈ। ਹਮਲਾਵਰ ਪ੍ਰਤੀਕ ਵਜੋਂ ਨਹੀਂ। ਇਸਦੀ ਵਰਤੋਂ ਕਦੇ ਨਿੱਜ ਸ਼ਕਤੀ ਵਧਾਉਣ ਲਈ ਨਹੀਂ ਕਰਨੀ ਚਾਹੀਦੀ। ਇਹ ਮਰਦਾਨਗੀ ਅਤੇ ਸਵੈਮਾਣ ਦਾ ਪ੍ਰਤੀਕ ਹੈ।ਇਸਦੀ ਵਰਤੋਂ ਸਿਰਫ ਰੱਖਿਆ ਵਾਸਤੇ ਕੀਤੀ ਜਾਣੀ। ਆਖਰੀ ਉਪਾਅ ਵਜੋਂ। ਜਦੋਂ ਹੋਰ ਸਾਰੇ ਯਤਨ ਅਸਫਲ ਹੋ ਜਾਂਦੇ ਹਨ ਤਾਂ ਤਲਵਾਰ ਚੁੱਕਣਾ ਜਾਇਜ਼ ਹੈ। ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਦਰਬਾਰ ਵਿਚ ਕਲਮਕਾਰ, ਕਲਾਕਾਰ, ਗੁਣੀ, ਫਨਕਾਰ ਸਨ।

ਜਿਹਨਾਂ ਦਾ ਸਮੇਂ-ਸਮੇਂ ਤਾਂਤਾ ਲੱਗਾ ਰਹਿੰਦਾ ਸੀ। ਪਰ 52 ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿਚ ਦਰਬਾਰੀ ਰਤਨ ਕਵੀ ਬਣ ਕੇ ਰਹੇ। ਗੁਰੂ ਜੀ ਕਲਾਕਾਰਾਂ ਦਾ ਬੜਾ ਸਤਿਕਾਰ ਕਰਦੇ ਸਨ, ਜਿਹਨਾਂ ਨੇ ਆਪਣੀਆਂ ਵਡਮੁੱਲੀਆਂ ਰਚਨਾਵਾਂ ਨਾਲ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਵਿਚ ਯੋਗਦਾਨ ਪਾਇਆ। ਪਾਉਂਟਾ ਧਰਮ ਪ੍ਰਚਾਰ, ਸਾਹਿਤ ਰਚਨਾ, ਵਿੱਦਿਆ ਅਤੇ ਫੌਜੀ ਸਿਖਲਾਈ ਦਾ ਕੇਂਦਰ ਬਣ ਗਿਆ। ਇਸ ਤਰ੍ਹਾਂ ਪਾਉਂਟਾ ਸਾਹਿਬ ਰਹਿੰਦੇ ਸਮੇਂ ਗੁਰੂ ਜੀ ਆਪਣੇ ਮਨੋਰਥ ਦੀ ਪੂਰਤੀ ਦੇ ਯਤਨਾਂ, ਸਾਧਨਾਂ ਵੱਲ ਟਿਕ ਕੇ ਧਿਆਨ ਦੇ ਸਕੇ।

ਗੁਰੂ ਸਾਹਿਬ ਜੀ ਦੀ ਵਧਦੀ ਤਾਕਤ ਅਤੇ ਲੋਕਾਂ ਵਿਚ ਵਧਦੇ ਪ੍ਰਭਾਵ ਤੋਂ ਗੁਆਂਢੀ ਰਾਜਪੂਤ ਪਹਾੜੀ ਸ਼ਾਸਕਾਂ ਦੀ ਈਰਖਾ ਵਧਣ ਲੱਗੀ। ਤਦ ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ, ਕੁਝ ਖਾਲਸ ਸਾਜਨਾ ਤੋਂ ਪਹਿਲਾਂ ਤੇ ਕੁਝ ਬਾਅਦ ਵਿਚ ਜਿਵੇਂ ਭੰਗਾਣੀ ਦੀ ਜੰਗ, ਨੰਦੌਣ ਦੀ ਜੰਗ, ਗੁਲੇਰ ਹੁਸੈਨੀ ਜੰਗ ਅਤੇ ਖਾਲਸੇ ਦੇ ਆਗਮਨ ਤੋ ਬਾਅਦ ਆਨੰਦਪੁਰ ਸਾਹਿਬ ਦੀ ਪਹਿਲੀ ਜੰਗ, ਨਿਰਮੋਹ ਦੀ ਜੰਗ, ਸਤਲੁਜ ਦੀ ਜੰਗ, ਬਸੌਲੀ ਦੀ ਜੰਗ, ਆਨੰਦਪੁਰ ਸਾਹਿਬ ਦੀ ਦੂਜੀ ਜੰਗ, ਸ਼ਾਹੀ ਟਿੱਬੇ ਦੀ ਜੰਗ, ਸਿਰਸਾ ਦੀ ਜੰਗ, ਚਮਕੌਰ ਸਾਹਿਬ ਦੀ ਜੰਗ, ਖਿਦਰਾਣਾ ਦੀ ਜੰਗ।

ਸੰਨ 1694 ਨੂੰ ਸ਼ਹਿਜਾਦਾ ਮੁਅਜਮ ਬਾਅਦ ਵਿਚ ਬਾਦਸ਼ਾਹ ਬਹਾਦਰ ਸ਼ਾਹ ਜਾਣਿਆ ਜਾਣ ਲੱਗਾ, ਦੇ ਸਮੇਂ ਵਿਚ ਥੋੜ੍ਹੀ ਜਿਹੀ ਰਾਹਤ ਮਿਲੀ। ਸੰਨ 1699 ਵਿਚ ਵੱਖ-ਵੱਖ ਹਿੱਸਿਆਂ ਵਿਚ ਸਿੱਖ ਸੰਗਤਾਂ ਤੇ ਭਾਈਚਾਰੇ ਵੱਲੋਂ ਮਸੰਦਾਂ ਵਿਰੁੱਧ ਸ਼ਿਕਾਇਤਾਂ ਸੁਣੀਆਂ ਸਨ। ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੀਆਂ ਭੇਟਾਂ ਸਿੱਧੇ ਆਨੰਦਪੁਰ ਸਾਹਿਬ ਭੇਜਣ।

ਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਸਾਜਣਦਾ ਫੈਸਲਾ ਕਰ ਲਿਆ। ਗੁਰੂ ਜੀ ਨੇ 1699 ਦੀ ਵਿਸਾਖੀ ਦਾ ਦਿਨ ਨੀਅਤ ਕੀਤਾ। ਚਾਰ ਚੁਫੇਰੇ ਸੰਗਤਾਂ ਨੂੰ ਹੁਕਮ ਭੇਜੇ ਕਿ ਵਿਸਾਖੀ ਤੇ ਵੱਡਾ ਜੋੜ ਮੇਲਾ ਹੋਵੇਗਾ। ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿਚ ਹਾਜ਼ਰ ਹੋਣ। ਕੇਸਗੜ੍ਹ ਸਾਹਿਬ ਆਨੰਦਪੁਰ ਵਿਖੇ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਪੰਥ ਸਾਜਿਆ। ਗੁਰੂ ਜੀ ਨੇ ਆਪਣੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ, ਉਹ ਪ੍ਰਾਰਥਨਾ ਵਿਚ ਖੜ੍ਹੇ ਹੋਏ ਅਤੇ ਹੱਥ ਜੋੜ ਕੇ ਉਹਨਾਂ ਨੂੰ ਉਸੇ ਤਰ੍ਹਾਂ ਅੰਮ੍ਰਿਤ ਛਕਣ ਲਈ ਬੇਨਤੀ ਕੀਤੀ। ਜਿਵੇਂ ਉਹਨਾਂ ਨੇ ਉਹਨਾਂ ਨੂੰ ਅੰਮ੍ਰਿਤ ਛਕਾਇਆ ਸੀ। ਉਹ ਆਪ ਉਹਨਾਂ ਦਾ ਚੇਲਾ ਬਣ ਗਿਆ। 'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ'। ਹੁਣ ਤੋਂ ਸਿੰਘ ਖਾਲਸ ਵਜੋਂ ਜਾਣੇ ਜਾਣਗੇ। ਉਦੋਂ ਗੁਰੂ ਜੀ ਦਾ ਨਾਂ ਗੋਬਿੰਦ ਦਾਸ ਤੋਂ ਗੋਬਿੰਦ ਸਿੰਘ ਰੱਖਿਆ ਗਿਆ। ਕੁਝ ਹੀ ਦਿਨਾਂ ਵਿਚ 80000 ਮਰਦਾਂ ਅਤੇ ਔਰਤਾਂ ਨੇ ਆਨੰਦਪੁਰ ਵਿਖੇ ਅੰਮ੍ਰਿਤ ਛਕਿਆ। ਗੁਰੂ ਸਾਹਿਬ ਜੀ ਦਾ ਸੰਘਰਸ਼ ਮੁਗਲਾਂ ਨਾਲ ਜੰਗਾਂ ਵਿਚ ਚਲਦਾ ਰਿਹਾ।

ਜੰਗਾਂ ਤੋਂ ਬਾਅਦ 20 ਜਨਵਰੀ 1706 ਨੂੰ ਤਲਵੰਡੀ ਸਾਬੋ, ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ ਪਹੁੰਚੇ। ਉਥੇ 9 ਮਹੀਨਿਆਂ ਤੋਂ ਵੱਧ ਸਮਾਂ ਰਹਿਣ ਤੇ ਬਹੁਤ ਸਾਰੇ ਸਿੱਖ ਗੁਰੂ ਜੀ ਨੂੰ ਦੁਬਾਰਾ ਮਿਲ ਗਏ। ਉਹਨਾਂ ਨੇ ਗੁਰੂ ਦੀ ਬਾਣੀ ਲਿਖਣ ਵਾਲੇ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਸਿੱਖ ਧਰਮ ਗ੍ਰੰਥ 'ਗੁਰੂ ਗ੍ਰੰਥ ਸਾਹਿਬ ਜੀ' ਤਿਆਰ ਕੀਤਾ। ਗੁਰੂ ਸਾਹਿਬ ਜੀ ਕੋਲ ਵਿਦਵਾਨਾਂ ਦਾ ਇਕੱਠ ਹੋਣ ਕਰਕੇ ਸਾਹਿਤਕ ਗਤੀਵਿਧੀਆਂ ਤੋਂ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਜਾਂ ਵਾਰਾਣਸੀ (ਉਤਰੀ-ਪੂਰਬੀ ਮੱਧ ਭਾਰਤ) ਵਰਗਾ ਵਿੱਦਿਆ ਦਾ ਕੇਂਦਰ ਵਜੋਂ ਜਾਣਿਆ ਜਾਂਦਾ ਹੈ।

ਦੀਨਾ ਨਗਰ ਰਹਿੰਦਿਆਂ ਗੁਰੂ ਸਾਹਿਬ ਜੀ ਨੂੰ ਔਰੰਗਜੇਬ ਦਾ ਇਕ ਪੱਤਰ ਮਿਲਿਆ, ਜਿਸ ਵਿਚ ਉਸਨੇ ਗੁਰੂ ਸਾਹਿਬ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਸੀ ਕਿ ਆਪ ਦੱਖਣ ਵਿਚ ਆ ਕੇ ਉਸਨੂੰ ਮਿਲਣ। ਇਹ ਪੱਤਰ ਉਸ ਪੱਤਰ ਦੇ ਉਤਰ ਵਿਚ ਸੀ, ਜਿਹੜਾ ਗੁਰੂ ਸਾਹਿਬ ਜੀ ਨੇ ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਉਸਨੂੰ ਲਿਖਿਆ ਸੀ। ਦੂਜਾ ਪੱਤਰ ਗੁਰੂ ਸਾਹਿਬ ਜੀ ਨੇ ਬਾਦਸ਼ਾਹ ਦੀ ਚਿੱਠੀ ਆਉਣ ਤੇ ਲਿਖਿਆ। ਇਹ ਪੱਤਰ ਫਾਰਸੀ ਕਵਿਤਾ ਵਿਚ ਹੈ। ਇਸ ਦੀ ਸ਼ੈਲੀ ਅਤੇ ਸੰਵਾਦ ਪਹਿਲੇ ਵਰਗੀ ਹੀ ਪ੍ਰਭਾਵਸ਼ਾਲੀ ਅਤੇ ਚੜ੍ਹਦੀ ਕਲਾ ਵਾਲੀ ਹੈ। ਗੁਰੂ ਸਾਹਿਬ ਜੀ ਨੇ ਇਸ ਪੱਤਰ ਦਾ ਨਾਂ ਜਫਰ-ਨਾਮਹ ਜਾਂ ਵਿਜੈਗੀਤ ਰਿੱਖਿਆ। ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ ਜੀ ਨੂੰ ਇਹ ਪੱਤਰ ਦੇ ਕੇ ਬਾਦਸ਼ਾਹ ਤੱਕ ਪਹੁੰਚਾਉਣ ਲਈ ਭੇਜਿਆ। ਉਹਨਾਂ ਨੇ ਅਹਿਮਦਨਗਰ (ਦੱਖਣ) ਪਹੁੰਚ ਕੇ ਜਫਰ-ਨਾਮਹ ਔਰੰਗਜੇਬ ਦੇ ਹੱਥ ਫੜਾਇਆ। ਗੁਰੂ ਸਾਹਿਬ ਜੀ 30 ਅਕਤੂਬਰ 1706 ਨੂੰ ਪਹਿਲਾਂ ਹੀ ਦੱਖਣ ਵੱਲ ਰਵਾਨਾ ਹੋ ਗਏ ਸਨ। ਉਹ ਰਾਜਸਥਾਨ ਦੇ ਬਘੌਰ ਦੇ ਨੇੜਲੇ ਇਲਾਕੇ ਵਿਚ ਸਨ। ਜਦੋਂ ਫਰਵਰੀ 1707 ਨੂੰ ਅਹਿਮਦਨਗਰ ਬਾਦਸ਼ਾਹ ਦੀ ਮੌਤ ਦੀ ਖਬਰ ਆਈ। ਸ਼ਾਹਜਹਾਨਬਾਦ ਦਿੱਲੀ ਰਾਹੀਂ ਪੰਜਾਬ ਵਾਪਸ ਆਉਣ ਤੱਕ ਬਾਦਸ਼ਾਹ ਦੇ ਪੁੱਤਰ ਉਤਰਾਧਿਕਾਰੀ ਲੜਨ ਦੀ ਤਿਆਰੀ ਕਰ ਰਹੇ ਸਨ।

ਗੁਰੂ ਸਾਹਿਬ ਜੀ ਨੇ ਬਹਾਦਰ ਸ਼ਾਹ ਦੀ ਮਦਦ ਕੀਤੀ। ਫਿਰ ਦੋਵਾਂ ਦੀ ਇਕੱਤਰਤਾ 23 ਜੁਲਾਈ 1707 ਨੂੰ ਆਗਰਾ ਵਿਖੇ ਹੋਈ। ਦੋਵੇਂ ਜੂਨ 1708 ਵਿਚ ਤਾਪਦੀ ਨਦੀ ਅਤੇ ਅਗਸਤ ਵਿਚ ਗੰਗਾ ਨੂੰ ਪਾਰ ਕਰਦੇ ਹੋਏ ਅਗਸਤ ਦੇ ਅੰਤ ਵਿਚ ਨਾਂਦੇੜ ਪਹੁੰਚੇ। ਜਦੋਂ ਬਹਾਦਰ ਸ਼ਾਹ ਦੱਖਣ ਵੱਲ ਵਧਿਆ ਤਾਂ ਗੁਰੂ ਸਾਹਿਬ ਜੀ ਨੇ ਨਾਂਦੇੜ ਰੁਕਣ ਦਾ ਫੈਸਲਾ ਕੀਤਾ। ਇੱਥੋਂ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਸਿੱਖ ਕੌਮ ਦਾ ਜਥੇਦਾਰ ਥਾਪ ਕੇ ਪੰਜਾਬ ਵੱਲ ਸੂਬਾਈ ਹਾਕਮਾਂ ਵਿਰੁੱਧ ਮੁਹਿੰਮ ਜਾਰੀ ਰੱਖਣ ਲਈ ਕਿਹਾ।

ਸਰਹਿੰਦ ਦੇ ਨਵਾਬ ਵਜੀਰ ਖਾਂ ਨੂੰ ਗੁਰੂ ਸਾਹਿਬ ਜੀ ਦੀ ਬਹਾਦਰ ਸ਼ਾਹ ਨਾਲ ਦੋਸਤੀ ਤੇ ਈਰਖਾ ਹੋਈ। ਉਸਨੇ ਗੁਰੂ ਸਾਹਿਬ ਜੀ ਨੂੰ ਖਤਮ ਕਰਨ ਲਈ ਦੋ ਪਠਾਣ ਭੇਜੇ। ਲੇਖਕ ਸੈਨਾਪਤੀ ਅਨੁਸਾਰ ਇਕ ਪਠਾਣ ਨੇ ਗੁਰੂ ਸਾਹਿਬ ਜੀ ਨੂੰ ਦਿਲ ਦ ਹੇਠ ਛੁਰਾ ਮਾਰਿਆ। ਇਸ ਤੋਂ ਪਹਿਲਾਂ ਕਿ ਉਹ ਹੋਰ ਵਾਰ ਕਰਦਾ ਗੁਰੂ ਸਾਹਿਬ ਜੀ

ਪੰਜਾਬ ਦੀਆਂ ਅਸੈਂਬਲੀ ਚੋਣਾਂ : ਆਰਥਿਕ ਮੁੱਦਿਆਂ ਦੀ ਅਣਦੇਖੀ

ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਪੰਜਾਬ ਸਮੇਤ ਮੁਲਕ ਦੇ ਪੰਜ ਸੂਬਿਆਂ ਵਿਚ ਅਸੈਂਬਲੀ ਚੋਣਾਂ ਦਾ ਐਲਾਨ ਕਿਸੇ ਵੀ ਮੌਕੇ ਹੋ ਸਕਦਾ ਹੈ। ਕਰੋਨਾ ਮਹਾਮਾਰੀ ਕਾਰਨ ਇਨ੍ਹਾਂ ਚੋਣਾਂ ਉੱਤੇ ਰੋਕ ਲਾਉਣ ਦੀ ਸੰਭਾਵਨਾ ਨੂੰ ਚੋਣ ਕਮਿਸ਼ਨ ਨੇ ਖਾਰਜ਼ ਕਰ ਦਿੱਤਾ ਹੈ। ਪੰਜਾਬ ਵਿਚ ਅਸੈਂਬਲੀ ਚੋਣਾਂ ਸੰਬੰਧੀ ਮਾਹੌਲ ਦਿਨੋਂ-ਦਿਨ ਡਰਾਮਿਆਂ ਭਰਿਆ ਹੁੰਦਾ ਜਾ ਰਿਹਾ ਹੈ। ਪਿਛਲੀਆਂ ਅਨੇਕ ਅਸੈਂਬਲੀ ਚੋਣਾਂ ਦੀ ਤਰ੍ਹਾਂ ਵੱਖ ਵੱਖ ਰਾਜਸੀ ਪਾਰਟੀਆਂ ਵੱਲੋਂ ਚੋਣਾਂ ਜਿੱਤਣ ਲਈ ਵਾਅਦੇ, ਦਾਅਵੇ, ਅਤੇ ਨਵੇਂ ਵਾਅਦੇ ਕੀਤੇ ਅਤੇ ਦੁਹਰਾਏ ਜਾ ਰਹੇ ਹਨ। ਅਸਲੀਅਤ ਵਿਚ ਜ਼ਿਆਦਾਤਰ ਦਾਅਵੇ ਖੋਖਲੇ ਅਤੇ ਵਾਅਦੇ ਰਿਉੜੀਆਂ ਵੰਡਣ ਦੀ ਆਸ ਜਗਾਉਣ ਤੋਂ ਅੱਗੇ ਨਹੀਂ ਜਾ ਰਹੇ ਹਨ। ਸਿਆਲ ਦੀ ਰੁੱਤ ਵਿਚ ਰੋਟੀ ਖਾਣ ਤੋਂ ਬਾਅਦ ਖਾਧੀਆਂ ਰਿਉੜੀਆਂ ਮੂੰਹ ਨੂੰ ਸਵਾਦ ਕਰਨ ਅਤੇ ਰੋਟੀ ਨੂੰ ਹਜ਼ਮ ਕਰਨ ਵਿਚ ਮਦਦ ਕਰਦੀਆਂ ਹਨ। ਪਿਛਲੀਆਂ ਅਨੇਕਾਂ ਅਸੈਂਬਲੀ ਚੋਣਾਂ ਦੀ ਤਰ੍ਹਾਂ ਇਸ ਸਾਲ ਹੋਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਵੰਡੀਆਂ ਜਾ ਰਹੀਆਂ ਸਿਆਸੀ ਰਿਉੜੀਆਂ ਖੰਡ/ਗੁੜ ਦੀ ਨਾ ਹੋ ਕੇ ਪਲਾਸਟਿਕ ਦੀਆਂ ਪ੍ਰਤੀਤ ਹੁੰਦੀਆਂ ਹਨ ਜੋ ਲੋਕਾਂ ਦੇ ਹਾਜ਼ਮੇ ਨੂੰ ਠੀਕ ਕਰਨ ਦੀ ਬਜਾਇ ਖ਼ਰਾਬ ਕਰਨਗੀਆਂ। ਅਕਸਰ ਵੱਖ ਵੱਖ ਰਾਜਸੀ ਪਾਰਟੀਆਂ ਲੋਕਾਂ ਦੇ ਵੱਖ ਵੱਖ ਸਮੂਹਾਂ ਨੂੰ ਛੋਟੀਆਂ ਛੋਟੀਆਂ ਰਿਆਇਤਾਂ ਦੇਣ ਦੇ ਵਾਅਦੇ ਕਰਦੀਆਂ ਹੋਈਆਂ ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਵਸੀਲੇ ਜਟਾਉਣ ਸੰਬੰਧੀ ਕੋਈ ਰੂਪ-ਰੇਖਾ ਨਹੀਂ ਦੇ ਰਹੀਆਂ ਹਨ। ਬਹੁਤੇ ਵਾਅਦੇ ਭੁਲੇਖਾ ਪਾਊ ਲੱਗਦੇ ਹਨ। ਇਸ ਸੰਬੰਧ ਵਿਚ ਸਭ ਤੋਂ ਮਾੜਾ ਪੱਖ ਪੰਜਾਬ ਦੇ ਅਹਿਮ ਆਰਥਿਕ ਮੁੱਦਿਆਂ ਨੂੰ ਵਿਸਾਰਨਾ ਹੈ।

ਪੰਜਾਬ ਦੇ ਲੋਕਾਂ ਨੇ ਮੁਲਕ ਦੀ ਆਜ਼ਾਦੀ ਲਈ ਕੀਤੇ ਗਏ ਸੰਘਰਸ਼ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅਤੇ ਪਾਕਿਸਤਾਨ ਨਾਲ ਹੋਈਆਂ ਜੰਗਾਂ ਵਿਚ ਬਹੁਤ ਹੀ ਅਹਿਮ ਯੋਗਦਾਨ ਪਾਇਆ। 1960ਵਿਆਂ ਦੌਰਾਨ ਜਦੋਂ ਕੇਂਦਰ ਸਰਕਾਰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰ ਰਹੀ ਸੀ ਅਤੇ ਪੀ.ਐੱਲ. 480 ਅਧੀਨ ਅਮਰੀਕਾ ਤੋਂ ਅਨਾਜ ਮੰਗਵਾਉਣ ਲਈ ਮੁਲਕ ਨੂੰ ਉਸ ਦੀ ਭਾਰੀ ਕੀਮਤ ਤਾਰਨੀ ਪੈ ਰਹੀ ਸੀ ਤਾਂ ਭੂਗੋਲਿਕ ਪੱਖੋਂ ਬਹੁਤ ਹੀ ਛੋਟਾ (1.54 ਫ਼ੀਸਦ) ਸੂਬਾ ਪੰਜਾਬ ਸੀ ਜਿਸ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ, ਅਤੇ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਲੋੜੋਂ ਵੱਧ ਵਰਤੋਂ ਸਦਕਾ ਮੁਲਕ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਮਿਲੀ।

1980ਵਿਆਂ ਤੋਂ ਪਹਿਲਾਂ ਪੰਜਾਬ ਸਰਕਾਰ ਦੀ ਵਿੱਤੀ ਹਾਲਤ ਕਾਫ਼ੀ ਵਧੀਆ ਸੀ। ਖਾੜਕੂਵਾਦ ਦੇ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਲਾਅ ਐਂਡ ਆਰਡਰ ਨੂੰ ਬਣਾਈ ਰੱਖਣ ਲਈ ਪੰਜਾਬ ਵਿਚ ਲਾਈਆਂ ਗਈਆਂ ਪੈਰਾ-ਮਿਲਟਰੀ ਫੋਰਸਾਂ ਦਾ ਖ਼ਰਚ ਪੰਜਾਬ ਦੇ ਸਿਰ ਮੜ੍ਹਨਾ, ਜਦੋਂ ਅਜਿਹੇ ਸਮਿਆਂ ਦੌਰਾਨ ਮੁਲਕ ਦੇ ਦੂਜੇ ਸੂਬਿਆਂ ਵਿਚ ਲਾਈਆਂ ਗਈਆਂ ਪੈਰਾ-ਮਿਲਟਰੀ ਫੋਰਸਾਂ ਦਾ ਖ਼ਰਚ ਕੇਂਦਰ ਸਰਕਾਰ ਨੇ ਆਪ ਕੀਤਾ, ਸੂਬੇ ਵਿਚ ਖਾੜਕੂਵਾਦ ਅਤੇ ਕੇਂਦਰ ਸਰਕਾਰ ਦੀਆਂ ਪਹਾੜੀ ਸੂਬਿਆਂ ਨੂੰ ਉਦਯੋਗਿਕ ਵਿਕਾਸ ਲਈ ਤਰਜੀਹੀ ਸਬਸਿਡੀਆਂ ਦੇਣ ਕਾਰਨ ਪੰਜਾਬ ਦੀਆਂ ਉਦਯੋਗਿਕ ਇਕਾਈਆਂ ਦੇ ਦੂਜਿਆਂ ਸੂਬਿਆਂ ਵਿਚ ਜਾਣ ਅਤੇ ਪੰਜਾਬ ਵਿਚ ਰਾਜ ਕਰਨ ਵਾਲੀਆਂ ਵੱਖ ਵੱਖ ਰਾਜਸੀ ਪਾਰਟੀਆਂ ਦੀ ਗਲਤ ਆਰਥਿਕ ਨੀਤੀਆਂ ਕਾਰਨ ਪੰਜਾਬ ਸਰਕਾਰ ਸਿਰ ਕਰਜ਼ਾ ਅਮਰਬੇਲ ਵੇਲ ਵਾਂਗ ਵਧਾਇਆ ਗਿਆ। ਵਰਤਮਾਨ ਸਮੇਂ ਦੌਰਾਨ ਪੰਜਾਬ ਸਰਕਾਰ ਸਿਰ 3 ਲੱਖ ਕਰੋੜ ਰੁਪਏ ਦੇ ਕਰੀਬ ਕਰਜ਼ਾ ਹੈ। ਪੰਜਾਬ ਦਾ ਇਹ ਕਰਜ਼ਾ ਇੱਥੇ ਰਹਿਣ ਵਾਲੇ ਲੋਕਾਂ ਲਈ ਅਨੇਕਾਂ ਅਸਿਹ ਸਮੱਸਿਆਵਾਂ ਪੈਦਾ ਕਰ ਰਿਹਾ। ਹੁਣ ਹੋਣ ਵਾਲੀਆਂ ਅਸੈਂਬਲੀ ਚੋਣਾਂ ਦੌਰਾਨ ਕੁਝ ਰਾਜਸੀ ਪਾਰਟੀਆਂ ਇਸ ਕਰਜ਼ੇ ਦਾ ਸਰਸਰੀ ਜਿਹਾ ਜ਼ਿਕਰ ਕਰਦੀਆਂ ਹੋਈਆਂ ਇਸ ਨੂੰ ਚੁਕਾਉਣ ਦੀ ਗੱਲ ਤਾਂ ਕਰ ਰਹੀਆਂ ਹਨ, ਪਰ ਇਹ ਕਦੋਂ ਅਤੇ ਕਿਵੇਂ ਕੀਤਾ ਜਾਵੇਗਾ ਇਸ ਸੰਬੰਧ ਵਿਚ ਨਿਰਾਸ਼ਤਾ ਹੀ ਪੱਲੇ ਪਾ ਰਹੀਆਂ ਹਨ।

ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਕੁਦਰਤੀ ਸਾਧਨਾਂ ਦੀ ਸਮਰੱਥਾ ਤੋਂ ਵੱਧ ਵਰਤੋਂ ਨੇ ਕੇਂਦਰ ਦੇ ਅਨਾਜ ਭੰਡਾਰ ਨੂੰ ਨੱਕੋ-ਨੱਕ ਭਰੀ ਰੱਖਿਆ ਹੈ, ਪਰ ਮੁਲਕ ਵਿਚ ਆਪਣੀਆਂ ਗਈਆਂ ਆਰਥਿਕ, ਅਤੇ ਖੇਤੀਬਾੜੀ ਨੀਤੀਆਂ ਕਾਰਨ ਇਹ ਤਿੰਨ ਵਰਗ ਕਰਜ਼ੇ ਦੇ ਚੱਕਰਵਿਊ ਵਿਚ ਫਸਾ ਦਿੱਤੇ ਗਏ ਹਨ। ਲੇਖਕ ਅਤੇ ਉਸ ਦੀ ਨਿਗਰਾਨੀ ਵਿਚ ਪੰਜਾਬ ਵਿਚ ਕੀਤੇ ਗਏ ਵੱਖ ਵੱਖ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਪੰਜਾਬ ਦੇ ਲਗਭਗ ਸਾਰੇ ਸੀਮਾਂਤ, ਅਤੇ ਛੋਟੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ, ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ, ਅਤੇ ਘੋਰ ਗ਼ਰੀਬੀ ਛੱਡ ਕੇ ਜਾਂ ਤਾਂ ਤੰਗੀ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਜਾਂ ਜਦੋਂ ਸਰਕਾਰਾਂ ਅਤੇ ਸਮਾਜ ਵੱਲੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਪ੍ਰੋਫ਼ੈਸਰਾਂ ਦੀ ਨਿਗਰਾਨੀ ਵਿਚ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਇਕ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ 2000-2016 ਦੌਰਾਨ ਪੰਜਾਬ ਵਿਚ 16606 ਕਿਸਾਨਾਂ, ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ। ਇਨ੍ਹਾਂ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਇਨ੍ਹਾਂ ਵਰਗਾਂ ਸਿਰ ਖੜ੍ਹਾ ਕਰਜ਼ਾ ਹੈ। ਇਨ੍ਹਾਂ ਖ਼ੁਦਕੁਸ਼ੀਆਂ ਵਿਚੋਂ 40 ਫ਼ੀਸਦ ਦੇ ਕਰੀਬ ਖ਼ੁਦਕੁਸ਼ੀਆਂ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਹਨ। ਕਿਸਾਨਾਂ ਦੁਆਰਾ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਵਿਚੋਂ ਤਿੰਨ-ਚੌਥਾਈ ਦੇ ਕਰੀਬ ਸੀਮਾਂਤ ਅਤੇ ਛੋਟੇ ਕਿਸਾਨਾਂ ਦੀਆਂ ਹਨ। ਖੇਤੀਬਾੜੀ ਨਾਲ ਸੰਬੰਧਿਤ ਇਨ੍ਹਾਂ ਵਰਗਾਂ ਸਿਰ ਖੜ੍ਹਾ ਅਤੇ ਅਮਰਬੇਲ ਵੇਲ ਵਾਂਗ ਵਧਾਇਆ ਜਾ ਰਿਹਾ ਕਰਜ਼ਾ ਇਨ੍ਹਾਂ ਵਰਗਾਂ ਲਈ ਅਨੇਕਾਂ ਅਕਿਹ ਅਤੇ ਅਸਿਹ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਨ੍ਹਾਂ ਵਰਗਾਂ ਦਾ ਜੀਵਨ ਸਤਰ ਹੇਠਾਂ ਵੱਲ ਆ ਰਿਹਾ ਹੈ। ਇਨ੍ਹਾਂ ਵਰਗਾਂ ਦੇ ਬੱਚਿਆਂ ਦੀ ਪੜ੍ਹਾਈ ਅੱਧ-ਵਿਚਾਲੇ ਹੀ ਰਹਿ ਜਾਂਦੀ ਹੈ। ਇਹ ਵਰਗ ਕਰਜ਼ੇ ਕਾਰਨ ਬੰਧੂਆਂ ਮਜ਼ਦੂਰਾਂ ਵਰਗੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। ਕਰਜ਼ੇ ਕਾਰਨ ਇਨ੍ਹਾਂ ਵਰਗਾਂ, ਖ਼ਾਸ ਕਰਕੇ ਖੇਤ ਮਜ਼ਦੂਰਾਂ, ਦੀਆਂ ਔਰਤਾਂ ਦਾ ਸਰੀਰਕ ਨਪੀੜਨ ਦੇ ਨਾਲ਼ ਨਾਲ਼ ਇਨ੍ਹਾਂ ਵਰਗਾਂ ਵਿਚ ਬਾਲ ਮਜ਼ਦੂਰੀ ਵਰਗੀਆਂ ਗ਼ੈਰ-ਮਨੁੱਖੀ ਗਤੀਵਿਧੀਆਂ ਪ੍ਰਤੱਖ ਰੂਪ ਵਿਚ ਦਿਖਾਈ ਦਿੰਦੀਆਂ ਹਨ।

ਕੁੱਲ ਘਰੇਲੂ ਉਤਪਾਦ, ਅਤੇ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ ਨੂੰ ਕਿਸੇ ਮੁਲਕ ਜਾਂ ਸੂਬੇ ਦੀ ਆਰਥਿਕਤਾ ਦੀ ਕਾਰਗੁਜ਼ਾਰੀ ਦਾ ਸੂਚਕ ਮੰਨਿਆ ਜਾਂਦਾ ਹੈ। 1981 ਵਿਚ ਪੰਜਾਬ ਪ੍ਰਤਿ ਵਿਅਕਤੀ ਘਰੇਲੂ ਉਤਪਾਦ ਦੇ ਪੱਖੋਂ ਪਹਿਲੇ ਸਥਾਨ ਉੱਤੇ ਸੀ ਜੋ 2021 ਵਿਚ ਤੇਜ਼ੀ ਨਾਲ਼ ਥੱਲੇ ਨੂੰ ਸਿਰਕਦਾ ਹੋਇਆ 19ਵੇਂ ਸਥਾਨ ਅਤੇ ਕੁੱਲ ਘਰੇਲੂ ਉਤਪਾਦ ਦੇ ਪੱਖੋਂ 16ਵੇਂ ਸਥਾਨ ਉੱਤੇ ਪਹੁੰਚ ਗਿਆ। ਕੁੱਲ ਘਰੇਲੂ ਉਤਪਾਦ ਜਾਂ ਪ੍ਰਤਿ ਵਿਅਕਤੀ ਕੁੱਲ ਘਰੇਲੂ ਉਤਪਾਦ ਜਿੰਨਾਂ ਕੁਝ ਕਿਸੇ ਮੁਲਕ ਜਾਂ ਸੂਬੇ ਦੀ ਆਰਥਿਕਤਾ ਦੀ ਕਾਰਗੁਜ਼ਾਰੀ ਬਾਰੇ ਦਿਖਾਉਂਦੇ ਹਨ ਉਸ ਤੋਂ ਕਿਤੇ ਜ਼ਿਆਦਾ ਸਮਾਜ ਦੇ ਵੱਖ-ਵੱਖ ਵਰਗਾਂ ਦੇ ਨੀਵੇਂ ਆਮਦਨ ਵਾਲੇ ਲੋਕਾਂ ਨੂੰ ਆਰਥਿਕ ਵਾਧੇ ਵਿਚੋਂ ਮਿਲੇ ਹਿੱਸੇ ਬਾਰੇ ਲੁਕੋ ਜਾਂਦੇ ਹਨ। ਇਨ੍ਹਾਂ ਪੱਖਾਂ ਨੂੰ ਛੱਡਦੇ ਹੋਏ, ਪੰਜਾਬ ਵਿਚ ਪ੍ਰਤਿ ਵਿਅਕਤੀ ਆਮਦਨ ਦਾ ਮੁਲਕ ਦੇ 18 ਸੂਬਿਆਂ ਤੋਂ ਘੱਟ ਹੋਣਾ ਪੰਜਾਬ ਅਤੇ ਇੱਥੇ ਰਹਿਣ ਵਾਲੇ ਜ਼ਿਆਦਾ ਲੋਕਾਂ ਦੀ ਨਿਘਰਦੀ ਆਰਥਿਕ ਹਾਲਤ ਨੂੰ ਦਰਸਾਉਂਦਾ ਹੈ। ਪੰਜਾਬ ਦੀ ਆਰਥਿਕਤਾ ਦੇ ਖੇਤੀਬਾੜੀ, ਉਦਯੋਗਿਕ, ਅਤੇ ਸੇਵਾਵਾਂ ਖੇਤਰਾਂ ਦੇ ਕੁਝ ਕੁ ਅਮੀਰ ਲੋਕਾਂ ਨੂੰ ਛੱਡ ਕੇ ਬਾਕੀ ਜ਼ਿਆਦਾ ਲੋਕਾਂ ਦੀ ਆਰਥਿਕ ਹਾਲਤ ਬਹੁਤ ਪਤਲੀ ਹੈ।

ਖੇਤੀਬਾੜੀ ਖੇਤਰ ਵਿਚ ਸੀਮਾਂਤ, ਛੋਟੇ, ਅਰਧ-ਦਰਮਿਆਨੇ, ਅਤੇ ਦਰਮਿਆਨੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਮਦਨ ਬਹੁਤ ਨੀਵੇਂ ਪੱਧਰ ਹੋਣ ਕਾਰਨ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਕਰਜ਼ੇ ਅਤੇ ਘੋਰ ਗ਼ਰੀਬੀ ਦੇ ਚੱਕਰਵਿਊ ਵਿਚ ਫਸੇ ਹੋਏ ਹਨ। ਸਰਕਾਰ ਦੀਆਂ ਆਰਥਿਕ ਅਤੇ ਖੇਤੀਬਾੜੀ ਨੀਤੀਆਂ ਕਾਰਨ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤੇ ਜਾਣ, ਖੇਤੀਬਾੜੀ ਉਤਪਾਦਨ ਲਈ ਮਸ਼ੀਨਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਕਾਰਨ ਰੁਜ਼ਗਾਰ ਦੇ ਮੌਕੇ ਘਟਣ ਦੇ ਨਤੀਜੇ ਵਜੋਂ ਖੇਤੀਬਾੜੀ ਖੇਤਰ ਵਿਚ ਕੰਮ ਕਰਨ ਵਾਲੇ ਜ਼ਿਆਦਾਤਰ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਰਥਿਕ ਹਾਲਤ ਬਹੁਤ ਨੀਵੀਂ ਹੈ। ਖਾੜਕੂਵਾਦ, ਅਤੇ ਕੇਂਦਰ ਸਰਕਾਰ ਦੀਆਂ ਪਹਾੜੀ ਸੂਬਿਆਂ ਲਈ ਬਣਾਈਆਂ ਗਈਆਂ ਤਰਜੀਹੀ ਨੀਤੀਆਂ ਕਾਰਨ ਪੰਜਾਬ ਵਿਚੋਂ ਉਦਯੋਗਿਕ ਇਕਾਈਆਂ ਦੇ ਬਾਹਰਲੇ ਸੂਬਿਆਂ ਵਿਚ ਜਾਣ ਅਤੇ ਕੁਝ ਹੋਰ ਕਾਰਨਾਂ ਕਰਕੇ ਉਦਯੋਗਿਕ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਵੱਡੇ ਪੱਧਰ ਉੱਤੇ ਘਟੇ ਹਨ। ਸੇਵਾਵਾਂ ਦੇ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਕੁਝ ਉਨ੍ਹਾਂ ਕਿਰਤੀਆਂ ਲਈ ਵਧੇ ਹਨ ਜਿਹੜੇ ਅੰਗਰੇਜ਼ੀ ਭਾਸ਼ਾ ਅਤੇ ਕੰਪਿਊਟਰ ਦੀ ਇਕ ਪੱਧਰ ਤੱਕ ਦੀ ਜਾਣਕਾਰੀ ਰੱਖਦੇ ਹਨ। ਇਸ ਖੇਤਰ ਵਿਚ ਵੀ ਰੁਜ਼ਗਾਰ ਦਾ ਮਿਆਰ ਲਗਾਤਾਰ ਥੱਲੇ ਵੱਲ ਆ ਰਿਹਾ ਹੈ।

ਪੰਜਾਬ ਵਿਚ ਘੱਟ ਰੁਜ਼ਗਾਰ ਦੇ ਮੌਕੇ ਅਤੇ ਪ੍ਰਾਪਤ ਰੁਜ਼ਗਾਰ ਦੇ ਨੀਵੇਂ ਮਿਆਰ ਕਾਰਨ ਸੂਬੇ ਵਿਚੋਂ ਨੌਜਵਾਨ ਬੱਚੇ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ। 2020 ਵਿਚ ਡਾ. ਗੁਰਿੰਦਰ ਕੌਰ, ਡਾ. ਗਿਆਨ ਸਿੰਘ, ਡਾ. ਧਰਮਪਾਲ, ਡਾ. ਰਸ਼ਮੀ, ਅਤੇ ਡਾ. ਜੋਤੀ ਦੁਆਰਾ ਪਟਿਆਲੇ ਜ਼ਿਲ੍ਹੇ ਵਿਚੋਂ ਕੌਮਾਂਤਰੀ ਪਰਵਾਸ ਦਾ ਇਕ ਅਧਿਐਨ ਕੀਤਾ ਗਿਆ। ਇਸ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਪੰਜਾਬ ਵਿਚੋਂ ਨੌਜਵਾਨ ਬੱਚਿਆਂ ਦਾ ਕੌਮਾਂਤਰੀ ਪਰਵਾਸ ਬੌਧਿਕ ਹੂੰਝੇ, ਪੂੰਜੀ, ਹੂੰਝ, ਅਤੇ ਜਨਸੰਖਿਕ ਲਾਭਅੰਸ਼ ਦੇ ਨੁਕਸਾਨ ਦੇ ਮੁੱਖ ਘਾਟਿਆਂ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ।

ਜੋ ਨੌਜਵਾਨ ਬੱਚੇ ਕੌਮਾਂਤਰੀ ਪਰਵਾਸ ਕਰ ਰਹੇ ਹਨ ਉਨ੍ਹਾਂ ਵਿਚੋਂ ਜ਼ਿਆਦਾਤਰ +2 ਜਾਂ ਉਸ ਤੋਂ ਉੱਪਰ ਪੱਧਰ ਦੀ ਵਿੱਦਿਆ ਪ੍ਰਾਪਤ ਹਨ। ਇਨ੍ਹਾਂ ਬੱਚਿਆਂ ਦੀ ਵਿੱਦਿਆ ਪ੍ਰਾਪਤੀ ਵਿਚ ਸਮਾਜ ਦਾ ਵੱਡਾ ਯੋਗਦਾਨ ਹੈ, ਪਰ ਇਸ ਦਾ ਫ਼ਾਇਦਾ ਬਾਹਰਲੇ ਮੁਲਕਾਂ ਨੂੰ ਹੋ ਰਿਹਾ ਹੈ। ਜਿਹੜੇ ਨੌਜਵਾਨ ਬੱਚੇ ਕੌਮ-ਾਂਤਰੀ ਪਰਵਾਸ ਕਰ ਰਹੇ ਹਨ ਉਹ ਲਗਭਗ ਸਾਰੇ ਹੀ ਬਾਹਰਲੇ ਮੁਲਕਾਂ ਦੇ ਕਾਲਜਾਂ/ਯੂਨੀ-ਵਰਸਿਟੀਆਂ ਵਿਚ ਦਾਖ਼ਲਾ ਲੈਂਦੇ ਹਨ। ਇਹ ਬੱਚੇ ਪਰਵਾਸ ਬਾਅਦ ਵਿਚ ਕਰਦੇ ਹਨ, ਪਰ ਉਨ੍ਹਾਂ ਦੀਆਂ ਫੀਸਾਂ ਅਤੇ ਕੁਝ ਹੋਰ ਖ਼ਰਚੇ ਪਹਿਲਾਂ ਹੀ ਬਾਹਰਲੇ ਮੁਲਕਾਂ ਵਿਚ ਭੇਜਣੇ ਪੈਂਦੇ ਹਨ ਅਤੇ ਪਰਵਾਸ ਤੋਂ ਬਾਅਦ ਇਨ੍ਹਾਂ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੂੰਜੀ ਦਾ ਹੂੰਝਾ ਹੋਰ ਤੇਜ਼ੀ ਨਾਲ਼ ਵਧ ਜਾਂਦਾ ਹੈ। ਇਸ ਹੂੰਝੇ ਦੀ ਇਕ ਵੱਡੀ ਮਾਰ ਪੰਜਾਬ ਵਿਚ ਜ਼ਮੀਨਾਂ/ਜਾਇਦਾਦਾਂ ਦਾ ਵਿਕਰੀ ਲਈ ਸੇਲ ਉੱਪਰ ਲੱਗਿਆ ਹੋਣਾ ਹੈ। ਇਹ ਹੂੰਝਾ ਪੰਜਾਬ ਦੀ ਆਰਥਿਕਤਾ ਨੂੰ ਹੋਰ ਥੱਲੇ ਲੈ ਜਾਵੇਗਾ। ਕਿਸੇ ਵੀ ਮੁਲਕ ਜਾਂ ਸੂਬੇ ਵਿਚ ਨੌਜਵਾਨ ਬੱਚਿਆਂ ਦੀ ਉੱਚੀ ਫ਼ੀਸਦੀ ਨੂੰ ਜਨਸੰਖਿਅਕ ਲਾਭਅੰਸ਼ ਆਖਿਆ ਜਾਦਾ ਹੈ ਕਿਉਂਕਿ ਇਨ੍ਹਾਂ ਬੱਚਿਆਂ ਨੇ ਜ਼ਿਆਦਾ ਸਮੇਂ ਲਈ ਆਰਥਿਕ ਕ੍ਰਿਆਵਾਂ ਵਿਚ ਭਾਗੀਦਾਰੀ ਕਰਨੀ ਹੁੰਦੀ ਹੈ।



ਜਨਸੰਖਿਅਕ ਲਾਭਅੰਸ਼ ਦਾ ਘਾਟਾ ਸਾਫ਼ ਤੌਰ ਉੱਤੇ ਅੱਜ ਵੀ ਦਿਖਾਈ ਦਿੰਦਾ ਹੈ ਅਤੇ ਆਉਣ ਵਾਲੇ ਸਮੇਂ ਦੌਰਾਨ ਹੋਰ ਵੀ ਭਿਆਨਕ ਰੂਪ ਧਾਰਨ ਕਰੇਗਾ।

ਮੁਲਕ ਦੀਆਂ ਅਨਾਜ ਦੀਆਂ ਲੋੜ

ਦਿੱਲੀ ਪੁਲਿਸ ਨੇ ਐਪ 'ਤੇ ਮੁਸਲਿਮ ਔਰਤਾਂ ਦੀ 'ਨਿਲਾਮੀ ਸੂਚੀ' ਨੂੰ ਲੈ ਕੇ ਜਿਨਸੀ ਸ਼ੋਸ਼ਣ ਦਾ ਮਾਮਲਾ ਦਰਜ ਕੀਤਾ ਹੈ

ਹਰਦੀਪ ਸਿੰਘ ਚੁੰਬਰ
+91-94636-01616

ਦਿੱਲੀ 'ਚ ਸਾਈਬਰ ਪੁਲਸ ਨੇ ਇਕ ਪੱਤਰਕਾਰ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਹੈ, ਜਿਸ ਦੀ ਸੈਂਕੜੇ ਹੋਰ ਮੁਸਲਿਮ ਔਰਤਾਂ ਨਾਲ ਫੋਟੋ 'ਬੁੱਲੀ ਬਾਈ' ਨਾਂ ਦੇ ਗਰੁੱਪ 'ਤੇ ਅਪਲੋਡ ਕੀਤੀ ਗਈ ਸੀ। ਦਿੱਲੀ ਦੀ ਸਾਈਬਰ ਪੁਲਿਸ ਨੇ ਇੱਕ ਪੱਤਰਕਾਰ ਦੀ ਸ਼ਿਕਾਇਤ ਤੋਂ ਬਾਅਦ ਮਾਮਲਾ ਦਰਜ ਕੀਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ 'ਬੁੱਲੀ ਬਾਈ' ਨਾਮ ਦੇ ਇੱਕ ਗਰੁੱਪ 'ਤੇ ਸੈਂਕੜੇ ਮੁਸਲਿਮ ਔਰਤਾਂ ਦੀਆਂ ਫੋਟੋਆਂ ਅਪਲੋਡ ਕੀਤੀਆਂ ਗਈਆਂ ਸਨ।

ਵੈੱਬਸਾਈਟ http://bulilbia.igthubi.o/ ਹੁਣ ਕੰਮ ਨਹੀਂ ਕਰ ਰਹੀ ਹੈ। ਐਪ ਦੇ ਸਕ੍ਰੀਨਸ਼ਾਟ ਪੋਸਟ ਕਰਨ ਵਾਲੇ ਚਾਰ ਟਵਿੱਟਰ ਅਕਾਊਂਟ (@wannabeisg-maf, @bulilbia_, @sage0x11 aqy @jat-tkhalsa7) ਨੂੰ ਬੰਦ ਕਰ ਦਿੱਤਾ ਗਿਆ ਹੈ।ਘਿਟ੍ਹਬ - ਜਿਸਦਾ ਮੁੱਖ ਦਫਤਰ ਸੈਨ ਡਿਏਗੋ, ਯੂਐਸਏ ਵਿੱਚ ਹੈ - ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ। GitHub **ਨੇ** 'Sulil Deals' ਦੀ ਮੇਜ਼ਬਾਨੀ ਵੀ ਕੀਤੀ, ਪਰ ਬਾਅਦ ਵਿੱਚ ਇਸਨੂੰ ਹਟਾ ਦਿੱਤਾ ਗਿਆ।ਰਾਸ਼ਟਰੀ ਮਹਿਲਾ ਕਮਿਸ਼ਨ (NCW) ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਐਤਵਾਰ ਨੂੰ ਟਵੀਟ ਕੀਤਾ ਕਿ ਇਸ ਮਾਮਲੇ 'ਤੇ ਧਿਆਨ ਦਿੱਤਾ ਗਿਆ ਹੈ। ਪੱਤਰਕਾਰ, ਜੋ ਐਪ ਵਿੱਚ ਨਾਮਜ਼ਦ ਔਰਤਾਂ ਵਿੱਚੋਂ ਇੱਕ ਹੈ, ਨੇ ਟਵਿੱਟਰ 'ਤੇ ਜਾਣਕਾਰੀ ਦਿੱਤੀ ਕਿ ਉਸ ਦੀ ਸ਼ਿਕਾਇਤ ਦਰਜ ਕੀਤੀ ਗਈ ਹੈ ਅਤੇ ਆਈਪੀਸੀ ਦੀਆਂ ਧਾਰਾਵਾਂ 153ਏ (ਧਰਮ ਆਦਿ ਦੇ ਆਧਾਰ 'ਤੇ ਦੁਸ਼ਮਣੀ ਨੂੰ ਵਧਾਉਣਾ), 153ਬੀ (ਰਾਸ਼ਟਰੀ-ਏਕੀਕਰਨ ਲਈ ਪੱਖਪਾਤ) ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। , 354ਓ ਅਤੇ 509 ਜਿਨਸੀ ਸ਼ੋਸ਼ਣ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਪੱਤਰਕਾਰ ਨੇ ਦਾਅਵਾ ਕੀਤਾ ਹੈ ਕਿ ਗਿਟਹੱਬ 'ਤੇ 'ਸੁੱਲੀ ਡੀਲਜ਼' ਵਾਂਗ 'ਬੁੱਲੀ ਬਾਈ' ਨਾਂ ਦਾ ਇੱਕ ਗਰੁੱਪ ਬਣਾਇਆ ਗਿਆ ਸੀ, ਜੋ ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ ਤੋਂ ਮੁਸਲਿਮ ਔਰਤਾਂ ਦੀਆਂ ਫੋਟੋਆਂ ਇਕੱਠੀਆਂ ਕਰੇਗਾ ਅਤੇ ਲੋਕਾਂ ਨੂੰ ਉਨ੍ਹਾਂ ਦੀ "ਨੀਲਾਮੀ" ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰੇਗਾ। ਕਈ ਔਰਤਾਂ, ਜਿਨ੍ਹਾਂ ਦੀਆਂ ਫੋਟੋਆਂ ਗਰੁੱਪ 'ਤੇ ਪੋਸਟ ਕੀਤੀਆਂ ਗਈਆਂ ਸਨ, ਨੇ ਸੋਸ਼ਲ ਮੀਡੀਆ 'ਤੇ ਪੁਲਿਸ ਨੂੰ ਸ਼ਿਕਾਇਤ ਕੀਤੀ।ਆਈ-ਟੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਕਿਹਾ ਪ੍ਰਮਾਣ ਪੱਤਰ, ਪੁਲਿਸ ਅਗਲੀ ਕਾਰਵਾਈ ਲਈ ਤਾਲਮੇਲ ਕਰ ਰਹੀ ਹੈ। ਇਸ ਘਟਨਾ ਦਾ ਨੋਟਿਸ ਲੈਂਦਿਆਂ ਸੂਚਨਾ ਅਤੇ ਤਕਨਾਲੋਜੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਕਿਹਾ ਕਿ ਸਰਕਾਰ ਇਸ ਮਾਮਲੇ 'ਤੇ ਦਿੱਲੀ ਅਤੇ ਮੁੰਬਈ ਦੇ ਪੁਲਿਸ ਸੰਗਠਨਾਂ ਨਾਲ ਕੰਮ ਕਰ ਰਹੀ ਹੈ।ਨਾਲ ਹੀ, ਅਪਰਾਧੀ ਦੇ ਖਾਤੇ

ਨੂੰ GitHub ਦੁਆਰਾ ਬਲੌਕ ਕਰ ਦਿੱਤਾ ਗਿਆ ਸੀ ਅਤੇ ਪੁਲਿਸ ਅਤੇ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ (CERT) ਮਾਮਲੇ ਦੀ ਜਾਂਚ ਕਰ ਰਹੇ ਸਨ।

ਰਾਸ਼ਟਰੀ ਮਹਿਲਾ ਕਮਿਸ਼ਨ ਨੇ ਟਵਿੱਟਰ 'ਤੇ ਕਿਹਾ ਕਿ ਉਸ ਨੇ ਇਸ ਘਟਨਾ ਦਾ ਨੋਟਿਸ ਲਿਆ ਹੈ ਅਤੇ ਚੇਅਰਪਰਸਨ ਰੇਖਾ ਸ਼ਰਮਾ ਨੇ ਦਿੱਲੀ ਦੇ ਪੁਲਸ ਕਮਿਸ਼ਨਰ ਰਾਕੇਸ਼ ਅਸਥਾਨਾ ਨੂੰ ਇਸ ਮਾਮਲੇ 'ਚ ਤੁਰੰਤ ਐਫਆਈਆਰ ਦਰਜ ਕਰਨ ਲਈ ਪੱਤਰ ਲਿਖਿਆ ਹੈ। ਇਸ ਤੋਂ ਪਹਿਲਾਂ, ਦਿੱਲੀ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੇ ਇਸ ਮਾਮਲੇ ਦਾ ਨੋਟਿਸ ਲਿਆ ਹੈ ਅਤੇ ਸਬੰਧਤ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਕਿਹਾ ਗਿਆ ਹੈ। ਪੀਟੀਆਈ ਨੇ ਇੱਕ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਕਿ ਮੁੰਬਈ ਸਾਈਬਰ ਪੁਲਿਸ ਨੇ ਇਤਰਾਜ਼ਯੋਗ ਸਮੱਗਰੀ ਦੇ ਸਬੰਧ ਵਿੱਚ ਜਾਂਚ ਸ਼ੁਰੂ ਕਰ ਦਿੱਤੀ ਹੈ।

ਵਿਰੋਧੀ ਧਿਰ ਦੇ ਆਗੂਆਂ ਨੇ ਸਖ਼ਤ ਕਾਰਵਾਈ ਦੀ ਕੀਤੀ ਮੰਗ

ਕਈ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਦੋਸ਼ੀਆਂ ਖ਼ਿਲਾਫ਼ ਜਲਦੀ ਅਤੇ ਵਧੇਰੇ ਪ੍ਰਭਾਵਸ਼ਾਲੀ ਕਾਰਵਾਈ ਦੀ ਮੰਗ ਕੀਤੀ।ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਹਿੰਦੀ ਵਿੱਚ ਇੱਕ ਟਵੀਟ ਵਿੱਚ ਕਿਹਾ, "ਔਰਤਾਂ ਪ੍ਰਤੀ ਅਪਮਾਨ ਅਤੇ ਫਿਰਕੂ ਨਫ਼ਰਤ ਉਦੋਂ ਹੀ ਰੁਕੇਗੀ ਜਦੋਂ ਅਸੀਂ ਸਾਰੇ ਇੱਕ ਆਵਾਜ਼ ਵਿੱਚ ਇਸਦੇ ਵਿਰੁੱਧ ਖੜੇ ਹੋਵਾਂਗੇ। ਸਾਲ ਬਦਲ ਗਿਆ ਹੈ - ਹੁਣ ਸਾਨੂੰ ਬੋਲਣਾ ਪਵੇਗਾ!"ਜਦਕਿ ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਲਿਖਿਆ, "ਇਹ ਸਮਾਂ ਆ ਗਿਆ ਹੈ ਕਿ ਸਾਡੀ ਦਿੱਲੀ

PRIYANKA CHATURVEDI
Member of Parliament - Rajya Sabha
Maharashtra

Shri Ashwini Vaishnaw,
Ministry of Electronics and Information Technology
Government of India
Electronics Niketan, 6, CGO Complex,
Lodhi Road, New Delhi - 110003

Your sincerely,
(Priyanka Chaturvedi)

ਪੁਲਿਸ ਨੇ ਸ਼ਿਕੰਜਾ ਕੱਸਿਆ। ਸ਼ਰਮਨਾਕ ਹੈ ਕਿ ਅਜਿਹੀ ਮਾਨਸਿਕਤਾ ਵਾਲੇ ਲੋਕ ਮੌਜੂਦ ਹਨ ਪਰ ਜੇਕਰ ਉਨ੍ਹਾਂ ਨੂੰ ਇਸ ਤੋਂ ਭੱਜਣ ਦਿੱਤਾ ਗਿਆ ਤਾਂ ਉਹ ਅਗਲੇ ਮੌਕੇ 'ਤੇ ਅਪਰਾਧ ਨੂੰ ਦੁਹਰਾਉਣਗੇ।"

ਸ਼ਿਵ ਸੈਨਾ ਨੇਤਾ ਅਤੇ ਰਾਜ ਸਭਾ ਮੈਂਬਰ ਪ੍ਰਿਯੰਕਾ ਚਤੁਰਵੇਦੀ ਨੇ ਲਿਖਿਆ, "ਪ੍ਰਸੰਗ ਲਈ, ਕੋਈ ਗ੍ਰਿਫਤਾਰੀ ਨਹੀਂ ਹੋਈ, ਹਾਲਾਂਕਿ ਸਾਈਟਾਂ ਬਲੌਕ ਕੀਤੀਆਂ ਗਈਆਂ ਹਨ। ਸੁਲੀ ਡੀਲ ਤੋਂ ਬਾਅਦ ਬੁੱਲੀ ਡੀਲ ਦੇ ਮੁੜ ਉਭਰਨ ਵਿੱਚ, ਇੱਥੇ 30 ਜੁਲਾਈ ਅਤੇ 6 ਸਤੰਬਰ, 2021 ਨੂੰ ਮਾਨਯੋਗ ਆਈਟੀ ਮੰਤਰੀ ਨੂੰ ਮੇਰੇ ਪੱਤਰ ਹਨ। 2 ਨਵੰਬਰ ਨੂੰ ਜਵਾਬ ਮਿਲਿਆ। ਕਲੱਬਹਾਊਸ ਦੀ ਨਿਲਾਮੀ ਮੇਰੀ ਜ਼ੀਰੋ ਆਵਰ ਦਖਲਅੰਦਾਜ਼ੀ ਹੋਣੀ ਸੀ। "ਸੁਲੀ ਡੀਲਜ਼ ਕੇਸ ਬਾਰੇ ਕੀ ਸੀ?4 ਜੁਲਾਈ, 2021 ਨੂੰ, ਕਈ ਟਵਿੱਟਰ ਉਪਭੋਗਤਾਵਾਂ ਨੇ 'ਸੁਲੀ ਡੀਲਜ਼' ਨਾਮ ਦੀ ਇੱਕ ਐਪ ਦੇ ਸਕ੍ਰੀਨਸ਼ੌਟਸ ਸਾਂਝੇ ਕੀਤੇ ਜੋ ਘਿਟ੍ਹਬ 'ਤੇ ਇੱਕ ਅਣਪਛਾਤੇ ਸਮੂਹ ਦੁਆਰਾ ਬਣਾਇਆ ਗਿਆ ਸੀ। ਇਸ ਨੇ "ਸੁਲੀ ਡੀਲ ਆਫ ਦਿ ਡੇ" ਦੀ ਟੈਗਲਾਈਨ ਨਾਲ ਮੁਸਲਿਮ ਔਰਤਾਂ ਦੀਆਂ ਫੋਟੋਆਂ ਪਾਈਆਂ ਸਨ।

'ਔਰਤਾਂ ਨੂੰ ਫਿਰਕੂ ਨਿਸ਼ਾਨਾ ਬਣਾਉਣਾ'

'ਸੁੱਲੀ' ਔਰਤਾਂ ਵਿਰੁੱਧ ਵਰਤਿਆ ਜਾਣ ਵਾਲਾ ਅਪਮਾਨਜਨਕ ਸ਼ਬਦ ਹੈ। ਐਪ ਬਣਾਉਣ ਵਾਲਿਆਂ ਨੇ ਆਪਣੇ ਸੋਸ਼ਲ ਮੀਡੀਆ ਖਾਤਿਆਂ ਤੋਂ ਮੁਸਲਿਮ ਔਰਤਾਂ ਦੀਆਂ ਫੋਟੋਆਂ ਦੀ ਵਰਤੋਂ ਕੀਤੀ ਅਤੇ ਲੋਕਾਂ ਨੂੰ ਉਨ੍ਹਾਂ ਦੀ "ਨੀਲਾਮੀ" ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।'ਸੁੱਲੀ ਡੀਲ' ਵਿਵਾਦ ਵਿੱਚ ਦਿੱਲੀ ਅਤੇ ਉੱਤਰ ਪ੍ਰਦੇਸ਼ ਪੁਲਿਸ ਵੱਲੋਂ ਦੋ ਐਫਆਈਆਰ ਦਰਜ ਕੀਤੀਆਂ ਗਈਆਂ ਸਨ। ਸੋਸ਼ਲ ਮੀਡੀਆ 'ਤੇ ਕਈ ਲੋਕਾਂ ਨੇ ਐਪ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਨਿਸ਼ਾਨਾ ਬਣਾਈਆਂ ਗਈਆਂ ਔਰਤਾਂ ਨਾਲ ਇਕਜੁੱਟਤਾ ਪ੍ਰਗਟਾਈ। "ਇਹ ਸ਼ਰਮ ਦੀ ਗੱਲ ਹੈ ਕਿ ਇਸ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ," ਉਸਨੇ ਕਿਹਾ।ਚਤੁਰਵੇਦੀ ਨੇ ਇਹ ਵੀ ਲਿਖਿਆ ਕਿ ਉਸਨੇ ਮੁੰਬਈ ਪੁਲਿਸ ਕਮਿਸ਼ਨਰ ਹੇਮੰਤ ਨਾਗਰਾਲੇ ਅਤੇ ਪੁਲਿਸ ਡਿਪਟੀ ਕਮਿਸ਼ਨਰ (ਸਾਈਬਰ) ਡਾਕਟਰ ਰਸ਼ਮੀ ਕਰੰਦੀਕਰ ਨਾਲ ਗੱਲ ਕੀਤੀ ਅਤੇ ਜਾਂਚ ਦਾ ਭਰੋਸਾ ਦਿੱਤਾ।

ਸ਼ਿਵ ਸੈਨਾ ਨੇਤਾ ਪ੍ਰਿਯੰਕਾ ਚਤੁਰਵੇਦੀ ਨੇ ਸ਼ਨੀਵਾਰ ਨੂੰ ਟਵੀਟ ਕੀਤਾ ਕਿ ਉਸਨੇ "ਵਾਰ-ਵਾਰ ਆਈਟੀ ਮੰਤਰੀ ਅਸ਼ਵਿਨੀ ਵੈਸ਼ਨਵ ਨੂੰ ਕਿਹਾ ਹੈ ਕਿ ਉਹ ਔਰਤਾਂ ਨੂੰ ਅਜਿਹੇ ਜਬਰਦਸਤ ਦੁਰਵਿਹਾਰ ਅਤੇ ਫਿਰਕੂ ਨਿਸ਼ਾਨਾ ਬਣਾਉਣ ਦੇ ਖਿਲਾਫ ਸਖ਼ਤ ਕਾਰਵਾਈ ਕਰਨ"। ਜੁਲਾਈ 2021 ਵਿੱਚ, 'ਸੁਲੀ ਡੀਲਜ਼' ਨਾਮਕ ਇੱਕ ਸਮਾਨ ਐਪ ਅਤੇ ਵੈਬਸਾਈਟ ਸਾਹਮਣੇ ਆਈ ਸੀ, ਜਿਸ ਵਿੱਚ ਲਗਭਗ 90 ਔਰਤਾਂ ਦੀਆਂ "ਵਿਕਰੀ" ਦੀਆਂ ਤਸਵੀਰਾਂ ਸਨ।

ਦਿੱਲੀ ਪੁਲਿਸ ਨੇ ਘਟਨਾ ਦੇ ਕੁਝ ਦਿਨ ਬਾਅਦ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮਾਮਲਾ ਦਰਜ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਨੇ ਵੇਬਸਾਈਟ ਦੀ ਮੇਜ਼ਬਾਨੀ ਕਰਨ ਵਾਲੇ ਗੀਟਹਬ ਨੂੰ ਨੋਟਿਸ ਭੇਜਿਆ ਸੀ - ਵੇਰਵੇ ਮੰਗੇ। ਹਾਲਾਂਕਿ ਇਸ ਮਾਮਲੇ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

ਗਿਟਹਬਦੇ ਬੁਲਾਰੇ ਨੇ ਪਹਿਲਾਂ ਦਪ੍ਰਿੰਟਨੂੰ ਦੱਸਿਆ ਸੀ: "ਗਿਟਹਬਕੋਲ ਸਮੱਗਰੀ ਅਤੇ ਆਚਰਣ ਦੇ ਵਿਰੁੱਧ ਲੰਬੇ ਸਮੇਂ ਤੋਂ ਨੀਤੀਆਂ ਹਨ ਜਿਸ ਵਿੱਚ ਪਰੇਸ਼ਾਨੀ, ਵਿਤਕਰਾ ਅਤੇ ਹਿੰਸਾ ਨੂੰ ਭੜਕਾਉਣਾ ਸ਼ਾਮਲ ਹੈ। ਅਸੀਂ ਗਤੀਵਿਧੀ ਦੀਆਂ ਰਿਪੋਰਟਾਂ ਦੀ ਜਾਂਚ ਕਰਨ ਤੋਂ ਬਾਅਦ ਉਪਭੋਗਤਾ ਖਾਤਿਆਂ ਨੂੰ ਮੁਅੱਤਲ ਕਰ ਦਿੱਤਾ ਹੈ ਜੋ ਸਾਰੀਆਂ ਸਾਡੀਆਂ ਨੀਤੀਆਂ ਦੀ ਉਲੰਘਣਾ ਕਰਦੀਆਂ ਹਨ।"

ਪੰਜਾਬ ਦੇ ਲੁਪਤ ਹੋ ਰਹੇ ਲੋਕ ਨਾਚ

ਰਾਜਨਦੀਪ ਕੌਰ ਮਾਨ
91-62393-26166

ਲੋਕ ਨਾਚ ਕਿਸੇ ਵੀ ਸੱਭਿਆਚਾਰ ਦਾ ਅਟੁੱਟ ਅੰਗ ਹੁੰਦੇ ਹਨ।ਹਰ ਸਭਿਆਚਾਰ ਦਾ ਆਪਣਾ ਅਲੱਗ ਲੋਕ ਨਾਚ ਹੁੰਦਾ ਹੈ।ਜਿਸ ਰਾਹੀਂ ਉਥੋਂ ਦੇ ਲੋਕ ਆਪਣੇ ਮਨ ਦੇ ਵਲਵਲਿਆਂ ਨੂੰ ਪ੍ਰਗਟਾਉਂਦੇ ਹਨ।ਜਿਥੋਂ ਤੱਕ ਪੰਜਾਬ ਦੇ ਲੋਕ ਨਾਚਾਂ ਬਾਰੇ ਗੱਲ ਕਰੀ ਜਾਂਦੀ ਹੈ ਸਾਡੇ ਖੇਤੀ ਪ੍ਰਧਾਨ ਸੂਬੇ ਦੇ ਕਿਸਾਨਾਂ ਦੁਆਰਾ ਪਾਇਆ ਜਾਂਦਾ ਭੰਗੜਾ ਇਥੋਂ ਦਾ ਮੁੱਖ ਨਾਚ ਹੈ।ਪਰ ਇਸਤੋਂ ਇਲਾਵਾ ਹੋਰ ਬਹੁਤ ਸਾਰੇ ਨਾਚ ਸਾਡੇ ਪੰਜਾਬੀ ਸੱਭਿਆਚਾਰ ਦਾ ਹਿੱਸਾ ਬਣੇ ਨੇ ,ਭਲਾ ਅੱਜ ਉਹਨਾਂ ਵਿੱਚੋ ਬਹੁਤੇ ਲੁਪਤ ਹੋਣ ਦੀ ਕਗਾਰ ਤੇ ਹਨ।ਪੰਜਾਬੀ ਇੱਕ ਜ਼ਿੰਦਾਦਿਲ ਕੌਮ ਹੈ,ਜਿਸਦੀ ਇੱਕ ਸ਼ਾਨਦਾਰ ਵਿਰਾਸਤ ਹੈ,ਉਸ ਤਰ੍ਹਾਂ ਹੀ ਇਥੋਂ ਦੇ ਲੋਕ ਨਾਚ ਵੀ ਬਹੁਤ ਸ਼ਾਨਦਾਰ ਅਤੇ ਜਾਨਦਾਰ ਹਨ।

ਭੰਗੜਾ:– ਇਹਨਾਂ ਨਾਚਾਂ ਵਿੱਚੋ ਸਭ ਤੋਂ ਜਿਆਦਾ ਮਸ਼ਹੂਰ ਭੰਗੜੇ ਦੀ ਗੱਲ ਸਭ ਤੋਂ ਪਹਿਲਾਂ ਕਰਨੀ ਬਣਦੀ ਹੈ।ਭੰਗੜਾ ਖੁਸ਼ਹਾਲੀ,ਹਿੰਮਤ ਅਤੇ ਹੌਸਲੇ ਦਾ ਪ੍ਰਤੀਕ ਹੈ।ਇਹ ਨਾਚ ਮੂਲ ਰੂਪ ਵਿੱਚ ਕਿਸਾਨਾਂ ਦਾ ਨਾਚ ਹੈ।ਜਦੋਂ ਕਣਕਾਂ ਪੱਕ ਕੇ ਸੋਨੇ ਰੰਗੀਆਂ ਹੋ ਜਾਂਦੀਆਂ ਨੇ ਤਾਂ ਕਿਸਾਨ ਨੂੰ ਜਿਥੇ ਇੱਕ ਪਾਸੇ ਘਰੇ ਫ਼ਸਲ ਤੇ ਖੁਸ਼ਹਾਲੀ ਦਾ ਚਾਅ ਹੁੰਦਾ,ਉਥੇ ਦੂਜੇ ਪਾਸੇ ਮੌਸਮ ਦੀ ਮਾਰ ਦਾ ਵੀ ਡਰ ਸਤਾਉਂਦਾ।ਜਦੋਂ ਆਖਿਰ ਕਣਕ ਵੱਢ ਕੇ ਸਾਂਭ ਲਈ ਜਾਂਦੀ ਹੈ ਤਾਂ ਉਦੋਂ ਫਿਰ ਅੰਨ ਦਾਤੇ ਦੀ ਖੁਸ਼ੀ ਆਪ ਮੁਹਾਰੇ ਫੁੱਟ ਫੁੱਟ ਪੈਂਦੀ ਹੈ।ਉਦੋਂ ਆਉਂਦੀ ਹੈ ਫਿਰ ਭੰਗੜੇ ਦੀ ਵਾਰੀ ,ਤਾਂ ਹੀ ਤਾਂ ਇਹ ਗੀਤ ਬਣਿਆ

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾ ਕੇ,
ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾ ਕੇ।
ਕੱਛ ਮਾਰ ਵੰਝਲੀ ਆਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਇਸ ਤਰ੍ਹਾਂ ਭੰਗੜਾ ਹੋਰ ਖੁਸ਼ੀ ਦੇ ਮੌਕਿਆਂ ਤੇ ਵੀ ਨੱਚਿਆ ਜਾਂਦਾ ਹੈ।ਕਿਸੇ ਦੇ ਘਰ ਵਿਆਹ ਹੋਵੇ, ਬੱਚਾ ਜੰਮੇ ਦੀ ਲੋਹੜੀ ਹੋਵੇ ਆਦਿ।ਇਹ ਪੰਜਾਬੀਆਂ ਦਾ ਸਭ ਤੋਂ ਜਿਆਦਾ ਮਸ਼ਹੂਰ ਲੋਕ ਨਾਚ ਵੀ ਹੈ।ਭੰਗੜੇ ਦੇ ਪਿਛੋਕੜ ਬਾਰੇ ਗੱਲ ਕਰੀਏ ਤਾਂ ਇਹ ਪਹਿਲਾਂ ਪੱਛਮੀ ਪੰਜਾਬ ਦੇ ਜ਼ਿਲ੍ਹੇ ਸ਼ੇਖੂਪੁਰੇ ,ਪੱਛਮੀ ਗੁਜਰਾਤ ਅਤੇ ਸਿਆਲਕੋਟ ਵਿੱਚ ਹੀ ਜਿਆਦਾ ਪ੍ਰਚਲਿਤ ਸੀ।ਭੰਗੜੇ ਵਿੱਚ ਪੇਂਡੂ ਸਾਜ਼ਾਂ ਦੀ ਹੀ ਗੱਲ ਹੁੰਦੀ ਸੀ।ਜਿਵੇਂ ਢੋਲ, ਬੁਗਤੂ,ਅਲਗੋਜ਼ੇ,ਸੱਪ, ਕਾਟੋ ਆਦਿ।ਅੱਜ ਦੇ ਸਮੇਂ ਵਿੱਚ ਭੰਗੜਾ ਸਿਰਫ ਸਟੇਜਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਹੈ।ਬਜ਼ਾਰ ਦੀ ਲਿਸ਼ਕ ਨੇ ਸਾਡੇ ਇਸ ਸਿੱਧੇ ਸਾਦੇ ਨਾਚ ਦੀ ਅਸਲੀ ਨੁਹਾਰ ਖੋਹ ਲਈ ਹੈ।

ਗਿੱਧਾ:– ਭੰਗੜੇ ਤੋਂ ਬਾਦ ਸਾਡਾ ਸਭ ਤੋਂ ਮਸ਼ਹੂਰ ਲੋਕ ਨਾਚ ਹੈ ਗਿੱਧਾ ।ਇਹ ਮੁੱਖ ਰੂਪ ਵਿੱਚ ਔਰਤਾਂ ਦਾ ਨਾਚ ਹੈ।ਇਹ ਪੰਜਾਬਣਾਂ ਦਾ ਹਰਮਨਪਿਆਰਾ ਨਾਚ ਹੈ।ਇਸ ਵਿੱਚ ਵੀ ਭੰਗੜੇ ਵਾਂਗ ਬੋਲੀਆਂ ਪੈਂਦੀਆਂ ਹਨ,ਪਰ ਇਸ ਵਿੱਚ ਪੰਜਾਬਣਾਂ ਦੀ ਤਾੜੀ ਅਤੇ ਪੈਰ ਦੀ ਅੱਡੀ ਦੀ ਧਮਕ ਖਾਸ ਜਗ੍ਹਾ ਰੱਖਦੀ ਹੈ।ਕੁਝ ਕੁੜੀਆਂ ਇਕ ਘੇਰਾ ਬਣਾ ਕੇ ਖਲੋ ਜਾਂਦੀਆਂ ਹਨ ਅਤੇ ਇਕੱਠੀਆਂ ਤਾੜੀ ਮਾਰ ਕੇ ਗਿੱਧੇ ਦਾ ਮਹੌਲ ਬਣਾਉਂਦੀਆਂ ਹਨ। ਇੱਕ ਜਾਂ ਦੋ ਕੁੜੀਆਂ ਬੋਲੀ ਪਾਉਂਦੀਆਂ ਨੇ ਅਤੇ ਬਾਕੀ ਉਸ ਬੋਲੀ ਨੂੰ ਚੁੱਕਦੀਆਂ ਹਨ। ਗਿੱਧੇ ਦੇ ਵਿੱਚ ਬੋਲੀਆਂ ਆਮ ਤੌਰ ਤੇ ਘਰੇਲੂ ਮਸਲਿਆਂ, ਨੂੰਹ ਸੱਸ ਦੀ ਟੱਕਰ,ਦਿਓਰ ਭਾਬੀ ਦਾ ਰੁਮਾਂਸ,ਚੰਗੇ ਵਰ ਦੀ ਚੋਣ,ਅੰਮੜੀ ਦਾ ਵਿਹੜਾ, ਭੈਣ ਭਰਾ ਦੇ ਵੈਰਾਗ ਨਾਲ ਜੁੜੀਆਂ ਹੋਈਆਂ ਹੁੰਦੀਆਂ ਹਨ।ਭਾਵੇਂ ਵਿਆਹ ਸ਼ਾਦੀ ਹੋਵੇ ਜਾਂ ਸਾਵਣ ਦਾ ਮਹੀਨਾ,ਪ੍ਰੰਪਰਾਗਤ ਗਿੱਧੇ ਦਾ ਜਲਵਾ ਦੇਖਣ ਵਾਲਾ ਧੰਨ ਧੰਨ ਕਰ ਉੱਠਦਾ ਹੈ।ਗਿੱਧੇ ਦਾ ਤਾਂ ਜਨਮ ਹੀ ਔਰਤਾਂ ਦੇ ਦਿਲਾਂ ਦੇ ਵਲਵਲਿਆਂ ਨੂੰ ਇੱਕ ਲੜੀ ਵਿੱਚ ਪ੍ਰੋਣ ਦੇ ਲਈ ਹੋਇਆ ਸੀ। ਗਿੱਧਾ ਦਿਲਾਂ ਦੀਆਂ ਸਾਂਝਾਂ ਦਾ ਪਿੜ ਹੁੰਦਾ ਹੈ।ਇਥੇ ਆ ਕੇ ਦਿਲਾਂ ਵਿਚਕਾਰ ਵਿੱਥਾਂ ਨਹੀਂ ਰਹਿੰਦੀਆਂ ।ਤਾਂ ਹੀ ਤਾਂ ਬੋਲੀ ਹੈ;

ਘਰੇ ਜਾ ਕੇ ਨਾ ਚੁੱਲ੍ਹੇ ਤੇ ਲਤ ਮਾਰੀਂ,
ਨੱਚਣਾ ਤਾਂ ਹੁਣ ਨੱਚ ਲੈ।
ਦੂਜੇ ਪਾਸੇ ਮਲਵੈਨਾਂ ਵੀ ਘੱਟ ਨਹੀਂ ਹੁੰਦੀਆਂ।ਉਹ ਮੋੜਾ ਦੇਕੇ ਅਖਾੜਾ ਹੋਰ ਮਘਾ ਦਿੰਦੀਆਂ ਹਨ:–

ਦਾੜ੍ਹੀ ਵਾਲਿਆ ਪਾਉਣੇ ਬੋਲੀਆਂ,
ਆਹ ਤੇਰਾ ਕੰਮ ਮਾੜਾ,
ਤੇਰੇ ਵਰਗੇ ਪੜ੍ਹਨ ਪੋਥੀਆਂ,
ਤੜਕੇ ਫੇਰਦੇ ਮਾਲਾ,
ਮੇਰੀ ਬੋਲੀ ਦਾ ਮੋੜ ਕਰੀਂ ਸਰਦਾਰਾ।

ਕਿੱਕਲੀ: – ਪੰਜਾਬ ਦੇ ਲੋਕ ਨਾਚਾਂ ਦੀ ਲੜੀ ਵਿੱਚ ਨਿੱਕੀਆਂ ਬੱਚੀਆਂ ਦਾ ਅਨੋਖਾ ਨਾਚ ਵੀ ਆਪਣੀ ਅਹਿਮੀਅਤ ਰੱਖਦਾ ਹੈ।ਇਹ ਬੱਚੀਆਂ ਦੀਆਂ ਖੇਡਾਂ ਨਾਲ ਵੀ ਜੁੜਿਆ ਹੋਇਆ ਹੈ।ਇਸ ਨਾਚ ਦੇ ਲਈ ਕੋਈ ਜਗ੍ਹਾ ਜਾਂ ਸਮਾਂ ਨਿਸ਼ਚਿਤ ਨਹੀਂ ਹੁੰਦਾ।ਸਗੋਂ ਘਰਦੇ ਵਿਹੜੇ ਜਾਂ ਨੇੜੇ ਦੀ ਖੁੱਲ੍ਹੀ ਜਗ੍ਹਾ ਤੇ ਜਦ ਕੁੜੀਆਂ ਖੇਨੂੰ ਗੀਟੇ ਜਾਂ ਹੋਰ ਖੇਡਾਂ ਖੇਡਦੀਆਂ ਅੱਕ ਜਾਂਦੀਆਂ ਹਨ ਤਾਂ ਕਿੱਕਲੀ ਪਾਉਣੀ ਸ਼ੁਰੂ ਕਰ ਦਿੰਦੀਆਂ ਹਨ। ਬੱਚੀਆਂ ਦੇ ਖੇਡ ਨਾਚ ਬਾਰੇ ਆਮ ਧਾਰਨਾ ਹੈ ਕਿ ਕੁੜੀਆਂ ਆਪਣੇ ਹੱਥਾਂ ਦੀ ਕਰਿੰਗਲੀ ਜਾਂ ਕਰਿੰਗੜੀ ਪਾ ਕੇ ਨੱਚਦੀਆਂ ਹਨ। ਇਸ ਕਰਕੇ ਇਸਦਾ ਨਾਮ ਵੀ ਕਿੱਕਲੀ ਹੈ।ਇਸ ਨਾਚ ਅਨੁਸਾਰ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਇੱਕ ਦੂਜੀ ਦਾ ਹੱਥ ਇੰਝ ਫੜ ਲੈਂਦੀਆਂ ਹਨ ਕਿ ਬਾਹਵਾਂ ਦੀ ਸੰਗਲੀ ਜਿਹੀ ਬਣ ਜਾਵੇ।ਪੈਰਾਂ ਦੀਆਂ ਅਗਲੀਆਂ ਤਲੀਆਂ ਉੱਤੇ ਭਾਰ ਪਾ ਕੇ ਜੋਰ ਨਾਲ ਭੰਬੀਰੀ ਵਾਂਗ ਘੁੰਮਦੀਆਂ ਗਾਉਂਦੀਆਂ ਨੇ:–

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ।
ਦੁਪੱਟਾ ਭਰਜਾਈ ਦਾ, ਫਿਟੇ ਮੂੰਹ ਜਵਾਈ ਦਾ।

ਘੇਰਾ ਬਣਾ ਕੇ ਨੱਚਿਆ ਜਾਂਦਾ ਹੈ।

ਸੰਮੀ:– ਸੰਮੀ ਵੀ ਪੱਛਮੀ ਪੰਜਾਬ ਵਿੱਚ ਨੱਚਿਆ ਜਾਣ ਵਾਲਾ ਨਾਚ ਹੈ।ਇਹ ਸਮਤਾ ਵਿੱਚ ਨੱਚਿਆ ਜਾਂਦਾ ਹੈ।ਇਹ ਕਾਫੀ ਪੁਰਾਤਨ ਲੋਕ ਨਾਚ ਹੈ।ਸੰਮੀ ਦਾ ਸਬੰਧ ਵੀ ਲਹਿੰਦੇ ਪੰਜਾਬ ਦੇ ਸਾਂਦਲ ਬਾਰ ਇਲਾਕੇ ਨਾਲ ਹੈ।ਸੰਮੀ ਨਾਮ ਦੀ ਮੁਟਿਆਰ ਦਾ ਮਾਹੀ ਉਸ ਨੂੰ ਛੱਡ ਕੇ ਚਲਾ ਗਿਆ ਤਾਂ ਉਹ ਬਿਰਹਣ ਬਣਕੇ ਇਹ ਨਾਚ ਨੱਚਦੀ ਫਿਰਦੀ।ਇਸਦੇ ਪ੍ਰੇਮੀ ਦਾ ਨਾਮ ਢੋਲ ਜਾਂ ਢੋਲਾ ਸੀ।ਅਜੋਕੇ ਦੌਰ ਵਿੱਚ ਵੀ ਕੁੜੀਆਂ/ ਔਰਤਾਂ ਘੇਰੇ ਵਿੱਚ ਖਲੋ ਕੇ ,ਇਕ ਦੂਜੀ ਦੀਆਂ ਬਾਹਾਂ ਵਿੱਚ ਬਾਹਾਂ ਪਾਈ ਨਾਚ ਆਰੰਭ ਕਰਦੀਆਂ ਹਨ। ਹੱਥਾਂ ਨਾਲ ਤਾਲੀ ਅਤੇ ਉਂਗਲਾਂ ਦੀਆਂ ਚੁਟਕੀਆਂ ਵਜਾਉਂਦੀਆਂ ਅਤੇ ਪੈਰਾਂ ਦੀ ਧਮਕ ਨਾਲ ਤਾਲ ਪੈਦਾ ਕਰਦੀਆਂ ਹਨ।ਨਾਲ ਨਾਲ ਸੰਮੀ ਦੇ ਪ੍ਰਚਲਿਤ ਗੀਤ ਵੀ ਗਾਉਂਦੀਆਂ ਹਨ।ਜਿਵੇਂ:–

ਮੇਰੇ ਪੀਰ ਪਵਾਏ ਕੋਠੇ, ਵੱਚ ਬੋਲਣ ਤੋਤੇ,
ਉਹ ਗੱਡੀ ਬੰਨ੍ਹ ਖਲੋਤੇ, ਮੈ ਕੁਰਬਾਨ ਜਾਨੀ ਆਂ।

ਲੁੱਡੀ:– ਲੁੱਡੀ ਪਾਉਣਾ ਵੈਸੇ ਪੰਜਾਬੀ ਦਾ ਇਕ ਪ੍ਰਚਲਿਤ ਮੁਹਾਵਰਾ ਹੈ।ਜਿਸ ਦਾ ਭਾਵ ਹੈ ਖੁਸ਼ੀ ਪ੍ਰਗਟ ਕਰਨਾ ।ਜਦੋਂ ਫੌਜਾਂ ਜਿੱਤਕੇ ਵਾਪਿਸ ਮੁੜਦੀਆਂ ਤਾਂ ਲੁਡੀ ਪਾ ਕੇ ਉਹਨਾਂ ਦਾ ਸਵਾਗਤ ਕੀਤਾ ਜਾਂਦਾ ਸੀ ।ਪਿੱਛੋਂ ਇਹ ਨਾਚ ਦਾ ਰੂਪ ਧਾਰਨ ਕਰ ਗਿਆ।ਜਿਵੇਂ ਔਰਤਾਂ ਦੇ ਗਿੱਧੇ ਪਿੱਛੋਂ ਮਰਦਾਂ ਦੇ ਗਿੱਧੇ ਦਾ ਰਿਵਾਜ਼ ਪੈ ਗਿਆ । ਇਸੇ ਤਰ੍ਹਾਂ ਵਿਆਹ ਦੀਆਂ ਰਸਮਾਂ ਜਿਵੇਂ ਖਾਰੇ ਚੜਨਾ ,ਘੋੜੀ ਚੜ੍ਹਨ ਪਿੱਛੋਂ ਔਰਤਾਂ ਨੇ ਲੁੱਡੀ ਪਾਉਣੀ ਸ਼ੁਰੂ ਕਰ ਦਿੱਤੀ।ਜਦ ਢੋਲੀ ਢੋਲ ਤੇ ਡਗਾ ਲਾਉਂਦਾ ਹੈ ਤਾਂ ਉਸਦੇ ਤਾਲ ਨਾਲ ਨੱਚਣ ਵਾਲੇ ਛਾਤੀ ਅੱਗੇ ਤਾਲੀ ਮਾਰਦੇ ,ਮੋਢੇ ਹਿਲਾਉਂਦੇ ਅਤੇ ਅੱਖਾਂ ਮਚਕਾਉਂਦੇ ਹਨ।ਜਾਣੀ ਕਿ ਫੁਮਨੀਆਂ ਪਾਉਂਦੇ ਹਨ।ਸਮੁੱਚੇ ਰੂਪ ਵਿੱਚ ਲੁੱਡੀ ਖੁਸ਼ੀਆਂ ਭਰਿਆ ਨਾਚ ਹੈ।

ਧੀਰਸ ਅਤੇ ਧਮਾਲ:– ਧਮਾਲ ਤੇ ਧੀਰਸ ਵੀ ਪੰਜਾਬ ਦੇ ਬਹੁਤ ਪੁਰਾਤਨ ਲੋਕ ਨਾਚ ਹਨ।ਧਮਾਲ ਵੀ ਲਹਿੰਦੇ ਪੰਜਾਬ ਦਾ ਹੀ ਨਾਚ ਹੈ।ਇਹ ਮੁਸਲਿਮ ਫਕੀਰਾਂ ਵਿੱਚ ਜਿਆਦਾ ਮਕਬੂਲ ਹੈ।ਇਸਨੂੰ ਲੋਕ ਮੁਸਲਿਮ ਫਕੀਰਾਂ ਦੀਆਂ ਮਜ਼ਾਰਾਂ ਤੇ ਲੱਗਣ ਵਾਲੇ ਮੇਲਿਆਂ , ਉਰਸਾਂ ਦੇ ਸਮੇਂ ਨੱਚਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ।ਇਸਨੂੰ ਮਲੰਗਾਂ, ਮਸਤਾਨਿਆਂ, ਅਤੇ ਕਲੰਦਰਾਂ ਦਾ ਧਾਰਮਿਕ ਨਾਚ ਵੀ ਕਿਹਾ ਜਾਂਦਾ ਹੈ।

ਧੀਰਸ ਨਾਚ ਝੂੰਮਰ ਨਾਲ ਮਿਲਦਾ ਜੁਲਦਾ ਹੀ ਸਾਂਦਲਬਾਰ ਦਾ ਇੱਕ ਹੋਰ ਨਾਚ ਹੈ।ਇਸਨੂੰ ਬਹੁਤ ਸਹਿਜ ਅਤੇ ਧੀਰਜ ਨਾਲ ਨੱਚਿਆ ਜਾਂਦਾ ਹੈ,ਤਾਂ ਹੀ ਇਸਦਾ ਨਾਮ ਵੀ ਧੀਰਸ ਹੈ।ਇਹ ਵੀ ਮੇਲਿਆਂ ਤੇ ਹੀ ਨੱਚਿਆ ਜਾਂਦਾ ਹੈ।

ਉਪਰੋਕਤ ਵਿਚੋਂ ਬਹੁਤੇ ਪੰਜਾਬੀ ਲੋਕ ਨਾਚ ਅੱਜਕਲ੍ਹ ਲੁਪਤ ਹੋਣ ਦੀ ਕਗਾਰ ਤੇ ਹਨ।ਸਰਕਾਰਾਂ ਅਤੇ ਸੱਭਿਆਚਾਰ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਵੱਲੋ ਇਹਨਾਂ ਨੂੰ ਬਚਾਉਣ ਲਈ ਖੂਬ ਯਤਨ ਕਰਨੇ ਚਾਹੀਦੇ ਹਨ, ਤਾਂ ਜ਼ੋ ਸਾਡੇ ਵਿਰਸੇ ਦੇ ਅਨਮੋਲ ਰੰਗ ਸਮੇਂ ਦੀ ਗਰਦਸ਼ ਵਿੱਚ ਗੁੰਮ ਹੋਣ ਤੋਂ ਬਚ ਸਕਣ।

ਝੂੰਮਰ:– ਝੂੰਮਰ ਬੁਨਿਆਦੀ ਤੌਰ ਤੇ ਮਰਦਾਂ ਦਾ ਲੋਕ ਨਾਚ ਹੈ।ਪਰ ਕੁਝ ਥਾਵਾਂ ਤੇ ਔਰਤਾਂ ਵੀ ਝੂੰਮਰ ਪਾਉਂਦੀਆਂ ਹਨ।ਪਾਕਿਸਤਾਨ ਦੀ ਮੁਸਲੀ ਜਾਤ ਵਿੱਚ ਝੂੰਮਰ ਔਰਤਾਂ ਤੇ ਮਰਦ ਰਲ ਕੇ ਪਾਉਂਦੇ ਹਨ।ਝੂੰਮਰ ਨੂੰ ਬਲੋਚਾਂ ਦਾ ਨਾਚ ਕਰਕੇ ਵੀ ਜਾਣਿਆ ਜਾਂਦਾ ਹੈ। ਝੂੰਮਰ ਪਾਉਣ ਵਾਲੇ ਝੁਮਰੀ ਨੱਚਣ ਸਮੇਂ ਝੂੰਮਦੇ ਹਨ।ਇਸੇ ਕਰਕੇ ਇਸਨੂੰ ਝੂੰਮਰ ਕਿਹਾ ਜਾਂਦਾ ਹੈ।ਦਾਇਰੇ ਵਿੱਚ ਘੁੰਮ ਘੁੰਮ ਕੇ ਨੱਚਣ ਕਰਕੇ ਇਸਨੂੰ ਘੂੰਮਰ ਵੀ ਕਿਹਾ ਜਾਂਦਾ ਹੈ।ਘੁੰਮਣਾ ਇਸਦੀ ਖੂਬਸੂਰਤੀ ਵਿੱਚ ਵਾਧਾ ਕਰਦਾ ਹੈ।

ਝੂੰਮਰ ਦਾ ਪ੍ਰਤੀਨਿਧ ਖੇਤਰ ਸਾਂਦਲਬਾਰ ਦਾ ਇਲਾਕਾ ਹੈ। ਇਸ ਖੇਤਰ ਵਿੱਚ ਮਿੰਟਗੁਮਰੀ, ਸ਼ੇਖੂਪੁਰਾ, ਫੈਸਲਾਬਾਦ, ਟੋਭਾ ਟੇਕ ਸਿੰਘ,ਗੁਜਰਾਂਵਾਲਾ,ਝੰਗ ਅਤੇ ਸਰਗੋਧਾ ਆਦਿ ਜਿਲ੍ਹੇ ਆਉਂਦੇ ਹਨ।ਇਸ ਖੇਤਰ ਦੇ ਲੋਕਾਂ ਨੂੰ ਜੰਗਲੀ ਜਾਂ ਜਾਂਗਲੀ ਵੀ ਕਿਹਾ ਜਾਂਦਾ ਹੈ।ਪੁਰਾਣੇ ਜਮਾਨੇ ਵਿੱਚ ਲੋਕ ਇਹ ਨਾਚ ਖੁਦ ਤਾਂ ਨੱਚਦੇ ਹੀ ਨਾਲ ਆਪਣੇ ਪਸ਼ੂਆਂ ਨੂੰ ਵੀ ਨਚਾਉਂਦੇ ਸਨ।ਖਾਸ ਕਰਕੇ ਊਠ ਨੂੰ ਝੂੰਮਰ ਵੀ ਵਿੱਚ ਨਚਾਇਆ ਜਾਂਦਾ ਹੈ।ਵੈਸੇ ਤਾਂ ਝੂੰਮਰ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਵੀ ਮਿਲਦਾ ਹੈ,ਪਰ ਉਸਦੀ ਤਕਨੀਕ ਪੰਜਾਬ ਨਾਲੋਂ ਅਲਗ ਹੈ।ਝੂੰਮਰ ਲਈ ਖਾਸ ਸਾਜ਼ ਤਾਂ ਢੋਲ ਹੀ ਹੈ,ਪਰ ਪੇਸ਼ੇਵਰ ਟੋਲੇ ਚਿਮਟੇ,ਖੜਤਾਲਾਂ, ਤੂਤੀਆਂ, ਡਾਂਡੀਆਂ ਅਤੇ ਸ਼ਹਿਨਾਈਆਂ ਦੀ ਵਰਤੋਂ ਵੀ ਕਰਦੀਆਂ ਹਨ।ਝੂੰਮਰ ਢੋਲੀ ਦੇ ਆਸ ਪਾਸ ਗੋਲ

ਲਿੰਗਕ ਸਮਾਨਤਾ 'ਚ ਭਾਰਤ ਕਿਉਂ ਪਿੱਛੇ?

ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਸਮਾਜਿਕ ਚਿੰਤਕ ਅਤੇ ਵਿਗਿਆਨੀ, ''ਚਾਰਲਸ ਫੋਰੀਅਰ'' ਨੇ ਕਿਹਾ ਹੈ, ''ਕਿ ਕਿਸੇ ਦੇਸ਼ ਦੀ ਜਮਹੂਰੀਅਤ ਨੂੰ ਨਾਪਣ ਲਈ ਇਹ ਵੇਖੋ, ਕਿ ਉਸ ਦੇਸ਼ ਵਿੱਚ ਇਸਤਰੀਆਂ ਦੀ ਹਾਲਤ ਕੀ ਹੈ ?'' ਭਾਂਵੇ ! ਅਜਿਹੀ ਸੋਚ ਤੇ ਸਮਝ ਨੂੰ ਸਾਰੇ ਦੇਸ਼ਾਂ ਦੇ ਨੀਤੀਵਾਨ ਠੀਕ ਮੰਨ ਰਹੇ ਹਨ; ਪ੍ਰਤੂੰ ! ਸਮਾਜਵਾਦੀ ਦੇਸ਼ਾਂ ਨੂੰ ਛੱਡ ਕੇ, ਬਾਕੀ ਸਾਰੇ ਦੇਸ਼ਾਂ ਵਿਚ ਇਸਤਰੀਆਂ ਨੂੰ ਅਜੇ ਤੱਕ ਵੀ ਹਰ ਤਰ੍ਹਾਂ ਦੇ ਬੰਧਨਾ ਵਿੱਚ ਬੰਨਿਆ ਹੋਇਆ ਹੈ। ਉਸ ਨਾਲ ਹਰ ਤਰ੍ਹਾਂ ਦੀਆਂ ਬੇ-ਇਨਸਾਫੀਆਂ ਜਾਰੀ ਹਨ। ਅੱਜ ! ਵੀ ਉਹ ਲਿੰਗਕ ਵਿਤਕਰੇ ਦੀ ਸ਼ਿਕਾਰ ਹੈ । ਭਾਵੇਂ ! ਇਸਤਰੀਆਂ ਦਾ ਸ਼ਸ਼ਕਤੀਕਰਨ ਹੋਇਆ ਹੈ; ਪਰ ! ਅਜੇ ਤੱਕ ਵੀ ਉਹ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਖੇਤਰ 'ਚ ਪੱਛੜੀ ਹੋਈ ਹੈ। ਪੂਰੇ ਸੰਸਾਰ ਵਿੱਚ ਸਮਾਜਵਾਦੀ ਅਰਥਚਾਰੇ ਵਾਲੇ ਦੇਸ਼ਾਂ ਵਿੱਚ ਹੀ ਇਸਤਰੀਆਂ ਦਾ ਦਰਜਾ ਮਰਦਾਂ ਦੇ ਬਰਾਬਰ ਹੈ। ਚੀਨ, ਉਤਰੀ ਕੋਰੀਆ, ਵੀਤਨਾਮ, ਕਿਊਬਾ ਆਦਿ ਦੇਸ਼ਾਂ ਵਿੱਚ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਦੇ ਅਧਿਕਾਰ ਪ੍ਰਾਪਤ ਹਨ। ਪ੍ਰਤੂੰ! ਇਸ ਦੇ ਉਲੱਟ ਨਵੇਂ ਅਜ਼ਾਦ ਹੋਏ ਤੇ ਵਿਕਾਸਸ਼ੀਲ ਦੇਸ਼ਾਂ ਜਿਨ੍ਹਾਂ ਵਿੱਚ ਸਾਡਾ ਭਾਰਤ ਦੇਸ਼ ਵੀ ਆਉਂਦਾ ਹੈ, ਇਸਤਰੀਆਂ ਹਰ ਤਰ੍ਹਾਂ ਦੇ ਲਿੰਗਕ ਵਿਤਕਰੇ ਦੀਆਂ ਸ਼ਿਕਾਰ ਹਨ।ਅਜੇ ਵੀ ਉਸ ਨੂੰ ਦੂਜੇ ਦਰਜੇ ਦੀ ਨਾਗਰਿਕ ਹੀ ਸਮਝਿਆ ਜਾ ਰਿਹਾ ਹੈ।

ਪਿਛਲੇ ਦਿਨੀ ਵਿਸ਼ਵ ਆਰਥਿਕ ਮੰਚ ਨੇ 15-ਵੀਂ 'ਵਿਸ਼ਵ ਲਿੰਗਕ ਅਸਮਾਨਤਾ ਸੂਚਕ ਅੰਕ ਦੀ 2021 ਦੀ ਰਿਪੋਰਟ ਜਾਰੀ ਕੀਤੀ ਹੈ। ਇਸ ਵਿੱਚ 156 ਦੇਸ਼ਾਂ ਵਿੱਚ ਮਰਦਾਂ ਦੇ ਮੁਕਾਬਲੇ ਇਸਤਰੀਆਂ ਨੂੰ ਆਰਥਿਕ ਖੇਤਰ, ਵਿੱਦਿਆ ਤੇ ਸਿਹਤ ਜਿਹੀਆਂ ਬੁਨਿਆਦੀ ਜ਼ਰੂਰਤਾਂ ਤੱਕ ਪਹੁੰਚ ਦੀ ਕੀ ਹਾਲਤ ਹੈ, ਦਾ ਹਵਾਲਾ ਹੈ। ਖਾਸ ਤੌਰ ਤੇ ਰਾਜਨੀਤਕ ਖੇਤਰ 'ਚ ਸ਼ਸ਼ਕਤੀਕਰਨ ਜਿਹੇ ਮੁੱਦਿਆ ਅਤੇ ਲਿੰਗਕ ਭੇਦ-ਭਾਵ ਨੂੰ ਘੱਟ ਕਰਨ ਜਿਹੇ ਸਵਾਲਾਂ ਦਾ ਜਿਕਰ ਕੀਤਾ ਗਿਆ ਹੈ। ਇਹ ਰਿਪੋਰਟ ਦੱਸਦੀ ਹੈ, ਕਿ ''ਰਵਾਂਡਾ'' ਦੁਨੀਆਂ ਦਾ ਪਹਿਲਾ ਦੇਸ਼ ਹੈ ; ਜਿਸ ਦੀ ਸੰਸਦ ਵਿੰਚ 64 ਫੀ-ਸਦ ਇਸਤਰੀਆਂ ਸੰਸਦ ਮੈਂਬਰ ਹਨ। ਪ੍ਰਤੂੰ ਲੋਕਤੰਤਰੀ ਕਹਾਉਣ ਵਾਲੇ ਭਾਰਤ ਦੇਸ਼ ਦੀ ਸੰਸਦ ਵਿੱਚ ਇਸਤਰੀਆਂ ਦੀ ਰਾਜਨੀਤਕ ਭਾਗੀਦਾਰੀ ਸਿਰਫ਼ 14।4 ਫੀ-ਸਦ ਹੀ ਹੈ। ਐਡਵਾ (''ਆਲ ਇੰਡੀਆ ਡੈਮੋਕਰੇਟਿਕ ਵੂਮੈਨ ਐਸੋਸੀਏਸ਼ਨ'') ਅਤੇ ਹੋਰ ਅਗਾਂਹ ਵਧੂ ਇਸਤਰੀ ਸੁਭਾਵਾਂ ਨੇ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿੱਚ ਇਸਤਰੀਆਂ ਲਈ 33-ਫੀ-ਸਦ ਰਾਖਵੇਂ-ਕਰਨ ਦੀ ਮੰਗ ਲਈ ਸੰਘਰਸ਼ ਕੀਤਾ ਕਿ ਇਸਤੀਆਂ ਨੂੰ ਰਾਖਵਾਂ-ਕਰਨ ਦਿੱਤਾ ਜਾਵੇ। ਪਰ ! ਉਹ ਬਿੱਲ 1996 ਤੋਂ ਹੀ ਲੋਕ ਸਭਾ ਵਿੱਚ ਪੈਡਿੰਗ ਪਿਆ ਹੋਇਆ ਹੈ। ਨਾ ਤਾਂ ਪਿਛਲੀ ਯੂ।ਪੀ।ਏ। ਦੀ ਸਰਕਾਰ ਅਤੇ ਨਾ ਹੀ ਐਨ।ਡੀ।ਏ। ਦੀ ਬੀ।ਜੇ।ਪੀ। ਮੋਦੀ ਸਰਕਾਰ ਵੀ ਇਹ ਰਾਖਵਾਂ-ਕਰਨ ਬਿੱਲ ਪਾਸ ਕਰਵਾ ਸਕੀ ਹੈ। ਵਿਸ਼ਵ ਲਿੰਗਕ ਅਸਮਾਨਤਾ ਦੀ ਰਿਪੋਰਟ ਮੁਤਾਬਿਕ ਇਸ ਸੂਚਕ ਅੰਕ ਵਿੱਚ 'ਆਈਸਲੈਂਡ, ਫ਼ਿਨਲੈਂਡ, ਨਾਰਵੇ, ਨਿਊਜ਼ੀਲੈਂਡ ਅਤੇ ਸਵੀਡਨ' ਪਹਿਲੇ ਪੰਜ-ਦੇਸ਼ਾਂ ਵਿੱਚ ਸ਼ਾਮਲ ਹਨ। ਜਦ ਕਿ ਲਿੰਗਕ ਸਮਾਨਤਾ ਦੇ ਮਾਮਲੇ ਵਿੱਚ ਯਮਨ, ਈਰਾਕ ਤੇ ਪਾਕਿਸਤਾਨ ਸਭ ਤੋਂ ਥੱਲੇ ਹਨ। ਇਸ ਰਿਪੋਰਟ ਵਿੱਚ ਭਾਰਤ ਦੀ ਵੀ ਲਿੰਗਕ ਸਮਾਨਤਾ ਦਿਸ਼ਾ ਕੋਈ ਚੰਗੀ ਨਹੀ ਹੈ। ਇਸ ਸੂਚਕ ਅੰਕ ਵਿੱਚ ਭਾਰਤ ਪਿਛਲੇ ਸਾਲ ਦੇ ਮੁਕਾਬਲੇ 28 ਅੰਕ ਥੱਲੇ ਆ ਗਿਆ ਹੈ ਅਤੇ ਹੁਣ 140-ਵੇਂ ਸਥਾਨ ਤੇ ਖੜਾ ਹੈ। ਜਦ ਕਿ 2020 'ਚ ਭਾਰਤ ਲਿੰਗਕ ਸੂਚੀ ਦੇ ਮਾਮਲੇ ਵਿੱਚ 153-ਦੇਸ਼ਾਂ ਵਿਚੋਂ 112-ਵੇਂ ਥਾਂ ਸੀ। 2006 ਵਿੱਚ ਵਿਸ਼ਵ ਲਿੰਗਕ ਅਸਮਾਨਤਾ ਸੂਚਕ ਅੰਕ ਦੀ ਜਦੋਂ ਪਹਿਲੀ ਰਿਪੋਰਟ ਜਾਰੀ ਕੀਤੀ ਗਈ ਸੀ ਤਾਂ ! ਭਾਰਤ ਦਾ ਉਸ ਸਮੇਂ ਲਿੰਗਕ ਸੂਚਕ ਅੰਕ 98 ਸੀ। ਪਿਛਲੇ ਡੇਢ ਦਹਾਕੇ ਤੋਂ ਮੋਦੀ ਦੇ ਰਾਜ ਅੰਦਰ ਇਸਤਰੀਆਂ ਦੀ ਸਥਿਤੀ ਥੱਲੇ ਹੀ ਡਿਗਦੀ ਜਾ ਰਹੀ ਹੈ।

ਰਾਜਨੀਤਕ ਤੌਰ ਤੇ ਜੇਕਰ ਦੇਖਿਆ ਜਾਵੇ,ਤਾਂ; ਲਿੰਗਕ ਸਮਾਨਤਾ (ਇਸਤਰੀ-ਮਰਦ) ਦੇ ਮਾਮਲੇ ਵਿੱਚ ਭਾਰਤ ਦਾ ਸਥਾਨ 91-ਨੰਬਰ ਤੇ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ, 'ਕਿ ਭਾਰਤ ਵਿੱਚ ਇਸਤਰੀਆਂ ਨੂੰ ਲਿੰਗਕ ਸਮਾਨਤਾ ਕਰਨ ਲਈ ਅਜੇ ਲੰਬਾਂ ਸੰਘਰਸ਼, ਭਾਵ! 'ਇਕ ਸਦੀ' ਹੋਰ ਲੜਨਾ ਪਏਗਾ। ਮੌਜੂਦਾ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੇ ਇਸਤਰੀਆਂ ਪ੍ਰਤੀ ਵਿਵਹਾਰ ਜੋ ਹਨ; ਹੋ ਸਕਦਾ ਹੈ ਕਿ ਇਸ ਤੋਂ ਵੀ ਜ਼ਿਆਦਾ ਸਮਾਂ ਲਗੇਗਾ। ਉਹ ਦੇਸ਼ ਤਰੱਕੀ ਨਹੀਂ ਕਰ ਸਕਦੇ ਜਦੋਂ ਤੱਕ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾਣਗੇ।

''ਰਵਾਂਡਾਂ'' (ਈਸਟ ਅਫ਼ਰੀਕਾ) ਦੇਸ਼ ਹੀ ਦੁਨੀਆਂ ਭਰ 'ਚੋਂ ਮੋਹਰੀ ਹੈ, ਜਿਥੇ ਪਾਰਲੀਮੈਂਟ ਦੀਆਂ 64-ਫੀ-ਸਦ ਸੀਟਾਂ ਤੇ ਇਸਤਰੀਆਂ ਕਾਬਜ਼ ਹਨ। ''ਰਵਾਂਡਾਂ ਦੇਸ਼ ਇਸਤਰੀਆਂ ਦੀ ਬਰਾਬਰਤਾ'' ਲਈ ਦੁਨੀਆਂ ਭਰ ਲਈ ਇਕ ਮਾਡਲ ਰੋਲ ਵਜੋਂ ਕੰਮ ਕਰ ਰਿਹਾ ਹੈ।ਜਿਥੇ ਰਾਜਨੀਤੀ ਅਤੇ ਹੋਰ ਸੰਸਥਾਵਾਂ ਵਿੱਚ ਵੀ ਇਸਤਰੀਆਂ ਦਾ ਯੋਗਦਾਨ ਮਰਦਾਂ ਦੇ ਬਰਾਬਰ ਹੈ। ''ਕਿਊਬਾ'' ਵਿੱਚ 53-ਫੀ-ਸਦ ਇਸਤਰੀਆਂ ਪਾਰਲੀਮੈਂਟ ਵਿੱਚ ਹਨ ਤੇ ਜੋ ਰਵਾਂਡਾਂ ਤੋਂ ਬਾਦ ਦੂਸਰਾ ਨੰਬਰ ਹੈ। ''ਯੂਨਾਈਟਿਡ ਅਮੀਰਾਤ'' ਤੀਸਰਾ ਅਜਿਹਾ ਦੇਸ਼ ਹੈ ਜਿਥੇ ਪਾਰਲੀਮੈਂਟ ਵਿੱਚ ਲਿੰਗਕ ਸਮਾਨਤਾ ਦੇਖਣ ਨੂੰ ਮਿਲ ਰਹੀ ਹੈ। ਯੂਨਾਈਟਿਡ ਅਮੀਰਾਤ ਸੂਚਕ ਅੰਕ 'ਚ ਪਿਛਲੇ ਸਾਲਾਂ ਵਿੱਚ 20ਫੀ-ਸਦ ਤੋਂ ਵੱਧ ਕੇ 2019 'ਚ 85-ਵੇਂ ਸਥਾਨ, ਭਾਵ ! ਤੀਸਰੇ ਨੰਬਰ ਤੇ ਆ ਗਿਆ ਹੈ। ਇਸੇ ਤਰ੍ਹਾਂ ਨਿਕਾਰਾਗੂਆ, ਨਿਊਜ਼ੀਲੈਂਡ, ਮੈਕਸੀਕੋ 48 ਫੀ-ਸਦ, ਸਵੀਡਨ 46 ਫੀ-ਸਦ, ਯੂਗਾਡਾਂ, ਐਂਡੋਰਾ 46ਫੀ-ਸੱਦ ਅਤੇ ਬੋਲੀਵੀਆ 10-ਵੇਂ ਨੰਬਰ ਤੇ ਸੀ। ਪਰ ! ਭਾਰਤ ਜੋ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਰਾਜ ਕਹਾਉਣ ਵਾਲਾ ਦੇਸ਼ ਹੈ; ਸਭ ਤੋਂ ਪਿਛੇ ਕਿਉਂ ਹੈ ? ਅੱਜ ! ਜਦੋਂ ਅੰਤਰ-ਰਾਸ਼ਟਰੀ ਪੱਧਰ ਤੇ ਇਸਤਰੀਆਂ ਹਰ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਤਾਂ! ਭਾਰਤ ਦੇਸ਼ ਦੇ ਹਾਕਮ ਅਜੇ ਤੱਕ ਇਸਤਰੀਆਂ ਨੂੰ ਵਿਧਾਨ-ਸਭਾਵਾਂ ਅਤੇ ਸੰਸਦ ਵਿੱਚ 33ਫੀ-ਸਦ ਰਾਖਵਾ-ਕਰਨ ਦੇਣ ਤੋਂ ਆਨਾਕਾਨੀ ਕਰ ਰਹੀਆਂ ਹਨ। ਭਾਂਵੇ ! ਯੂਪੀਏ ਸਰਕਾਰ ਨੇ 2-ਮਈ, 2008 ਨੂੰ ਪਾਰਲੀਮੈਂਟ ਦੀ ਥਾਂ ਰਾਜ ਸਭਾ 'ਚ ਰੌਲੇ ਰੱਪੇ ਦੌਰਾਨ ਹੀ ਇਸਤਰੀਆਂ ਲਈ ਇਕ ਤਿਹਾਈ ਰਾਖਵਾਂ-ਕਰਨ ਬਾਰੇ 108-ਵਾਂ ਸੰਵਿਧਾਨਿਕ ਸੋਧ ਬਿਲ ਪੇਸ਼ ਕਰਨ ਮਗਰੋਂ ਹੀ ਤੁਰੰਤ ਬਿਨ੍ਹਾਂ ਕਿਸੇ ਬਹਿਸ ਦੇ ਰਾਜਸਭਾ ਦੇ ਸੈਸ਼ਨ ਨੂੰ ਅਣਮਿੱਥੇ ਸਮੇਂ ਲਈ ਉੱਠਾ ਦਿੱਤਾ ਗਿਆ ਸੀ।ਜੋ ਬਿੱਲ ''ਅੱਜ'' ਵੀ ਠੰਡੇ ਬਸਤੇ ਵਿੱਚ ਪਿਆ ਹੈ। ਜੇਕਰ ਦੇਖਿਆ ਜਾਵੇ ਤਾਂ ਸੰਸਦ ਅਤੇ ਵਿਧਾਨ ਸਭਾਵਾਂ ਦੀ ਸਥਿਤੀ ਅੰਦਰ ਵੀ ਦੇਸ਼ ਭਰ ਵਿੱਚ ਇਸਤਰੀਆਂ ਦੀ ਨੁਮਾਇੰਦਗੀ ਕਮਜ਼ੋਰ ਹੀ ਰਹੀ ਹੈ।

ਦੇਖਿਆ ਜਾਵੇ ਤਾਂ 1952 ਤੋਂ ਪਹਿਲੀ ਲੋਕਸਭਾ ਦੀ ਚੋਣ ਤੋਂ ਲੈ ਕੇ ਹੁਣ ਤੱਕ (17-ਵੀਂ ਲੋਕ ਸਭਾ ਦੀ ਚੋਣ ਤੱਕ) ਸੰਸਦ ਵਿੱਚ ਇਸਤਰੀਆਂ ਦੀ ਨੁਮਾਇੰਦਗੀ ਕੋਈ ਬਹੁਤੀ ਤਸਲੀਬਖਸ਼ ਨਹੀ ਹੈ। 1952 ਵਿੱਚ ਲੋਕ ਸਭਾ ਦੀ ਪਹਿਲੀ ਚੋਣ ਵਿੱਚ 499-ਸੰਸਦ ਮੈਂਬਰਾਂ ਵਿਚੋਂ 20-ਇਸਤਰੀਆਂ ਹੀ ਜਿੱਤੀਆਂ ਸਨ। ਇਸੇ ਤਰਾਂ ਦੂਸਰੀ ਲੋਕ ਸਭਾ 1957 'ਚ 500 ਸੰਸਦ ਮੈਂਬਰਾਂ ਵਿਚੋਂ 22, ਤੀਸਰੀ ਲੋਕ ਸਭਾ 1962 'ਚ 503 ਵਿਚੋਂ 31, ਚੌਥੀ 1967 ਦੀ ਲੋਕ ਸਭਾ ਚੋਣ 'ਚ 523 ਸੰਸਦ ਮੈਂਬਰ ਵਿਚੋਂ 29, 1971 'ਚ ਪੰਜਵੀ ਲੋਕ ਸਭਾ 'ਚ 521 ਵਿਚੋਂ 21, 1977 'ਚ ਛੇਵੀਂ ਲੋਕ ਸਭਾ 'ਚ 544 ਵਿਚੋਂ 19,

1980 'ਚ ਸਤਵੀਂ ਲੋਕ ਸਭਾ ਦੀ ਚੋਣ ਵਿੱਚ 544 ਸੰਸਦ ਮੈਂਬਰਾਂ ਵਿਚੋਂ 28, 1984-85'ਚ ਅੱਠਵੀਂ ਲੋਕ ਸਭਾ 'ਚ 544 ਵਿਚੋਂ 43, 1989 ਵਿੱਚ ਨੌਵੀਂ ਲੋਕ ਸਭਾ ਚੋਣਾਂ 'ਚ 517 ਸੰਸਦ ਮੈਂਬਰਾਂ ਵਿੱਚੋਂ 29, 1991'ਚ ਦਸਵੀਂ ਲੋਕ ਸਭਾ ਦੀਆਂ ਚੋਣਾਂ ਵਿਚੋਂ 544 ਸੰਸਦ ਮੈਂਬਰਾਂ ਵਿੱਚੋ 38, 1996 'ਚ ਗਿਆਰਵੀਂ ਲੋਕ ਸਭਾ ਦੀ ਚੋਣ ਸਮੇਂ 544 ਸੰਸਦ ਮੈਂਬਰਾਂ ਵਿਚੋਂ 40, 1998 'ਚ ਬਾਰਵੀਂ ਲੋਕ ਸਭਾ ਚੋਣ ਸਮੇਂ 543 ਚੋਂ 43 ਇਸਤਰੀਆਂ ਸਨ। 1999 'ਚ ਤੇਰਵੀਂ ਲੋਕ ਸਭਾ ਚੋਣਾਂ 'ਚ 543 ਸੰਸਦ ਮੈਂਬਰਾਂ ਚੋ 49, 2004 'ਚੌਦਵੀਂ ਲੋਕ ਸਭਾ ਦੀਆਂ ਚੋਣਾਂ ਦੌਰਨ 543 ਸੰਸਦ ਮੈਂਬਰਾਂ ਵਿੱਚ 45, ਪੰਦਰਵੀ ਲੋਕ ਸਭਾ ਦੀਆਂ ਚੋਣਾਂ ਜੋ 2009 ਦੁਰਾਨ ਹੋਇ।ਆਂ 543 ਵਿਚੋਂ 59, 2014 'ਚ ਸੋਲਵੀਂ ਲੋਕ ਸਭਾ ਦੀਆਂ ਚੋਣਾ ਸਮੇਂ 544 ਸੰਸਦ ਮੈਂਬਰਾਂ ਵਿੱਚੋਂ 61 ਅਤੇ 2019 ਵਿੱਚ 17ਵੀਂ ਲੋਕ ਸਭਾ ਦੀ ਚੋਣ ਦੌਰਾਨ 542 ਲੋਕ ਸਭਾ ਦੇ ਮੈਂਬਰਾਂ ਵਿਚੋਂ 78-ਇਸਤਰੀਆਂ ਹੀ ਸੰਸਦ ਦੀ ਪੌੜੀ ਹੀ ਚੜ੍ਹ ਸਕੀਆਂ। ਜਿਸ ਸੰਸਦ ਨੇ ਦੇਸ਼ ਲਈ ਕਾਨੂੰਨ ਘੜਨੇ ਸਨ, ਦੇਸ਼ ਦੀ ਅੱਧੀ ਅਬਾਦੀ ਵਿਚੋਂ ਇਸਤਰੀਆਂ ਸਿਰਫ 78 ਹੀ 542 ਸੰਸਦ ਮੈਂਬਰ ਵਿਚੋਂ ਚੁਣੀਆਂ ਜਾਣ ਤਾਂ ਉਹ ਦੇਸ਼ ਕਿੰਨਾ ਕੁ ਤਰੱਕੀ ਕਰ ਸਕੇਗਾ।ਇਹ ਸਾਡੇ ਸਾਹਮਣੇ ਇਕ ਸਵਾਲ ਹੈ ਜੋ ਰਾਜਨੀਤਕ ਪਾਰਟੀਆਂ ਲਈ ਵੀ ਇਕ ਚਿੰਤਾ ਹੋਣੀ ਚਾਹੀਦੀ ਹੈ।

ਭਾਰਤ ਦੇ ਸੰਵਿਧਾਨ ਵਿੱਚ, ਭਾਵੇਂ ! ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਦਾ ਅਧਿਕਾਰ ਦਿੰਦਿਆਂ ਹੋਇਆ ਇਹ ਲਿਖਿਆ ਗਿਆ ਹੈ, ''ਕਿ ਰਾਜ ਸਰਕਾਰਾਂ ਕਿਸੇ ਵੀ ਵਿਅਕਤੀ ਦੇ ਨਾਲ ਰੰਗ, ਨਸਲ, ਲਿੰਗ ਦੇ ਅਧਾਰ ਤੇ ਭਿੰਨ-ਭੇਦ ਨਹੀਂ ਕਰੇਗੀ।'' ਪਰ ! ਅਜ਼ਾਦੀ ਦੇ 75 ਸਾਲ ਬਾਦ ਅੱਜੇ ਵੀ ਭਾਰਤੀ ਇਸਤਰੀ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਸੱਭਿਆਚਾਰ ਖੇਤਰਾਂ 'ਚ ਪੱਛੜੀ ਹੋਈ ਹੈ। ਮਰਦ ਪ੍ਰਧਾਨ ਸਮਾਜ ਅੰਦਰ ਅਜੇ ਤੱਕ ਵੀ ਉਸ ਨੂੰ ਦੂਜੇ ਦਰਜੇ ਦੀ ਨਾਗਰਿਕ ਹੀ ਸਮਝਿਆ ਜਾਂਦਾ ਹੈ। ਦੁਨੀਆ ਵਿੱਚ ਸਮਾਜਵਾਦੀ ਅਰਥਚਾਰੇ ਵਾਲੇ ਦੇਸ਼ਾਂ ਨੂੰ ਛੱਡ ਕੇ ਬਾਕੀ ਸਾਰੇ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਅੰਦਰ ਇਸਤਰੀ ਨਾਲ ਨਾ ਬਰਾਬਰੀ, ਵਧੀਕੀਆਂ, ਹਿੰਸਾ, ਲਿੰਗਕ-ਸ਼ੋਸ਼ਣ ਸਭ ਵਿਤਕਰੇ ਜਾਰੀ ਹਨ।

ਇਸਤਰੀ ਮਰਦ ਦੀ ਬਰਾਬਰਤਾ ਨਾਲ ਹੀ ਦੇਸ਼ ਤਰੱਕੀ ਕਰ ਸਕਦਾ ਹੈ। ''ਵਿਸ਼ਵ ਆਰਥਿਕ ਮੰਚ'' ਦੀ ਰਿਪੋਰਟ ਮੁਤਾਬਿਕ ਭਾਰਤ ਵਿੱਚ ਲਿੰਗਕ ਅਸਮਾਨਤਾ ਸਿਰਫ 63-ਫੀ-ਸਦ ਹੀ ਹੈ। ਜਿਥੇ ਇਹ ਲਿੰਗਕ ਪਾੜਾ ਇਸਤਰੀਆਂ ਦੇ ਵਿਕਾਸ ਵਿੱਚ ਰੁਕਾਵਟ ਪੈਦਾ ਕਰਦਾ ਹੈ, ਉਥੇ ਦੇਸ਼ ਭਰ ਵਿੱਚ ਆਰਥਿਕ, ਸਮਾਜਿਕ ਤੇ ਰਾਜਨੀਤਕ ਵਿਕਾਸ ਖੇਤਰ ਵਿੱਚ ਵੀ ਰੁਕਾਵਟ ਪੈਂਦੀ ਹੈ। ਇਸਤਰੀ ਮਰਦ ਦੀ ਬਰਾਬਰੀ ਭਾਗੀਦਾਰੀ ਨਾਲ ਹੀ ਦੇਸ਼ ਵੀ ਤਰੱਕੀ ਕਰ ਸਕਦਾ ਹੈ।

ਵਿਸ਼ਵ ਪੱਧਰ ਤੇ ਲਿੰਗਕ ਅਸਮਾਨਤਾ ਵਿਕਾਸ ਲਈ ਇਕ ਚਣੌਤੀ ਦੀ ਤਰ੍ਹਾਂ ਹੈ। ਲਿੰਗਕ ਅਸਮਾਨਤਾ ਨੂੰ ਖਤਮ ਕਰਕੇ ਹੀ ਇਸਤਰੀਆਂ ਦਾ ਸ਼ਸ਼ਕਤੀਕਰਨ ਵੱਧ ਸਕਦਾ ਹੈ ਅਤੇ ਉਥੇ ਹੀ ਉਨ੍ਹਾਂ ਨਾਲ ਹੋ ਰਹੀਆਂ ਬੇ-ਇਨਸਾਫੀਆਂ, ਅੱਤਿਆਚਾਰ ਤੇ ਹਿੰਸਾਂ ਜਿਹੀਆਂ ਘਟਨਾਵਾਂ ਨੂੰ ਵੀ ਰੋਕਿਆ ਜਾ ਸਕਦਾ ਹੈ। ''ਸੰਯੁਕਤ ਰਾਸ਼ਟਰ'' ਨੇ ਵੀ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਹੈ, 'ਕਿ ਸਮਾਜ ਵਿੱਚ ਜੇਕਰ ਲਿੰਗ-ਭਾਵ ਖਤਮ ਨਹੀਂ ਕੀਤਾ ਗਿਆ, ਤਾਂ! 2030 ਤੱਕ, ਦੁਨੀਆਂ ਭਰ ਵਿੱਚ ਹੋ ਰਿਹਾ ਵਿਕਾਸ ਇਸਤਰੀਆਂ ਦੇ ਸ਼ਸਤੀਕਰਨ ਲਈ ਲਿੰਗਕ ਸਮਾਨਤਾ ਦਾ ਟੀਚਾ ਅਸੀਂ ਪੂਰਾ ਨਹੀਂ ਕਰ ਸਕਾਂਗੇ।''

ਸਮਾਜ ਦੇ ਵਿਕਾਸ ਵਿੱਚ ਇਸਤਰੀਆਂ ਦਾ ਪੂਰਾ ਯੋਗ ਦਾਨ ਹੋਣ ਦੇ ਬਾਵਜੂਦ ਵੀ ਉਹ ਪੱਛੜੀ ਹੋਈ ਹੈ। ਸਾਡੇ ਦੇਸ਼ ਵਿੱਚ ਸਿਰਫ, ''ਮਿਜ਼ੋਰਾਮ ਤੇ ਮੇਘਾਲਿਆ'' ਰਾਜਾਂ ਵਿੱਚ ਹੀ ਬਿਨ੍ਹਾਂ ਭਿੰਨ-ਭੇਦ-ਭਾਵ ਦੇ ਇਸਤਰੀਆਂ ਨੂੰ ਮਰਦਾਂ ਬਰਾਬਰ ਕੰਮ ਦਿੱਤਾ ਜਾ ਰਿਹਾ ਹੈ ਜੋ ਇਹ ਇਕ ਮਾਣ ਵਾਲੀ ਅਤੇ ਦੇਸ਼ ਲਈ ਮਿਸਾਲ ਹੈ। ਲਿੰਗਕ ਅਸਮਾਨਤਾ ਦੂਰ ਕਰਨ ਲਈ ਸਾਨੂੰ ਆਪਣੇ ਗੁਆਂਢੀ ਦੇਸ਼ ਬੰਗਲਾ ਦੇਸ਼, ਸ਼੍ਰੀ ਲੰਕਾ, ਭੂਟਾਨ ਅਤੇ ਨੇਪਾਲ ਤੋਂ ਵੀ ਸਿਖਣਾ ਪਏਗਾ, ਜਿਥੇ ਲਿੰਗਕ ਸਮਾਨਤਾ ਹੈ। ਅਸੀਂ ਉਨ੍ਹਾਂ ਦੇਸ਼ਾਂ ਤੋਂ ਵੀ ਫਾਡੀ ਹਾਂ। ਭਾਂਵੇਂ ! ਦੇਸ਼ ਭਰ ਵਿੱਚ, ''ਬੇਟੀ ਬਚਾਓ, ਬੇਟੀ ਪੜ੍ਹਾਓ'' ਦੇ ਨਾਅਰੇ ਦਿੱਤੇ ਜਾ ਰਹੇ ਹਨ, ਪਰ ! ਉਹ ਦੇਸ਼ ਭਰ ਵਿੱਚ ਬੇਟੀ ਅਜੇ ਵੀ ਅਸੁਰੱਖਿਅਤ ਹੈ। ਜੇਕਰ ਦੇਖਿਆ ਜਾਵੇ ਤਾਂ ਟੋਕੀਉ ਉਲੰਪਿਕ ਖੇਡਾਂ ਵਿੱਚ ਬੇਟੀਆਂ ਨੇ ਹੀ ਖੇਡਾਂ ਵਿੱਚ ਜਿੱਤ ਦਾ ਝੰਡਾ ਗੱਡਿਆ। ਫਿਰ ਉਨ੍ਹਾਂ ਨਾਲ ਵਿਤਕਰਾ ਕਿਉਂ, ਇਹ ਸਵਾਲ ਸਾਡੇ ਸਾਹਮਣੇ ਹੈ ?

ਕੇਂਦਰ ਦੀ ਮੋਦੀ ਸਰਕਾਰ ਵਲੋਂ, ਪਿੱਛਲੇ ਸੱਤਾਂ-ਸਾਲਾਂ ਦੇ ਸਮੇਂ ਦੌਰਾਨ ਇਸਤਰੀਆਂ ਲਈ ਕੋਈ ਵੀ ਸਨਮਾਨ ਜਨਕ ਕਦਮ ਨਹੀਂ ਚੁੱਕਿਆ ਗਿਆ ਹੈ। ਜੇਕਰ ਸਾਡੀਆਂ ਰਾਜ ਸਰਕਾਰਾਂ ਵੀ ਇਸ ਲਿੰਗਕ ਅਸਮਾਨਤਾ ਨੂੰ ਖਤਮ ਕਰਨ ਲਈ ਇਛੁਕ ਨਹੀਂ ਹਨ ਤਾਂ ! ਦੇਸ਼ ਕਿਵੇਂ ਅੱਗੇ ਵੱਧ ਸਕੇਗਾ ? ਸਾਡੇ ਸਾਹਮਣੇ ਸਿਰਫ ''ਕੇਰਲਾ ਹੀ ਇਕ ਅਜਿਹਾ (ਖੱਬੇ ਪੱਖੀ) ਰਾਜ ਹੈ, ਜਿੱਥੇ ਬਿਨ੍ਹਾਂ ਭਿੰਨ-ਭੇਦ ਦੇ ਲਿੰਗਕ ਸਮਾਨਤਾ ਨੂੰ ਮੁੱਖ ਰੱਖ ਕੇ ਸਰਕਾਰ ਕਦਮ ਪੁੱਟ ਰਹੀ ਹੈ ਅਤੇ ਅੱਗੇ ਵੱਧ ਰਹੀ ਹੈ। ਉਸ ਰਾਜ ਦੀਆਂ ਕਾਫੀ ਮਿਸਾਲਾਂ ਦਿੱਤੀਆਂ

ਕੀ ਸੰਯੁਕਤ ਸਮਾਜ ਮੋਰਚਾ ਪੰਜਾਬ ਵਿੱਚ ਕਾਮਯਾਬ ਹੋ ਸਕੇਗਾ?

ਜੀਰਾ ਸਿੰਘ
91-94170-95965

ਭਾਜਪਾ ਸਰਕਾਰ ਵਲੋਂ ਕਿਸਾਨਾਂ ਵਿਰੁੱਧ ਪਾਸ ਕੀਤੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਜਦੋਂ ਤੋਂ ਕਿਸਾਨ ਮੋਰਚੇ ਦੇ ਆਗੂ ਦਿੱਲੀ ਬਾਰਡਰਾਂ ਤੇ ਸੰਘਰਸ਼ ਕਰਦੇ ਪਏ ਸਨ। ਉਹ ਕਿਸਾਨਾਂ ਨੂੰ ਸੰਬੋਧਨ ਕਰਦੇ ਇਹ ਕਹਿੰਦੇ ਆ ਰਹੇ ਸਨ ਕਿ ਸਾਨੂੰ ਸਾਰੀਆਂ ਰਵਾਇਤੀ ਪਾਰਟੀਆਂ ਤੋਂ ਛੁੱਟਕਾਰਾ ਤੇ ਮੁੱਕਤੀ ਲੈਣੀ ਚਾਹੀਦੀ ਹੈ। ਕਿਉਂ ਕਿ ਇਹਨਾਂ ਸਾਰੀਆਂ ਰਵਾਇੱਤੀ ਪਾਰਟੀਆਂ ਨੇ ਲੋਕਾਂ ਦੇ ਸਾਰੇ ਮੁੱਦਿਆਂ ਜਿਵੇਂ ਕਿ ਕਿਸਾਨਾਂ ਸਬੰਧੀ ਸਰਕਾਰ ਵਲੋਂ ਤਿੰਨ ਕਾਲੇ ਕਾਨੂੰਨਾਂ ਦੇ ਬਿੱਲਾਂ ਨੂੰ ਪਾਸ ਕਰਨ ਮੌਕੇ ਲੋਕ ਸਭਾ ਦੇ ਮੈਂਬਰ ਹੁੰਦਿਆਂ ਨਾ ਤਾਂ ਜੋਰਦਾਰ ਤਰੀਕੇ ਨਾਲ ਉਨਾਂ ਮੁਦਿਆਂ ਵਿਰੁੱਧ ਅਵਾਜ ਉਠਾਈ ਤੇ ਨਾ ਹੀ ਇਨਾਂ ਸਾਰੀਆਂ ਰਵਾਇਤੀ ਪਾਰਟੀਆਂ ਨੇ ਰੱਲ ਕੇ ਇਨਾਂ ਬਿੱਲਾਂ ਨੂੰ ਪਾਸ ਨਾ ਕੀਤੇ ਜਾਣ ਵਿਰੁੱਧ ਕੋਈ ਜਦੋਜਹਿਦ ਕੀਤੀ। ਜਿਸ ਦੀ ਸਜਾ ਕਿਸਾਨਾਂ ਨੂੰ ਸਵਾ ਸਾਲ ਸਰਕਾਰ ਵਿਰੁੱਧ ਲੜਾਈ ਲੜਨੀ ਪਈ ਤੇ ਇਸ ਦੌਰਾਨ ਉਨਾਂ ਨੂੰ ਸਾਢੇ ਸੱਤ ਸੌ ਦੇ ਕਰੀਬ ਕਿਸਾਨ ਸ਼ਹੀਦ ਕਰਾਉਣੇ ਪਏ। ਇਸ ਸੰਘਰਸ਼ ਵਿੱਚ ਭਾਗ ਲੈ ਰਹੇ ਕਿਸਾਨਾਂ ਤੋਂ ਬਿਨਾ ਕਲਾਕਾਰਾਂ, ਲੇਖਕਾਂ, ਬੁੱਧੀਜੀਵੀਆਂ, ਡਾਕਟਰਾਂ , ਵਕੀਲਾਂ, ਮਜਦੂਰਾਂ, ਵਿਉਪਾਰੀਆਂ, ਯੂਨੀਵਰਸਟੀ ਦੇ ਵਿਦਿਆਰਥੀਆਂ, ਪਲੇਦਾਰਾਂ, ਲੋਹਾਰਾਂ, ਤਰਖਾਣਾਂ, ਦੁਕਾਨਦਾਰਾਂ, ਮੁਲਾਜਮ ਜਥੇਬੰਦੀਆਂ ਸਮੇਤ ਇਸਤਰੀਆਂ ਦੀਆਂ ਸਾਰੀਆਂ ਜਥੇਬੰਦੀਆਂ ਸਮੇਤ ਸ਼ਾਇਦ ਹੀ ਕੋਈ ਵਰਗ ਬਚਿਆ ਹੋਵੇ ਜਿਸ ਨੇ ਇਸ ਕਿਸਾਨ ਸੰਘਰਸ਼ ਵਿੱਚ ਭਾਗ ਨਾ ਲਿਆ ਹੋਵੇ। ਇਸੇ ਕਰਕੇ ਇਹ ਸੰਘਰਸ਼ ਭਾਰਤ ਦੇ ਕਿਸਾਨਾਂ ਦਾ ਅੰਦੋਲਨ ਨਾ ਰਹਿ ਕੇ ਸਾਰੇ ਸੰਸਾਰ ਦੇ ਹਰ ਵਰਗ ਦਾ ਜਨ ਅੰਦੋਲਨ ਬਣ ਗਿਆ ਸੀ ।ਜਿਸ ਦਾ ਅਸਰ ਇਹ ਹੋਇਆ ਕਿ ਉਹ ਹੀ ਮੋਦੀ ਜਿਸ ਬਾਰੇ ਕਈ ਪ੍ਰਕਾਰ ਦੇ ਚਰਚੇ ਚਲਦੇ ਸਭ ਨੇ ਸੁਣੇ ਸਨ ਕਿ ਮੋਦੀ ਦੇ ਮੂੰਹੋਂ ਕਹੀ ਗੱਲ ਵਾਪਿਸ ਨਹੀਂ ਮੁੜ੍ਹਦੀ। ਇਹ ਹੀ ਸ੍ਰੀ ਨਰਿੰਦਰ ਮੋਦੀ ਜਿਹੜਾ ਇਨਾਂ ਬਿੱਲਾਂ ਤੋਂ ਪਹਿਲਾਂ ਤਾਨਾਸ਼ਾਹੀ ਤਰੀਕੇ ਨਾਲ ਨੋਟ ਬੰਦੀ, ਐਨ ਆਰ ਸੀ, ਇਥੋਂ ਤਕ ਦੇਸ਼ ਵਿੱਚ ਰਹਿੰਦੇ 25 ਕਰੋੜ੍ਹ ਮੁਸਲਮਾਨਾਂ ਦੀਆਂ ਭਾਵਨਾਵਾਂ ਵਿਰੁੱਧ ਜੰਮੂ ਕਸ਼ਮੀਰ ਵਿੱਚ ਮਿਲੀ ਸੰਵਿਧਾਨਿਕ ਸਹੂਲਤ ਧਾਰਾ 370 ਤੇ 35 ਏ ਨੂੰ ਖਤਮ ਕਰਕੇ ਹਿਟਲਰ ਦੇ ਨਿਆਈਂ ਬਣ ਚੁੱਕਾ ਸੀ।ਦੇਸ਼ ਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਇਹੀ ਸੋਚੀ ਬੈਠਾ ਸੀ ਕਿ ਉਸ ਵਲੋਂ ਪਾਸ ਕੀਤੇ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਵੀ ਹੁਣ ਮੋੜਣ ਵਾਲਾ ਭਾਰਤ ਵਿੱਚ ਕੋਈ ਨਹੀਂ ਬਚਿਆ ਹੋਵੇਗਾ ।ਪਰ ਉਸ ਦਾ ਇਹ ਵੱਡਾ ਸਾਰਾ ਵਹਿਮ, ਭਰਮ ਵੀ ਨਿਕਲ ਗਿਆ ਕਿ ਜਦੋਂ ਪੰਜਾਬ ਦੇ ਕਿਸਾਨਾਂ ਨੇ ਸੰਘਰਸ਼ ਦੀ ਅਗਵਾਈ ਕੀਤੀ ਤੇ ਫਿਰ ਉਸ ਵਿੱਚ ਹਰਿਆਣਾ ਸਮੇਤ ਸਮੁੱਚੇ ਭਾਰਤ ਦੇ ਕਿਸਾਨਾਂ ਨੇ ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਇਕ ਸਾਲ ਤੋਂ ਵਧੇਰੇ ਸਮੇਂ ਦਾ ਜੋਰਦਾਰ ਸੰਘਰਸ਼ ਕਰਕੇ ਇਸੇ ਮੋਦੀ ਨੂੰ ਇਥੋਂ ਤਕ ਮਜਬੂਰ ਕਰ ਦਿੱਤਾ ਕਿ ਉਸ ਨੂੰ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜ੍ਹੇ ਵਾਲੇ ਦਿਨ ਦੇਸ਼ ਦੇ ਕਿਸਾਨਾਂ ਕੋਲੋਂ ਮੁਆਫੀ ਮੰਗਣ ਦੇ ਨਾਲ ਇਹ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਕਾਲੇ ਕਾਨੂੰਨ ਵੀ ਰੱਦ ਕਰਨੇ ਪਏ ਸਨ । ਜਿਸ ਦਾ ਕਿਸਾਨਾਂ ਸਮੇਤ ਸੰਘਰਸ਼ ਕਰ ਰਹੇ ਹਰ ਵਰਗ ਉਤੇ ਅਜਿਹਾ ਗਹਿਰਾ ਅਸਰ ਹੋਇਆ ਕਿ ਉਨਾਂ ਨੇ ਇਸ ਮੋਰਚੇ ਨੂੰ ਫਤਹਿ ਕਰਨ ਉਪੰਰਤ ਕਿਸਾਨ ਆਗੂਆਂ ਉਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਦੇਸ਼ ਦੇ ਲੋਕਾਂ ਸਮੇਤ ਕਿਸਾਨਾਂ ਨੂੰ ਰਵਾਇੱਤੀ ਪਾਰਟੀਆਂ ਤੋਂ ਮੁਕਤੀ ਦਿਵਾਉਣ ਲਈ ਕੋਈ ਹੱਲ ਲੱਭਣ।ਜਿਸ ਦੇ ਨਤੀਜੇ ਵਜੋਂ ਇਹ ਹੋਇਆ ਕਿ ਪੰਜਾਬ ਦੀਆਂ ਸੰਘਰਸ਼ ਕਰ ਰਹੀਆਂ 32 ਕਿਸਾਨ ਜਥੇਬੰਦੀਆਂ ਨੂੰ ਪੰਜਾਬ ਵਿੱਚ ਚੋਣਾਂ ਲੜਣ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਇਕ ਅਹਿਮ ਮੀਟਿੰਗ ਸੱਦਣੀ ਪਈ। ਜਿਸ ਵਿੱਚ ਕਿਸਾਨਾਂ ਦੀਆਂ ਲਗ ਭਗ ਦੋ ਦਰਜਨ ਜਥੇਬੰਦੀਆਂ ਨੇ ਭਾਗ ਲੈ ਕੇ ਫੈਸਲਾ ਕੀਤਾ ਕਿ ਉਹ ਪੰਜਾਬ ਵਿੱਚ ਕੋਈ ਨਰੋਈ ਧਿਰ ਬਣਾ ਕੇ, ਪੰਜਾਬ ਵਿੱਚ ਚੋਣਾਂ ਲੜ੍ਹ ਕੇ, ਰਵਾਇੱਤੀ ਪਾਰਟੀਆਂ ਜੋ ਕਿ ਅਕਸਰ ਤੌਰਤੇ ਲੋਕ ਵਿਰੋਧੀ ਤੇ ਪੰਜਾਬ ਨੂੰ ਚੂੰਡਣ ਵਾਲੀਆਂ ਗਲਤ ਨੀਤੀਆਂ ਬਣਾ ਕੇ ਪੰਜਾਬ ਨੂੰ ਲਗ ਭਗ ਤਿੰਨ ਲੱਖ ਕਰੋੜ੍ਹ ਦਾ ਕਰਜਾਈ ਕਰੀ ਬੈਠੀਆਂ ਹਨ। ਉਨਾਂ ਤੋਂ ਛੁਟਕਾਰਾ ਤੇ ਮੁੱਕਤੀ ਦਿਵਾਉਣਗੇ। ਇਕੱਠੀਆਂ ਹੋਈਆਂ ਜਥੇਬੰਦੀਆਂ ਸਿਰਫ ਕਿਸਾਨਾਂ ਦਾ ਨਹੀਂ ਬਲਕਿ ਸਾਰੇ ਵਰਗਾਂ ਦਾ ਇੱਕਠਾ ਪੰਜਾਬ ਵਿੱਚ ਉਸੰਯੁਕਤ ਸਮਾਜ ਮੋਰਚੇ'' ਦਾ ਨਿਰਮਾਣ ਕੀਤਾ। ਬਾਕੀ ਬਚੀਆਂ ਅੱਠ-ਨੌਂ ਕਿਸਾਨ ਜਥੇਬੰਦੀਆਂ ਜਿਹੜੀਆਂ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਸਨ ਹੋਈਆਂ ਉਹ ਇਸ ਵਿਚਾਰ ਨਾਲ ਸਹਿਮਤ ਨਹੀਂ ਸਨ। ਕਿਉਂਕਿ ਇਨਾਂ ਜਥੇਬੰਦੀਆਂ ਦਾ ਸੰਵਿਧਾਨ ਉਨਾਂ ਨੂੰ ਕਿਸੇ ਪ੍ਰਕਾਰ ਦੀਆਂ ਚੋਣਾਂ ਲੜ੍ਹਣ ਦੀ ਆਗਿਆਂ ਨਹੀਂ ਸੀ ਦੇਂਦਾ। ਉਨਾਂ ਦਾ ਇਹ ਕਹਿਣਾ ਸੀ ਕਿ ਸਾਨੂੰ ਸਿਰਫ ਕਿਸਾਨ ਮੱਸਲੇ ਜਿਹੜੇ ਹਾਲੇ ਹੱਲ ਕਰਨ ਵਾਲੇ ਬਾਕੀ ਰਹਿੰਦੇ ਹਨ। ਇਸ ਵੱਲ ਹੀ ਧਿਆਨ ਦੇਣਾ ਚਾਹੀਦਾ ਹੈ। ਕਿਸਾਨਾਂ ਵਿੱਚ ਸਭ ਤੋਂ ਵੱਡੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਪ੍ਰਧਾਨ ਸ੍ਰ ਜੋਗਿੰਦਰ ਸਿੰਘ ਉਗਰਾਹਾਂ ਦੀ ਹੈ। ਕੁਝ ਪੱਤਰਕਾਰਾਂ ਨੇ ਸ੍ਰ ਉਗਰਾਹਾਂ ਨਾਲ ਗਲ ਬਾਤ ਕਰਦੇ ਉਨਾਂ ਤੋਂ ਪੁੱਛਿਆ ਕਿ ਕੀ ਉਨਾਂ ਦੀ ਜਥੇਬੰਦੀ ਵੋਟਾਂ ਦਾ ਬਾਈਕਾਟ ਕਰੇਗੀ? ਜਿਸ ਦਾ ਉਨਾਂ ਨਾਂਹ ਵਿੱਚ ਉੱਤਰ ਦੇਂਦਿਆ ਕਿਹਾ ਕਿ ਉਹ ਆਪਣੀ ਜਥੇਬੰਦੀ ਦੇ ਮੈਂਬਰਾਂ ਨੂੰ ਵੋਟ ਪਾਉਣ ਤੋਂ ਮਨਾ ਨਹੀਂ ਕਰਨਗੇ ਜਿਥੇ ਉਹ ਚਾਹੁੰਣ ਵੋਟ ਪਾ ਸਕਦੇ ਹਨ। ਸ੍ਰ ਉਗਰਾਹਾਂ ਨੇ ਪੱਤਰਕਾਰਾਂ ਨੂੰ ਹੋਰ ਕਿਹਾ ਕਿ ਜਿਹੜੇ ਕਿਸਾਨ ਆਗੂ ਚੋਣਾਂ ਲੜ੍ਹ ਰਹੇ ਹਨ ਸਾਡੇ ਸੰਘਰਸ਼ ਦੇ ਸਾਥੀ ਰਹੇ ਹਨ, ਬੜੇ ਚੰਗੇ ਸਾਥੀ ਹਨ ਅਸੀ ਸਾਰਿਆਂ ਨੇ ਰੱਲ ਕੇ ਕਿਸਾਨ ਵਿਰੋਧੀ ਕਾਨੂੰਨ ਹੈਂਕੜ੍ਹਬਾਜ ਮੋਦੀ ਕੋਲੋਂ ਰੱਦ ਕਰਵਾਏ ਹਨ। ਆਪੇ ਚੋਣ ਦੰਗਲ ਲੜ੍ਹ ਕੇ ਵਾਪਿਸ ਧਾਰਾ ਵਿੱਚ ਮੁੜ੍ਹ ਆਉਣਗੇ। ਉਨਾਂ ਦਾ (ਸ੍ਰ ਉਗਰਾਹਾਂ) ਦਾ ਇਹ ਫੈਸਲਾ ਬੜਾ ਸਿਆਣਪ ਭਰਿਆ ਹੈ ਕਿਉਂ ਕਿ ਲੋਕਾਂ ਨੇ ਆਖਰ ਵੋਟਾਂ ਤਾਂ ਪਾਉਣੀਆਂ ਹੀ ਹਨ। ਜੇ ਕਰ ਕਿਸਾਨਾਂ ਦੀ ਕੋਈ ਵੀ ਜਥੇਬੰਦੀ ਚੋਣ ਨਹੀਂ ਲੜ੍ਹ ਰਹੀ ਹੋਵੇਗੀ ਤਾਂ ਫਿਰ ਸੰਘਰਸ਼ ਕਰ ਰਹੇ ਕਿਸਾਨਾਂ ਕੋਲ ਹੋਰ ਕੋਈ ਬਦਲ ਨਹੀਂ ਹੋਵੇਗਾ ਜਿਸ ਨੂੰ ਆਪਣੀ ਵੋਟ ਪਾਉਣ, ਉਨਾਂ ਨੂੰ ਨਾ ਚਾਹੁੰਦੇ ਹੋਏ ਵੀ ਕਿਸੇ ਨਾ ਕਿਸੇ ਵੀ ਰਵਾਇਤੀ ਪਾਰਟੀ ਨੂੰ ਵੋਟ ਪਾਉਣ ਲਈ ਮਜਬੂਰ ਹੋਣਾ ਪਵੇਗਾ।ਬਹੁਤ ਸਾਰੇ ਜਾਗ੍ਰਿਤ ਰਾਜਸੀ ਚਿੰਤਕਾਂ ਦਾ ਕਹਿਣਾ ਹੈ ਕਿ ਕਿਸਾਨ ਜਥੇਬੰਦੀ ਵਲੋਂ ਚੋਣ ਲੜ੍ਹਣ ਲਈ ਵਖਰਾ ਮੋਰਚਾ ਬਣਾਉਣਾ ਇਕ ਚੰਗਾ ਤੇ ਸ਼ੁਭ ਕਦਮ ਹੈ। ਜਿਹੜੀਆਂ ਹੋਰ ਕਿਸਾਨ ਜਥੇਬੰਦੀਆਂ ਚਾਹੇ ਉਹ ਕਿਰਤੀ ਕਿਸਾਨ ਯੂਨੀਅਨ ਹੈ ਜਾਂ ਫਿਰ ਕਿਸਾਨ ਯੂਨੀਅਨ ਡਕੌਂਦਾ ਹੈ ਜਾਂ ਕੋਈ ਹੋਰ ਕਿਸਾਨ ਜਥੇਬੰਦੀਆਂ ਹਨ। ਇਨਾਂ ਸਭ ਰਹਿ ਗਈਆਂ ਜਥੇਬੰਦੀਆਂ ਨੂੰ ਵੀ , ਉਗਰਾਹਾਂ ਜਥੇਬੰਦੀ ਵੀਂਗੂ ਚੋਣਾਂ ਦਾ ਬਾਈਕਾਟ ਨਹੀਂ ਕਰਨਾ ਚਾਹੀਦਾ ਇਹਨਾਂ ਨੂੰ ਵੀ ਆਪਣੀ ਜਥੇਬੰਦੀ ਦੇ ਮੈਂਬਰਾਂ ਨੂੰ ਅਜਾਦ ਕਰ ਦੇਣਾ ਚਾਹੀਦਾ ਹੈ ਕਿ ਉਹ ਆਪਣੀ ਮਰਜੀ ਨਾਲ ਜਿਸ ਨੂੰ ਚਾਹੁੰਣ ਵੋਟ ਪਾ ਸਕਦੇ ਹਨ ।ਇਸ ਨਿਰਣੇ ਨਾਲ ਕਿਸਾਨਾਂ ਨੂੰ ਹੋਰ ਰਵਾਇਤੀ ਪਾਰਟੀਆਂ ਨੂੰ ਵੋਟ ਮਿਲਣ ਦੀ ਬਜਾਏ ਸੰਯੁਕਤ ਸਮਾਜ ਮੋਰਚੇ ਨੂੰ ਮਿਲਣਗੀਆਂ।ਜਿਸ ਤਰਾਂ ਦਾ ਕਿਸਾਨਾਂ ਤੋਂ ਬਿਨਾ ਲੋਕਾਂ ਦੇ ਹੋਰ ਵਰਗਾਂ ਵਿੱਚ ਉਭਾਰ ਹੈ ਇਸ ਨਾਲ ਰਵਾਇਤੀ ਪਾਰਟੀਆਂ ਹਰਨਗੀਆਂ ਤੇ ਸੰਯੁਕਤ ਸਮਾਜ ਮੋਰਚੇ ਦੇ ਜਿੱਤਣ ਦਾ ਚੰਗਾ ਬਦੱਲ ਹੋਂਦ ਵਿੱਚ ਆਵੇਗਾ। ਕਿਸਾਨਾਂ ਜਥੇਬੰਦੀਆਂ ਦੀ ਸੰਘਰਸ਼ ਵਿੱਚ ਕਹੀ ਹੋਈ ਗੱਲ ਵੀ ਸਿਰੇ ਚੜ੍ਹ ਜਾਵੇਗੀ। ਜਿਸ ਨਾਲ ਜੇ ਕਰ ਫਿਰ ਮੋਦੀ ਵਿਰੁੱਧ ਸੰਘਰਸ਼ ਕਰਨ ਦੀ ਜਰੂਰਤ ਪੈਂਦੀ ਹੈ ਤਾਂ ਫਿਰ ਆਪਣੇ ਹਮ-ਦਰਦਾਂ ਸੰਯੁਕਤ ਸਮਾਜ ਮੋਰਚੇ ਦੀ ਸਰਕਾਰ ਬਣਨ ਨਾਲ ਉਨਾਂ ਨੂੰ ਹਰਿਆਣੇ ਵਾਗੂੰ ਕਿਸੇ ਸਮੇਂ ਹੋਣ ਵਾਲੇ ਸੰਘਰਸ਼ ਵਿੱਚ ਔਖਾਂ ਦਾ ਸਾਹਮਣਾ ਤਾਂ ਨਹੀਂ ਕਰਨਾ ਪਵੇਗਾ। ਡਾ ਪਿਆਰੇ ਲਾਲ ਗਰਗ ਇਕੋ ਇਕ ਰਾਜਸੀ ਚਿੰਤਕ ਨੇ ਇਕ ਟੀ ਵੀ ਚੈਨਲ ਤੇ ਇਹ ਖਦਸ਼ਾ ਜਰੂਰ ਪ੍ਰਗਟਾਇਆ ਹੈ ਕਿ ਮੋਦੀ ਨੇ ਕੁਝ ਕਿਸਾਨ ਜਥੇਬੰਦੀਆਂ ਨੂੰ ਚੋਣਾਂ ਵਿੱਚ ਧਕੇਲ ਕੇ ਉਨਾਂ ਵਿੱਚ ਫੁੱਟ ਪੁਆ ਦਿੱਤੀ ਹੈ।

ਡਾ ਗਰਗ ਦਾ ਕਹਿਣਾ ਸੀ ਕਿ ਜੇ ਕਰ ਅਗੋਂ ਕਿਸਾਨਾਂ ਨੂੰ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਤੇ ਆਪਣੀਆਂ ਰਹਿੰਦੀਆਂ ਮੰਗਾਂ ਨੂੰ ਮਨਵਾਉਣ ਲਈ ਉਸ ਵਿਰੁੱਧ ਸੰਘਰਸ਼ ਕਰਨ ਦੀ ਲੋੜ੍ਹ ਪਈ ਜਿਸ ਦੀ ਸੰਭਾਵਨਾ ਬਣੀ ਵੀ ਹੋਈ ਹੈ, ਕਿਉਂਕਿ ਕਿਸਾਨਾਂ ਦੇ ਵੱਡੇ ਮਸਲੇ ਐਮ. ਐਸ. ਪੀ. ਲੈਣੀ , ਸ਼ਹੀਦ ਹੋਏ ਕਿਸਾਨਾਂ ਨੂੰ ਮੁਆਵਜਾ ਦੁਆਉਣਾ, ਕਿਸਾਨਾਂ ਵਿਰੁੱਧ ਸਰਕਾਰ ਵਲੋਂ ਦਰਜ ਮੁਕੱਦਮੇ ਰੱਦ ਕਰਾਉਣੇ ਆਦਿ ਬੜੇ ਮਸਲੇ ਹੱਲ ਕਰਾਉਣ ਵਾਲੇ ਪਏ ਹਨ, ਉਨਾਂ ਨੂੰ ਹਲ ਕਰਾਉਣ ਲਈ ਜੇ ਸੰਘਰਸ਼ ਕਰਨਾ ਪਿਆ ਤਾਂ ਫੁੱਟ ਪੈਣ ਕਾਰਨ ਕਿਸਾਨਾਂ ਨੂੰ ਵੱਡੀ ਸਮਸਿਆ ਆਵੇਗੀ । ਸ੍ਰ ਗੁਰਤੇਜ ਸਿੰਘ ਸਾ ਆਈ ਏ ਐਸ,ਪ੍ਰੋ ਮਨਜੀਤ ਸਿੰਘ ਆਦਿ ਕਈ ਹੋਰ ਚਿੰਤਕਾਂ ਨੇ ਵੱਖ ਵੱਖ ਚੈਨਲਾਂ ਤੇ ਦਿੱਤੀ ਇੰਟਰਵੀਊ ਦੌਰਾਨ ਉਨਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੇ ਕਿਸਾਨ ਆਗੂਆਂ ਨੇ ਰੱਲ ਕੇ ਸੰਯੁਕਤ ਸਮਾਜ ਮੋਰਚਾ ਬਣਾ ਕੇ ਚੋਣਾਂ ਲੜ੍ਹਣ ਦਾ ਫੈਸਲਾ ਕੀਤਾ ਹੈ ਇਹ ਢੁੱਕਵਾਂ ਤੇ ਸਮੇਂ ਦੇ ਬਿਲਕੁਲ ਅਨੁਕੂਲ ਹੈ। ਇਸ ਦੇ ਚੰਗੇ ਨਤੀਜੇ ਨਿਕਲਣਗੇ ਕਿਉਂ ਕਿ ਪੰਜਾਬ ਦੇ ਲੋਕਾਂ ਕੋਲ ਘਟੋ ਘਟ ਹੁਣ ਰਵਾਇਤੀ ਪਾਰਟੀਆਂ ਦੀ ਥਾਂ ਤੇ ਚੰਗਾ ਬਦਲ ਤੇ ਹੋਵੇਗਾ ।

ਪੰਜਾਬ ਦਾ ਹਰ ਦੁੱਖੀ ਵੋਟਰ ਇਸ ਮੋਰਚੇ ਦੇ ਹੱਕ ਵਿੱਚ ਵੋਟਾਂ ਪਾਵੇਗਾ। ਭਾਜਪਾ, ਕਾਂਗਰਸ, ਅਕਾਲੀ ਪਾਰਟੀ ਨੂੰ ਪੰਜਾਬ ਦੇ ਲੋਕ ਪਿਛਲੇ ਸਮੇਂ ਤੋਂ ਉਨਾਂ ਦੇ ਕੰਮ ਕਾਜ ਨੂੰ ਵੇਖ ਕੇ ਉਨਾਂ ਤੋਂ ਦੁੱਖੀ ਹੋ ਚੁੱਕੇ ਹਨ। ਇਨਾਂ ਨੇ ਪੰਜਾਬ ਨੂੰ ਚੂੰਡ ਕੇ ਕਰਜਾਈ ਬਣਾ ਕੇ ਰੱਖਿਆ ਹੋਇਆ ਹੈ। ਜਿਥੋਂ ਤਕ ਆਮ ਆਦਮੀ ਪਾਰਟੀ ਦਾ ਸਬੰਧ ਹੈ। ਇਸ ਦਾ ਸੁਪਰੀਮੋ ਸ੍ਰੀ ਕੇਜਰੀਵਾਲ ਆਪ ਤਾਂ ਇਕ ਫਿਰਕੇ ਦਾ ਕਟੱੜ ਤੇ ਰ.ਸ.ਸ. ਦਾ ਬੰਦਾ ਦਸਿਆ ਜਾਂਦਾ ਹੈ। ਉਹ ਪੰਜਾਬ ਵਿਰੋਧੀ ਹੋਣ ਦੇ ਨਾਲ ਸਿੱਖ ਵਿਰੋਧੀ ਵੀ ਹੈ। ਉਸ ਦੀਆਂ ਨੀਤੀਆਂ ਭਾਜਪਾ ਪੱਖੀ ਵਾਲੀਆਂ ਹੀ ਨਜਰ ਆਉਂਦੀਆ ਹਨ। ਦਿੱਲੀ ਦੀ ਕੇਜਰੀਵਾਲ ਸਰਕਾਰ, ਦੇਸ਼ ਦੀ ਪਹਿਲੀ ਸਰਕਾਰ ਹੈ ਜਿਸ ਨੇ ਕਿਸਾਨ ਵਿਰੋਧੀ ਤਿੰਨ ਕਾਲੇ ਕਾਨੂੰਨ ਸਭ ਤੋਂ ਪਹਿਲਾਂ ਲਾਗੂ ਕੀਤੇ ਸਨ, ਪਾਣੀ ਦੇ ਮੱਸਲੇ ਤੇ ਉਸ ਨੇ ਪੰਜਾਬ ਦਾ ਹੱਕ ਹੋਣ ਦਾ ਵਿਰੋਧ ਕਰਕੇ ,ਹਰਿਆਣੇ ਦਾ ਹੱਕ ਹੋਣ ਦੀ ਵਕਾਲਤ ਕਰਨਾ, ਧਾਰਾ 370 ਤੇ 35 ਏ ਹਟਾਉਣ ਵਿਰੁਧ ਅਵਾਜ ਤਕ ਨਾ ਚੁੱਕਣਾ, ਐਨ. ਆਰ. ਸੀ. ਦੇ ਵਿਰੁੱਧ ਇਸ ਨੇ ਦਿੱਲੀ ਵਿੱਚ ਹੁੰਦਿਆ ਹੋਇਆਂ ਵੀ ਸ਼ਾਹੀਨ ਬਾਗ ਵਿੱਚ ਚੱਲ ਰਹੇ ਸੰਘਰਸ਼ ਦੀ ਮਦੱਦ ਕਰਨਾ ਤਾਂ ਕੀ ਸੀ ਉਨਾਂ ਦੇ ਚੱਲ ਰਹੇ ਧਰਨੇ ਵਿੱਚ ਸਾਮਲ ਹੋਣਾ ਵੀ ਵਾਜਬ ਨਹੀਂ ਸੀ ਸਮਝਿਆ, ਹੋਰ ਤਾਂ ਹੋਰ ਆਪਣੀ ਆਮ ਆਦਮੀ ਪਾਰਟੀ ਦੇ ਹੀ ਰਹਿ ਚੁਕੇ ਵਿਧਾਨ ਸਭਾ ਮੈਂਬਰ ਪਤੱਰਕਾਰ ਜਰਨੈਲ ਸਿੰਘ ਨੂੰ ਪਹਿਲਾਂ ਦਿੱਲੀ ਦੀ ਸਿਆਸਤ ਤੋਂ ਸ਼ਾਤਰ ਢੰਗ ਨਾਲ ਬਾਦਲ ਵਿਰੱਧ ਚੋਣ ਲੜਾ ਕੇ ਬਾਹਰ ਕੱਢਿਆ, ਫਿਰ ਉਸ ਨੂੰ ਦਿੱਲੀ ਵਿਧਾਨ ਸਭਾ ਦੀ ਚੋਣ ਲਈ ਟਿਕਟ ਨਾ ਦੇਣਾ, ਇਥੇ ਹੀ ਨਹੀਂ ਬੱਸ ਨਹੀਂ ਕਰੋਨਾ ਦੀ ਬਿਮ-ਾਰੀ ਵਿੱਚ ਦਿੱਲੀ ਦੇ ਮੁੱਖ ਮੰਤਰੀ ਹੁੰਦਿਆਂ ਜਰਨੈਲ ਸਿੰਘ ਦੇ ਪ੍ਰੀਵਾਰ ਵਲੋਂ ਬਾਰ ਬਾਰ ਮੰਗ ਕਰਨ ਤੇ ਆਕਸੀਜਨ ਦਾ ਇਕ ਸਲੰਡਰ ਨਾ ਦੇ ਕੇ ਉਸ ਦਾ ਸਿਆਸੀ ਕੱਤਲ ਕੀਤਾ ਜਾਣਾ ਆਦਿ ਹੋਰ ਬੜੀਆਂ ਉਦਾਹਰਣਾਂ ਹਨ ਜੋ ਸਾਬਤ ਕਰਦੀਆਂ ਹਨ ਕਿ ਕੇਜਰੀਵਾਲ ਮੋਦੀ ਦੀਆਂ ਨੀਤੀਆਂ ਤੇ ਚਲਣ ਵਾਲਾ ਹੈ। ਇਸ ਕਰਕੇ ਆਮ ਆਦਮੀ ਪਾਰਟੀ ਦਾ ਪੰਜਾਬ ਵਿੱਚ ਜਿੱਤਣਾ ਕਿਸੇ ਪ੍ਰਕਾਰ ਵੀ ਪੰਜਾਬ ਲਈ ਬਹੁਤਾ ਲਾਹੇਵੰਦਾ ਨਹੀਂ ਕਿਹਾ ਜਾ ਸਕਦਾ ।ਇਸ ਪਾਰਟੀ ਵਲੋਂ ਧੜਾ ਧੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਅਸੀਂ ਪੰਜਾਬ ਵਿੱਚ ਦਿੱਲੀ ਮਾਡਲ ਲਾਗੂ ਕਰਾਂਗੇ ।ਪੰਜਾਬ ਦੇ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਜਿਹੜੇ ਕੰਮ ਉਨਾਂ ਨੇ ਦਿੱਲੀ ਵਿਚ ਕੀਤੇ ਹਨ ਉਹ ਉਨਾਂ ਨੇ ਆਪਣੇ ਘਰੋਂ ਪੈਸੇ ਲਗਾ ਕੇ ਨਹੀਂ ਕੀਤੇ ਸਿਰਫ ਨੀਤੀਆਂ ਚੰਗੀਆਂ ਬਣਾ ਕੇ ਕੀਤੇ ਹਨ ਤਾਂ ਕੀ ਪੰਜਾਬ ਦੇ ਸੰਯੁਕਤ ਸਮਾਜ ਮੋਰਚੇ ਦੇ ਆਗੂ ਉਹਨਾਂ ਤੋਂ ਕਿਤੇ ਵਧੇਰੇ ਚੰਗੀਆਂ ਨੀਤੀਆਂ ਨਹੀਂ ਬਣਾ ਸਕਦੇ ? ਜਰੂਰ ਬਣਾ ਸਕਦੇ ਹਨ।ਲੋੜ੍ਹ ਤਾਂ ਸ

ਭਾਰਤ ਦਾ ਉਹ 'ਸਮਾਰਟ ਪਿੰਡ', ਜਿੱਥੇ ਵਿਦੇਸ਼ੀ ਵੀ ਆ ਕੇ ਰਹਿਣਾ ਚਾਹੁੰਦੇ ਹਨ

ਹਰਦੀਪ ਸਿੰਘ ਚੁੰਬਰ
+91-94636-01616

'ਕੌਨ ਬਣੇਗਾ ਕਰੋੜਪਤੀ' 'ਚ ਵੀ ਪਿੱਪਲਾਂਤਰੀ ਦੀ ਸ਼ਲਾਘਾ ਹੋਈ ਹੈ, ਪਿਪਲਾਂਤਰੀ ਭਾਰਤ ਦਾ ਉਹ ਪਿੰਡ ਹੈ, ਜਿਸ ਨੂੰ ਦੇਖਣ ਲਈ ਦੁਨੀਆ ਭਰ ਤੋਂ ਲੋਕ ਆਉਂਦੇ ਹਨ। ਹਾਲ ਹੀ ਵਿੱਚ ਇਸ ਪਿੰਡ ਦੇ ਸਾਬਕਾ ਸਰਪੰਚ ਕੌਨ ਬਣੇਗਾ ਕਰੋੜਪਤੀ (ਕੇਬੀਸੀ) ਵਿੱਚ ਅਮਿਤਾਭ ਬੱਚਨ ਨਾਲ ਨਜ਼ਰ ਆਏ ਸਨ।ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਸ਼ਿਆਮ ਸੁੰਦਰ ਪਾਲੀਵਾਲ ਦੇ ਕੰਮ ਦੀ ਤਾਰੀਫ਼ ਕੀਤੀ ਹੈ।ਭਾਰਤ ਦੀ ਵੱਡੀ ਆਬਾਦੀ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵੱਲ ਜਾ ਰਹੀ ਹੈ, ਕਿਉਂਕਿ ਪਿੰਡਾਂ ਵਿੱਚ ਸਹੂਲਤਾਂ ਨਹੀਂ ਹਨ। ਪਰ ਇਸ ਦੇਸ਼ ਵਿੱਚ ਕਈ ਅਜਿਹੇ ਪਿੰਡ ਹਨ ਜਿੱਥੇ ਇੱਕ ਵਾਰ ਕੋਈ ਪਹੁੰਚ ਜਾਂਦਾ ਹੈ ਤਾਂ ਉਹ ਉੱਥੇ ਜਾਣ ਬਾਰੇ ਸੋਚਦਾ ਹੈ। ਅਜਿਹਾ ਹੀ ਇੱਕ ਆਦਰਸ਼ ਭਾਵ ਮਾਡਲ ਪਿੰਡ ਰਾਜਸਥਾਨ ਵਿੱਚ ਹੈ। ਤੁਸੀਂ ਇੱਥੇ ਗੁਣ ਗਿਣਦੇ ਰਹੋਗੇ।

ਇਸ ਪਿੰਡ ਦਾ ਨਾਂ ਪਿੱਪਲਾਂਤਰੀ ਹੈ। ਗ੍ਰਾਮ ਪੰਚਾਇਤ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਨੂੰ ਮਾਡਲ ਬਣਾਉਣ ਵਿੱਚ ਕਿਸੇ ਸਰਕਾਰ ਜਾਂ ਏਜੰਸੀ ਦਾ ਹੱਥ ਨਹੀਂ ਹੈ, ਸਗੋਂ ਇੱਥੋਂ ਦੇ ਪਿੰਡ ਵਾਸੀਆਂ ਦਾ ਹੈ। ਕੁਝ ਸਾਲ ਪਹਿਲਾਂ ਤੱਕ ਇਹ ਪਿੰਡ ਵੀ ਵਿਰਾਨ ਸੀ, ਪਾਣੀ ਬਹੁਤ ਡੂੰਘਾ ਚਲਾ ਗਿਆ ਸੀ ਅਤੇ ਖੱਡਾਂ ਦੀ ਉੱਡਦੀ ਧੂੜ ਕਾਰਨ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਸੀ।ਪਰ ਹੁਣ ਦੂਰ-ਦੂਰ ਤੱਕ ਰੁੱਖ ਹਨ। ਹਰਿਆਲੀ ਇੰਨੀ ਜ਼ਿਆਦਾ ਸੀ ਕਿ ਇਸਰੋ ਦੀ ਟੀਮ ਨੇ ਇਸ ਖੇਤਰ ਨੂੰ ਅਸਮਾਨ ਤੋਂ ਵੱਖਰਾ ਦੇਖਿਆ। ਪਾਣੀ ਵੀ ਲੋਕਾਂ ਦੀ ਪਹੁੰਚ ਵਿੱਚ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹਰ ਰੋਜ਼ ਭਾਰਤ ਦੇ ਕਿਸੇ ਨਾ ਕਿਸੇ ਕੋਨੇ ਤੋਂ ਇੱਥੇ ਸੈਲਾਨੀ, ਖੋਜੀ, ਪਿੰਡ ਵਾਸੀ ਆਉਂਦੇ ਹਨ। ਇੰਨਾ ਹੀ ਨਹੀਂ ਕਈ ਵਿਦੇਸ਼ੀ ਵੀ ਇੱਥੇ ਡੇਰੇ ਲਾਈ ਬੈਠੇ ਨਜ਼ਰ ਆ ਰਹੇ ਹਨ।

ਅਰਜਨਟੀਨਾ ਦੀ ਸੋਫੀਆ, ਜੋ ਪਿਛਲੇ ਤਿੰਨ ਮਹੀਨਿਆਂ ਤੋਂ ਇਸ ਪਿੰਡ ਵਿੱਚ ਇੱਕ ਦਸਤਾਵੇਜ਼ੀ ਫਿਲਮ ਦੀ ਸ਼ੂਟਿੰਗ ਕਰ ਰਹੀ ਹੈ, ਕਹਿੰਦੀ ਹੈ, "ਮੈਂ ਇਹ ਜਾਣਨ ਲਈ ਬਹੁਤ ਉਤਸੁਕ ਹਾਂ ਕਿ ਇਸ ਪਿੰਡ ਦੀਆਂ ਔਰਤਾਂ ਦੀ ਹਾਲਤ ਇੰਨੀ ਕਿਵੇਂ ਬਦਲ ਗਈ ਹੈ ਅਤੇ ਰੁੱਖ ਅਤੇ ਪੌਦੇ ਇੱਥੋਂ ਦੇ ਲੋਕ ਕਿਵੇਂ ਬਚਾ ਰਹੇ ਹਨ। ਅਸੀਂ ਵਾਤਾਵਰਣ ਦੀ ਸੁਰੱਖਿਆ ਵਿੱਚ ਲੱਗੇ ਹੋਏ ਹਾਂ। ਸੋਫੀਆ ਤਿੰਨ ਸਾਲ ਪਹਿਲਾਂ ਆਪਣੇ ਕੁਝ ਵਿਦਿਆਰਥੀ ਸਾਥੀਆਂ ਨਾਲ ਇੱਥੇ ਪਹਿਲੀ ਵਾਰ ਆਈ ਸੀ।ਮੁਸਕਰਾਉਂਦੇ ਹੋਏ ਸੋਫੀਆ ਕਹਿੰਦੀ ਹੈ, "ਮੈਨੂੰ ਇਸ ਪਿੰਡ ਨਾਲ ਪਿਆਰ ਹੋ ਗਿਆ ਹੈ।" ਸੋਫੀਆ ਵਰਗੇ ਦਰਜਨਾਂ ਵਿਦੇਸ਼ੀ ਹਰ ਮਹੀਨੇ ਇੱਥੇ ਆਉਂਦੇ ਹਨ। ਕੁਝ ਲੋਕ ਕਈ ਮਹੀਨੇ ਇੱਥੇ ਰਹਿ ਕੇ ਤਬਦੀਲੀ ਨੂੰ ਸਮਝਦੇ ਹਨ। ਪਿੰਡ ਵਾਸੀ ਵੀ ਆਪਣੇ ਪਿੰਡ ਦੀ ਤਰੱਕੀ ਤੋਂ ਬਹੁਤ ਖੁਸ਼ ਹਨ।

ਪਰ ਪਿਪਲੰਤਰੀ ਦੀ ਤਸਵੀਰ ਹਮੇਸ਼ਾ ਇਸ ਤਰ੍ਹਾਂ ਦੀ ਨਹੀਂ ਸੀ। ਰਾਜਸਥਾਨ ਦੇ ਹਜ਼ਾਰਾਂ ਪਿੰਡਾਂ ਵਾਂਗ ਇੱਥੇ ਵੀ ਹਾਲਾਤ ਬਦਤਰ ਸਨ। ਰਾਜਸਮੰਦ ਜ਼ਿਲ੍ਹਾ ਰਾਜਸਥਾਨ ਦੇ ਉਦੈਪੁਰ ਤੋਂ ਲਗਭਗ 75 ਕਿਲੋਮੀਟਰ ਅੱਗੇ ਹੈ। ਇਹ ਇਲਾਕਾ ਸੰਗਮਰਮਰ ਲਈ ਪੂਰੀ ਦੁਨੀਆ ਵਿੱਚ ਜਾਣਿਆ ਜਾਂਦਾ ਹੈ। ਹਾਈਵੇਅ ਦੇ ਦੋਵੇਂ ਪਾਸੇ ਸੰਗਮਰਮਰ ਦੇ ਵੱਡੇ-ਵੱਡੇ ਸ਼ੋਅਰੂਮ ਹਨ, ਇਸ ਲਈ ਤੁਸੀਂ 24 ਘੰਟੇ ਖਾਣਾਂ ਤੋਂ ਪੱਥਰਾਂ ਨਾਲ ਭਰੇ ਟਰੱਕ ਆਉਂਦੇ ਵੇਖੋਗੇ। ਇਹ ਸੰਭਵ ਹੈ ਕਿ ਰਾਜਸਮੰਦ ਸੰਗਮਰਮਰ ਦਾ ਕੋਈ ਟੁਕੜਾ ਤੁਹਾਡੀ ਰਸੋਈ ਅਤੇ ਦਫਤਰ ਵਿੱਚ ਲਗਾਇਆ ਗਿਆ ਹੋਵੇਗਾ।ਰਾਜਸਥਾਨ ਨੂੰ ਅਰਬਾਂ ਰੁਪਏ ਦੀ ਮਾਰਬਲ ਇੰਡਸਟਰੀ ਤੋਂ ਕਰੋੜਾਂ ਰੁਪਏ ਦੀ ਆਮਦਨ ਹੁੰਦੀ ਹੈ ਪਰ ਇਹ ਮਾਈਨਿੰਗ ਇਨ੍ਹਾਂ ਪਿੰਡਾਂ ਲਈ ਸਮੱਸਿਆ ਬਣ ਰਹੀ ਹੈ। ਰਾਜਸਥਾਨ ਜਾਂ ਖਣਿਜ ਸੰਪੱਤੀ ਵਾਲੇ ਦੂਜੇ ਰਾਜਾਂ ਵਾਂਗ, ਅੰਨ੍ਹੇਵਾਹ ਮਾਈਨਿੰਗ ਕਾਰਨ ਸਥਿਤੀ ਬਦਤਰ ਹੋ ਗਈ ਹੈ। ਹਰਿਆਲੀ ਅਲੋਪ ਹੋ ਗਈ ਸੀ ਅਤੇ ਲੋਕ ਰੁਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਵੱਲ ਵਧ ਰਹੇ ਸਨ। ਪਰ ਸਾਲ 2005 ਵਿੱਚ ਪੰਚਾਇਤੀ ਚੋਣਾਂ ਜਿੱਤ ਕੇ ਨਵੇਂ ਸਰਪੰਚ ਬਣੇ ਸ਼ਿਆਮ ਸੁੰਦਰ ਪਾਲੀਵਾਲ ਨੇ ਇੱਥੋਂ ਦੀ ਤਸਵੀਰ ਹੀ ਬਦਲ ਦਿੱਤੀ। ਸਭ ਤੋਂ ਪਹਿਲਾਂ ਉਸ ਨੇ ਪਿੰਡ ਦੀ ਹਜ਼ਾਰਾਂ ਏਕੜ ਸਰਕਾਰੀ ਜ਼ਮੀਨ ਖਾਲੀ ਕਰਵਾ ਕੇ ਉਸ 'ਤੇ ਰੁੱਖ ਲਾਉਣ ਦਾ ਕੰਮ ਕੀਤਾ। ਇਸ ਦੇ ਲਈ ਉਨ੍ਹਾਂ ਨੇ ਪਿੱਪਲਾਂਤਰੀ ਵਾਟਰਸ਼ੈਡ ਕਮੇਟੀ ਬਣਾਈ। ਕਮੇਟੀ ਦੇ ਸਕੱਤਰ ਅਤੇ ਸੁੰਦਰਲਾਲ ਪਾਲੀਵਾਲ ਦੇ ਸਹਿਯੋਗੀ ਭੰਵਰ ਸਿੰਘ ਸਿਸੋਦੀਆ ਗਾਓਂ ਕਨੈਕਸ਼ਨ ਨੂੰ ਦੱਸਦੇ ਹਨ, "ਮਾਈਨਿੰਗ ਕਾਰਨ ਪਿੰਡ ਲਗਭਗ ਮਰ ਗਿਆ ਸੀ, ਜੰਗਲ ਤਬਾਹ ਹੋ ਗਿਆ ਸੀ, ਪਾਣੀ ਖਤਮ ਹੋ ਗਿਆ ਸੀ, ਨੇੜੇ ਸੰਗਮਰਮਰ ਦੀਆਂ ਖਾਣਾਂ 500-800 ਫੁੱਟ ਡੂੰਘੀਆਂ ਸਨ, ਪਾਣੀ ਦੀ ਘਾਟ ਕਾਰਨ ਖੇਤੀ ਖਤਮ ਹੋ ਗਈ।ਪਾਲੀਵਾਲ ਜੀ ਦੇ ਸਰਪੰਚ ਬਣਨ ਤੋਂ ਬਾਅਦ ਸਰਕਾਰੀ ਜ਼ਮੀਨ ਖਾਲੀ ਕਰਵਾਈ ਗਈ, ਖਾਣਾਂ ਦੇ ਆਲੇ-ਦੁਆਲੇ ਚੌਂਕੀ ਬਣਾਈ ਗਈ ਅਤੇ ਬਹੁਤ ਸਾਰੇ ਦਰੱਖਤ ਲਗਾਏ ਗਏ।

ਪਿਪਲਾਂਤਰੀ ਵਿੱਚ ਹੁਣ ਤੱਕ ਕਰੀਬ 4 ਲੱਖ ਰੁੱਖ ਲਗਾਏ ਜਾ ਚੁੱਕੇ ਹਨ। ਭੰਵਰ ਸਿੰਘ ਅਨੁਸਾਰ ਜੋ ਪਾਣੀ ਕਦੇ 800 ਫੁੱਟ ਤੱਕ ਪਹੁੰਚਦਾ ਸੀ ਉਹ ਹੁਣ 40-50 ਫੁੱਟ ਤੱਕ ਹੇਠਾਂ ਆ ਗਿਆ ਹੈ। ਹਰਿਆਲੀ ਵਧਣ ਕਾਰਨ ਜੰਗਲੀ ਜਾਨਵਰ ਵਾਪਸ ਪਰਤ ਆਏ ਹਨ। ਇਸ ਦੇ ਲਈ ਪਿੰਡ ਵਿੱਚ ਸੈਂਕੜੇ ਛੋਟੇ ਡੈਮ ਬਣਾਏ ਗਏ ਹਨ। ਤਾਂ ਜੋ ਹਰ ਪਾਸੇ ਬਰਸਾਤ ਦੇ ਪਾਣੀ ਨੂੰ ਰੋਕ ਕੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕੀਤਾ ਜਾ ਸਕੇ। ਸ਼ਿਆਮਸੁੰਦਰ ਪਾਲੀਵਾਲ ਹੁਣ ਸਰਪੰਚ ਨਹੀਂ ਰਹੇ। ਪਰ ਭਾਰਤ ਦੇ ਕਈ ਰਾਜਾਂ ਦੇ ਪਿੰਡਾਂ ਦੇ ਮੁਖੀ ਅਤੇ ਸਰਪੰਚ ਉਨ੍ਹਾਂ ਤੋਂ ਇਹ ਸਿੱਖਣ ਆਉਂਦੇ ਹਨ ਕਿ ਕਿਵੇਂ ਆਪਣੇ ਬਲਬੂਤੇ ਪਿੰਡਾਂ ਦਾ ਵਿਕਾਸ ਕਰਨਾ ਹੈ। ਸਮਾਜ ਦੀ ਬਿਹਤਰੀ ਲਈ ਸਰਕਾਰੀ ਸਾਧਨਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਦਾਕਾਰ ਅਕਸ਼ੈ ਕੁਮਾਰ ਸਮੇਤ ਕਈ ਦਿੱਗਜਾਂ ਨੇ ਪਿਪਲਾਂਤਰੀ ਅਤੇ ਸ਼ਿਆਮ ਸੁੰਦਰ ਪਾਲੀਵਾਲ ਦੀ ਤਾਰੀਫ਼ ਕੀਤੀ ਹੈ। ਉਨ੍ਹਾਂ ਨੂੰ ਪਾਣੀ, ਜ਼ਮੀਨ ਅਤੇ ਜੰਗਲ ਅਤੇ ਧੀਆਂ ਨੂੰ ਬਚਾਉਣ ਲਈ ਕਈ ਸਨਮਾਨ ਵੀ ਮਿਲ ਚੁੱਕੇ ਹਨ।

ਪਿੰਡ ਵਿੱਚ ਸਭ ਤੋਂ ਵੱਡੀ ਤਬਦੀਲੀ ਔਰਤਾਂ ਦੀ ਸਥਿਤੀ ਵਿੱਚ ਆਈ ਹੈ। ਜਿਹੜੀਆਂ ਔਰਤਾਂ ਕਦੇ ਪਰਦੇ ਹੇਠ ਰਹਿੰਦੀਆਂ ਸਨ, ਹੁਣ ਉਹ ਪੰਚਾਇਤ ਵਿਚ ਜਾਂਦੀਆਂ ਹਨ। ਵਿਦੇਸ਼ੀ ਲੋਕਾਂ ਨਾਲ ਸਿਰਫ ਅੰਗਰੇਜ਼ੀ ਵਿੱਚ ਹੀ ਗੱਲ ਕਰਦਾ ਹੈ। ਆਪਣੇ ਪਿੰਡ 'ਤੇ ਮਾਣ ਹੈ। ਪਿੰਡ ਵਾਸੀ ਕਾਲਾ (40 ਸਾਲ) ਦਾ ਕਹਿਣਾ ਹੈ, "ਅਸੀਂ ਘਰੋਂ ਬਾਹਰ ਨਿਕਲਣ ਵੇਲੇ ਜ਼ਿਆਦਾਤਰ ਪਰਦੇ ਕਰਦੇ ਸੀ, ਪਰ ਮੈਂ 2005 ਤੋਂ ਪਹਿਲਾਂ ਕਦੇ ਵੀ ਵੋਟ ਨਹੀਂ ਪਾਈ। ਪਰ ਹੁਣ ਹਾਲਾਤ ਬਦਲ ਗਏ ਹਨ।"ਰੇਖਾ ਆਪਣੀ ਮਾਸੀ ਕਾਲਾ ਕੋਲ ਬੈਠੀ ਕਹਿੰਦੀ ਹੈ, "ਪਿਪਲੰਤਰੀ ਬਹੁਤ ਬਦਲ ਗਈ ਹੈ, ਹੁਣ ਲੋਕ ਸਾਡੇ ਵਰਗਾ ਬਣਨਾ ਚਾਹੁੰਦੇ ਹਨ।" ਅਸੀਂ ਵੀ ਸਾਰੇ ਯਤਨ ਕਰਦੇ ਹਾਂ ਕਿ ਪਿੰਡ ਦਾ ਅਕਸ ਇਸੇ ਤਰ੍ਹਾਂ ਬਣਿਆ ਰਹੇ।

ਪਿੰਡ ਦੇ ਹਰ ਸਿਰੇ 'ਤੇ ਬਦਲਾਅ ਅਤੇ ਤਰੱਕੀ ਨਜ਼ਰ ਆ ਰਹੀ ਹੈ। ਪਿੰਡ ਦੇ ਲਗਭਗ ਸਾਰੇ ਘਰ ਪੱਕੇ ਹਨ, ਨਾਲੀਆਂ ਪੱਕੀਆਂ ਹਨ ਅਤੇ ਹਰ ਘਰ ਵਿੱਚ 2005 ਤੋਂ ਹੀ ਪਖਾਨੇ ਹਨ। ਪਿੰਡ ਦੀ ਹਰ ਗਲੀ 'ਤੇ ਰੁੱਖ ਲਗਾਏ ਗਏ ਹਨ। ਪਿੰਡ ਦਾ ਸਰਪੰਚ ਬਦਲ ਗਿਆ ਹੈ ਪਰ ਯੋਜਨਾਵਾਂ ਅਤੇ ਤਰੱਕੀ ਉਨ੍ਹਾਂ ਦੇ ਰਾਹ 'ਤੇ ਹੈ। ਗ੍ਰਾਮ ਪੰਚਾਇਤ ਦਫ਼ਤਰ ਵਿੱਚ ਇੱਕ ਸਰਕਾਰੀ ਮੁਲਾਜ਼ਮ ਬੈਠਾ ਹੈ, ਜੋ ਪਿੰਡ ਵਾਸੀਆਂ ਨੂੰ ਸਰਕਾਰੀ ਸਕੀਮਾਂ ਲੈਣ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਦਾ ਹੈ।ਪਿੰਡ ਦੇ ਲੋਕਾਂ ਨੂੰ ਪਿੰਡ ਵਿੱਚ ਹੀ ਰੁਜ਼ਗਾਰ ਦੇਣ ਲਈ ਵੀ ਉਪਰਾਲੇ ਕੀਤੇ ਗਏ ਹਨ। ਪਿਪਲਾਂਤਰੀ ਦੇ ਆਪਣੇ ਐਲੋਵੇਰਾ ਉਤਪਾਦ ਹਨ। ਜਿਸ ਨੂੰ ਪਿੰਡ ਦੀਆਂ ਔਰਤਾਂ ਹੀ ਉਗਾਉਂਦੀਆਂ ਹਨ ਅਤੇ ਇਸ ਨੂੰ ਪ੍ਰੋਸੈਸ ਕਰਕੇ ਉਤਪਾਦ ਬਣਾਉਂਦੀਆਂ ਹਨ।

ਪਿਪਲੰਤਰੀ ਰਾਜਸਥਾਨ ਪਿੰਡ ਚ ਕੁੜੀ ਦੇ ਜਨਮ ਤੇ ਹੀ ਐਫਡੀ ਕੀਤੀ ਜਾਂਦੀ ਹੈ, ਹਰ ਕਿਸੇ ਨੂੰ ਕੰਮ ਮਿਲਦਾ ਹੈ

ਇਸ ਪਿੰਡ ਦੀ ਸਫ਼ਲਤਾ ਦੀ ਕਹਾਣੀ ਸਾਲ 2005 ਤੋਂ ਸ਼ੁਰੂ ਹੁੰਦੀ ਹੈ। ਇਸ ਸਾਲ ਹੋਈਆਂ ਪੰਚਾਇਤੀ ਚੋਣਾਂ ਵਿੱਚ ਪਿੰਡ ਦਾ ਹੀ ਇੱਕ ਨੌਜਵਾਨ ਸ਼ਿਆਮ ਸੁੰਦਰ ਪਾਲੀਵਾਲ ਪਿੰਡ ਦਾ ਸਰਪੰਚ ਚੁਣਿਆ ਗਿਆ।

ਪਿਪਲੰਤਰੀ ਰਾਜਸਥਾਨ ਦੇ ਰਾਜਸਮੰਦ ਜ਼ਿਲ੍ਹੇ ਦੀ ਇੱਕ ਪੰਚਾਇਤ ਹੈ। ਲਗਭਗ 6000 ਦੀ ਆਬਾਦੀ ਵਾਲੇ ਇਸ ਪਿੰਡ ਦੀ ਸਫਲਤਾ ਦੀ ਕਹਾਣੀ ਅੰਤਰਰਾਸ਼ਟਰੀ ਮੰਚਾਂ 'ਤੇ ਮਾਣ ਨਾਲ ਬਿਆਨ ਕੀਤੀ ਜਾਂਦੀ ਹੈ। ਪਿੰਡ ਵਿੱਚ ਏਕਤਾ ਦੀ ਮਿਸਾਲ ਇਹ ਹੈ ਕਿ ਅੱਜ ਇਸ ਪਿੰਡ ਵਿੱਚ ਹਰ ਹੱਥ ਕੰਮ ਹੈ ਅਤੇ ਹਰ ਧੀ ਲਈ ਇੱਕ ਐਫਡੀ ਯਾਨੀ ਫਿਕਸਡ ਡਿਪਾਜ਼ਿਟ ਹੈ।ਪਿੰਡ ਆਦਰਸ਼ ਪਿੰਡ ਅਤੇ ਹੁਣ ਸੈਲਾਨੀ ਪਿੰਡ ਬਣ ਗਿਆ ਹੈ।

ਸਮੱਸਿਆਵਾਂ ਦਾ ਇੱਕ ਸਮੂਹ ਸੀ

ਇਸ ਪਿੰਡ ਦੀ ਸਫ਼ਲਤਾ ਦੀ ਕਹਾਣੀ ਸਾਲ 2005 ਤੋਂ ਸ਼ੁਰੂ ਹੁੰਦੀ ਹੈ। ਇਸ ਸਾਲ ਹੋਈਆਂ ਪੰਚਾਇਤੀ ਚੋਣਾਂ ਵਿੱਚ ਪਿੰਡ ਦਾ ਹੀ ਇੱਕ ਨੌਜਵਾਨ ਸ਼ਿਆਮ ਸੁੰਦਰ ਪਾਲੀਵਾਲ ਪਿੰਡ ਦਾ ਸਰਪੰਚ ਚੁਣਿਆ ਗਿਆ। ਉਸ ਸਮੇਂ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਇਸ ਪਿੰਡ 'ਚ ਹਰ ਕਦਮ 'ਤੇ ਸਮੱਸਿਆਵਾਂ ਫੈਲ ਰਹੀਆਂ ਸਨ। ਬੇਰੁਜ਼ਗਾਰ ਨੌਜਵਾਨਾਂ ਦੀ ਫੌਜ ਨਸ਼ਿਆਂ ਵੱਲ ਜਾ ਰਹੀ ਸੀ। ਉੱਚੀ-ਨੀਵੀਂ ਪਹਾੜੀ 'ਤੇ ਵਸੇ ਇਸ ਪਿੰਡ ਵਿੱਚ ਸਿੰਚਾਈ ਦੀ ਸਹੂਲਤ ਨਾ ਹੋਣ ਕਾਰਨ ਖੇਤ ਬੰਜਰ ਹੁੰਦੇ ਜਾ ਰਹੇ ਸਨ। ਬੱਚਿਆਂ ਦੀ ਪੜ੍ਹਾਈ ਦਾ ਕੋਈ ਢੁੱਕਵਾਂ ਪ੍ਰਬੰਧ ਨਹੀਂ ਸੀ। ਸ਼ਿਆਮ ਸੁੰਦਰ ਪਾਲੀਵਾਲ ਨੇ ਸਭ ਤੋਂ ਪਹਿਲਾਂ ਪਿੰਡ ਵਿੱਚ ਪਾਣੀ ਦੀ ਸਮੱਸਿਆ ਨੂੰ ਦੂਰ ਕਰਨ ਦਾ ਫੈਸਲਾ ਕੀਤਾ ਅਤੇ ਪਿੰਡ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਬਰਸਾਤੀ ਪਾਣੀ ਇਕੱਠਾ ਕਰਨ ਲਈ ਦਰਜਨ ਦੇ ਕਰੀਬ ਥਾਵਾਂ 'ਤੇ ਤਿਆਰ ਕਰਵਾਇਆ। ਪਿੰਡ ਦੀਆਂ ਖਾਲੀ ਬੰਜਰ ਜਮੀਨਾਂ ਉੱਤੇ ਅਤੇ ਜੰਗਲਾਂ ਵਿੱਚ ਪੌਦੇ ਲਗਾਉਣ ਦਾ ਕੰਮ ਸ਼ੁਰੂ ਕੀਤਾ ਅਤੇ ਸਿੱਖਿਆ ਵਿੱਚ ਸੁਧਾਰ ਲਈ ਸਕੂਲ ਦੀਆਂ ਇਮਾਰਤਾਂ ਦੀ ਮੁਰੰਮਤ ਕਰਵਾਈ। ਜਲਦੀ ਹੀ ਪਿੰਡ ਦੀ ਤਸਵੀਰ ਬਦਲਣ ਲੱਗੀ। ਬਰਸਾਤ ਦਾ ਪਾਣੀ ਟੋਇਆਂ ਵਿੱਚ ਇਕੱਠਾ ਹੋਣ ਲੱਗਾ ਅਤੇ ਕੁਝ ਸਾਲਾਂ ਵਿੱਚ ਹੀ ਪਾਣੀ ਦਾ ਪੱਧਰ ਉੱਚਾ ਹੋਣ ਲੱਗਾ।

ਸੋਕੇ ਨਾਲ ਜੂਝ ਰਹੇ ਪਿੰਡ ਵਿੱਚ ਪਾਣੀ ਦੇ ਚਸ਼ਮੇ

ਅੱਜ ਅਜਿਹੀ ਸਥਿਤੀ ਹੈ ਕਿ ਜਿੱਥੇ ਕਦੇ ਪਾਣੀ ਦਾ ਪੱਧਰ 500 ਫੁੱਟ ਡੂੰਘਾ ਸੀ, ਅੱਜ ਉੱਥੇ ਪਾਣੀ ਦੇ ਸੈਂਕੜੇ ਚਸ਼ਮੇ ਫੁੱਟ ਰਹੇ ਹਨ। ਸ਼ਿਆਮ ਸੁੰਦਰ ਦੱਸਦੇ ਹਨ ਕਿ ਉਨ੍ਹਾਂ ਨੇ ਸਫਾਈ ਦਾ ਕੰਮ ਸ਼ੁਰੂ ਕੀਤਾ ਅਤੇ ਖੁਦ ਝਾੜੂ ਨਾਲ ਸਫਾਈ ਕਰਨੀ ਸ਼ੁਰੂ ਕਰ ਦਿੱਤੀ। ਉਸ ਨੂੰ ਦੇਖ ਕੇ ਪਿੰਡ ਦੇ ਹੋਰ ਲੋਕ ਵੀ ਸਫਾਈ ਵਿਚ ਅੱਗੇ ਆਉਣ ਲੱਗੇ। ਅਤੇ ਪਿੰਡ ਵਿੱਚ ਸਫ਼ਾਈ ਇੰਨੀ ਜ਼ਿਆਦਾ ਸੀ ਕਿ 2007 ਵਿੱਚ ਤਤਕਾਲੀ ਪ੍ਰਧਾਨ ਨੇ ਪਿੱਪਲਾਂਤਰੀ ਨੂੰ ਸਵੱਛ ਗ੍ਰਾਮ ਪੰਚਾਇਤ ਦਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਸੀ।

ਹਰ ਕਿਸੇ ਨੂੰ ਨੌਕਰੀ ਮਿਲਦੀ ਹੈ

ਪੰਜ ਸਾਲ ਬਾਅਦ ਵੀ ਸ਼ਿਆਮ ਸੁੰਦਰ ਪਿੱਪਲਾਂਤਰੀ ਦੇ ਸਰਪੰਚ ਨਹੀਂ ਬਣੇ ਪਰ ਜੋ ਵੀ ਸਰਪੰਚ ਬਣਦਾ ਹੈ, ਉਸ ਦੀ ਅਗਵਾਈ ਹੇਠ ਕੰਮ ਕਰਦਾ ਹੈ। ਸ਼ਿਆਮ ਸੁੰਦਰ ਦੱਸਦੇ ਹਨ ਕਿ ਉਨ੍ਹਾਂ ਨੇ ਪਿੰਡ ਦੀ ਖਾਲੀ ਪਈ ਜ਼ਮੀਨ 'ਤੇ ਆਂਵਲਾ ਅਤੇ ਐਲੋਵੇਰਾ ਬੀਜਣ ਦਾ ਕੰਮ ਕੀਤਾ। ਇਸ ਸਮੇਂ ਪਿੰਡ ਵਿੱਚ 25,000 ਆਂਵਲੇ ਦੇ ਦਰੱਖਤ ਹਨ। ਪੰਚਾਇਤੀ ਜ਼ਮੀਨ 'ਤੇ ਸੈਂਕੜੇ ਵਿੱਘੇ ਵਿੱਚ ਐਲੋਵੇਰਾ ਲਾਇਆ।ਇਸ ਕੰਮ ਲਈ ਔਰਤਾਂ ਦੇ ਸਵੈ-ਸਹਾਇਤਾ ਗਰੁੱਪ ਬਣਾਏ ਗਏ। ਜਦੋਂ ਐਲੋਵੇਰਾ ਦੀ ਫਸਲ ਤਿਆਰ ਹੋ ਗਈ ਤਾਂ ਪਿੰਡ ਵਿੱਚ ਹੀ ਐਲੋਵੇਰਾ ਪ੍ਰੋਸੈਸਿੰਗ ਪਲਾਂਟ ਲਗਾਇਆ ਗਿਆ। ਪਿੰਡ ਦੀਆਂ ਔਰਤਾਂ ਐਲੋਵੇਰਾ ਤੋਂ ਜੂਸ, ਕਰੀਮ ਆਦਿ ਤਿਆਰ ਕਰਕੇ ਬਾਜ਼ਾਰ ਵਿੱਚ ਵੇਚਣ ਲੱਗ ਪਈਆਂ। ਇਸ ਕਾਰਨ ਪਿੰਡ ਵਿੱਚ ਹੀ ਔਰਤਾਂ ਨੂੰ ਰੁਜ਼ਗਾਰ ਮਿਲਿਆ ਹੈ। ਸ਼ਿਆਮ ਸੁੰਦਰ ਦੱਸਦਾ ਹੈ ਕਿ ਹੁਣ ਉਹ ਆਂਵਲਾ ਪ੍ਰੋਸੈਸਿੰਗ ਪਲਾਂਟ ਅਤੇ ਬਾਂਸ ਇੰਡਸਟਰੀ ਲਗਾਉਣ ਦੀ ਤਿਆਰੀ ਕਰ ਰਿਹਾ ਹੈ। ਰਾਜਸਥਾਨ ਸਰਕਾਰ ਨੇ ਇਸ ਲਈ ਪੱਕੀ ਇਮਾਰਤ ਬਣਾਉਣ ਦਾ ਫੈਸਲਾ ਕੀਤਾ ਹੈ।

ਲੜਕੀ ਦੇ ਜਨਮ 'ਤੇ ਐਫਡੀ ਕੀਤੀ ਜਾਂਦੀ ਹੈ

ਸ਼ਿਆਮ ਸੁੰਦਰ ਪਾਲੀਵਾਲ ਨੇ ਪਿੰਡ ਵਿੱਚ ਇੱਕ ਹੋਰ ਸਕੀਮ ਸ਼ੁਰੂ ਕੀਤੀ ਹੈ। ਇੱਥੇ ਲੜਕੀ ਦੇ ਜਨਮ 'ਤੇ ਲੜਕੀ ਦੇ ਪਰਿਵਾਰਕ ਮੈਂਬਰਾਂ ਵੱਲੋਂ 51 ਬੂਟੇ ਲਗਾਏ ਜਾਂਦੇ ਹਨ ਅਤੇ ਇਹੀ ਪਰਿਵਾਰ ਉਨ੍ਹਾਂ ਦੀ ਦੇਖਭਾਲ ਕਰਦਾ ਹੈ। ਜਦੋਂ ਤੱਕ ਕੁੜੀ ਵਿਆਹ ਦੀ ਉਮਰ ਵਿੱਚ ਪਹੁੰਚਦੀ ਹੈ, ਉਦੋਂ ਤੱਕ ਪੌਦੇ ਰੁੱਖ ਬਣ ਜਾਂਦੇ ਹਨ। ਅਤੇ ਇਨ੍ਹਾਂ ਰ

ਰਾਤ 10 ਵਜੇ ਤੋਂ ਬਾਅਦ ਲੋਕਾਂ ਦੀ ਕੋਈ ਆਵਾਜਾਈ ਨਹੀਂ, ਦਫ਼ਤਰਾਂ ਵਿੱਚ 50% ਹਾਜ਼ਰੀ: ਬੰਗਾਲ ਵਿੱਚ ਕੋਵਿਡ ਦੇ ਨਵੇਂ ਨਿਯਮ

ਹਰਦੀਪ ਸਿੰਘ ਚੁੰਬਰ
+91-94636-01616

ਪੱਛਮੀ ਬੰਗਾਲ ਸਰਕਾਰ ਨੇ ਐਤਵਾਰ ਨੂੰ ਰਾਜ ਵਿੱਚ ਕੋਰੋਨਵਾਇਰਸ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧੇ ਦੇ ਵਿਚਕਾਰ ਕਈ ਸਖਤ ਤਾਲਾਬੰਦੀ ਵਰਗੇ ਉਪਾਅ ਪੇਸ਼ ਕੀਤੇ।

ਪੱਛਮੀ ਬੰਗਾਲ ਸਰਕਾਰ ਨੇ ਐਤਵਾਰ ਨੂੰ ਰਾਜ ਵਿੱਚ ਕੋਰੋਨਵਾਇਰਸ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧੇ ਅਤੇ ਆਬਾਦੀ ਦੁਆਰਾ ਕੋਵਿਡ -19 ਦੇ ਨਿਯਮਾਂ ਦੀ ਉਲੰਘਣਾ ਦੇ ਵਿਚਕਾਰ ਕਈ ਸਖਤ ਤਾਲਾਬੰਦੀ ਵਰਗੇ ਉਪਾਅ ਪੇਸ਼ ਕੀਤੇ।

ਪਾਬੰਦੀਆਂ ਦੇ ਨਵੇਂ ਸੈੱਟ ਦੇ ਅਨੁਸਾਰ, ਰਾਤ 10 ਵਜੇ ਤੋਂ ਸਵੇਰੇ 5 ਵਜੇ ਤੱਕ ਲੋਕਾਂ ਅਤੇ ਵਾਹਨਾਂ ਦੀ ਆਵਾਜਾਈ ਅਤੇ ਕਿਸੇ ਵੀ ਕਿਸਮ ਦੇ ਜਨਤਕ ਇਕੱਠਾਂ 'ਤੇ ਪਾਬੰਦੀ ਹੋਵੇਗੀ। ਸਿਰਫ਼ ਜ਼ਰੂਰੀ ਅਤੇ ਐਮਰਜੈਂਸੀ ਸੇਵਾਵਾਂ ਦੀ ਇਜਾਜ਼ਤ ਹੋਵੇਗੀ।

ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਬੰਦ ਰਹਿਣਗੀਆਂ।

"ਸੂਬੇ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਦਫ਼ਤਰਾਂ ਵਿੱਚ ਹਾਜ਼ਰੀ 50 ਪ੍ਰਤੀਸ਼ਤ ਤੱਕ ਸੀਮਤ ਕੀਤੀ ਜਾਵੇਗੀ। ਸਾਰੀਆਂ ਪ੍ਰਬੰਧਕੀ ਮੀਟਿੰਗਾਂ ਵਰਚੁਅਲ ਮੋਡ ਰਾਹੀਂ ਕੀਤੀਆਂ ਜਾਣਗੀਆਂ, "ਪੱਛਮੀ ਬੰਗਾਲ ਦੇ ਮੁੱਖ ਸਕੱਤਰ ਐਚ ਕੇ ਦਿਵੇਦੀ ਨੇ ਕਿਹਾ।

ਸਵੀਮਿੰਗ ਪੂਲ, ਸਪਾ, ਜਿੰਮ ਅਤੇ ਸੈਲੂਨ ਕੱਲ੍ਹ, 3 ਜਨਵਰੀ ਤੋਂ ਅਗਲੇ ਨੋਟਿਸ ਤੱਕ ਬੰਦ ਰਹਿਣਗੇ। ਕੱਲ੍ਹ ਤੋਂ ਚਿੜੀਆਘਰ ਅਤੇ ਸੈਰ-ਸਪਾਟਾ ਸਥਾਨ ਵੀ ਲੋਕਾਂ ਲਈ ਬੰਦ ਕਰ ਦਿੱਤੇ ਜਾਣਗੇ।

ਸਿਨੇਮਾਘਰਾਂ 'ਚ ਬੈਠਣ ਦੀ ਗਿਣਤੀ ਘਟਾ ਕੇ 50 ਫੀਸਦੀ ਕਰ ਦਿੱਤੀ ਗਈ ਹੈ।

ਸਾਰੇ ਸ਼ਾਪਿੰਗ ਮਾਲ, ਮਾਰਕੀਟ ਦੇ ਨਾਲ-ਨਾਲ ਬਾਰ ਅਤੇ ਰੈਸਟੋਰੈਂਟ ਸਿਰਫ 50 ਪ੍ਰਤੀਸ਼ਤ ਸਮਰੱਥਾ 'ਤੇ ਕੰਮ ਕਰਨਗੇ ਅਤੇ ਰਾਤ 10 ਵਜੇ ਤੱਕ ਆਪਣੇ ਸ਼ਟਰ ਘੱਟ ਕਰਨੇ ਚਾਹੀਦੇ ਹਨ।

"ਸਾਰੇ ਬਾਜ਼ਾਰਾਂ ਨੂੰ ਰੋਗਾਣੂ-ਮੁਕਤ ਕੀਤਾ ਜਾਣਾ ਚਾਹੀਦਾ ਹੈ। ਅਸੀਂ ਸਾਰੇ ਚੈਂਬਰਾਂ ਅਤੇ ਮਾਰਕੀਟ ਕਮੇਟੀਆਂ ਨੂੰ ਮੰਡੀਆਂ ਦੀ ਸਫਾਈ ਕਰਨ ਦੀ ਅਪੀਲ ਕਰਦੇ ਹਾਂ। ਕੋਵਿਡ

ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਉਦਯੋਗਾਂ 'ਤੇ ਹੈ, "ਪੱਛਮੀ ਬੰਗਾਲ ਦੇ ਮੁੱਖ ਸਕੱਤਰ ਐਚਕੇ ਦਿਵੇਦੀ ਨੇ ਕਿਹਾ। ਭੋਜਨ ਅਤੇ ਹੋਰ ਜ਼ਰੂਰੀ ਉਤਪਾਦਾਂ ਦੀ ਹੋਮ ਡਿਲੀਵਰੀ ਨੂੰ ਆਮ ਕੰਮਕਾਜੀ ਘੰਟਿਆਂ ਅਨੁਸਾਰ ਉਚਿਤ ਕੋਵਿਡ-ਉਚਿਤ ਦੇਖਭਾਲ ਅਤੇ ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਸਰਕਾਰ ਨੇ ਜਨਤਕ ਤੌਰ 'ਤੇ ਹਰ ਸਮੇਂ ਮਾਸਕ ਪਹਿਨਣ, ਸਰੀਰਕ ਦੂਰੀ ਬਣਾਈ ਰੱਖਣ ਅਤੇ ਸਿਹਤ ਅਤੇ ਸਫਾਈ ਪ੍ਰੋਟੋਕੋਲ ਦੀ ਪਾਲਣਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਪੱਛਮੀ ਬੰਗਾਲ 'ਚ ਪਿਛਲੇ ਕੁਝ ਦਿਨਾਂ ਤੋਂ ਕੋਵਿਡ-19 ਦੇ ਮਾਮਲਿਆਂ 'ਚ ਤੇਜ਼ੀ ਦੇਖਣ ਨੂੰ ਮਿਲ ਰਹੀ ਹੈ। ਸ਼ਨੀਵਾਰ ਨੂੰ, ਇਸਨੇ 4,512 ਤਾਜ਼ਾ ਸੰਕਰਮਣ ਦੀ ਰਿਪੋਰਟ ਕੀਤੀ, ਜੋ ਕਿ ਪਿਛਲੇ ਦਿਨ ਦੇ ਅੰਕੜੇ ਨਾਲੋਂ 1,061 ਵੱਧ ਹੈ, ਕੋਲਕਾਤਾ ਵਿੱਚ 2,398 ਨਵੇਂ ਕੇਸ ਹਨ।

ਪੱਛਮੀ ਬੰਗਾਲ ਵਿੱਚ ਅੱਜ ਐਲਾਨੇ ਗਏ ਸਾਰੇ ਨਵੇਂ ਕੋਵਿਡ-19 ਮਾਪਦੰਡ ਇਹ ਹਨ:

* ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸਾਰੀਆਂ ਅਕਾਦਮਿਕ ਗਤੀਵਿਧੀਆਂ ਬੰਦ ਰਹਿਣਗੀਆਂ। ਇੱਕ ਸਮੇਂ ਵਿੱਚ 50% ਕਰਮਚਾਰੀਆਂ ਦੇ ਨਾਲ ਸਿਰਫ ਪ੍ਰਬੰਧਕੀ ਗਤੀਵਿਧੀਆਂ ਦੀ ਆਗਿਆ ਹੋਵੇਗੀ।
* ਜਨਤਕ ਅਦਾਰਿਆਂ ਸਮੇਤ ਸਾਰੇ ਸਰਕਾਰੀ ਦਫ਼ਤਰ 50% ਦੇ ਨਾਲ ਕੰਮ ਕਰਨਗੇ
* ਇੱਕ ਵਾਰ 'ਤੇ ਕਰਮਚਾਰੀ। ਜਿੱਥੋਂ ਤੱਕ ਹੋ ਸਕੇ ਘਰ ਤੋਂ ਕੰਮ ਕਰਨ ਨੂੰ ਉਤਸ਼ਾਹਿਤ ਕੀਤਾ ਜਾਵੇਗਾ।
* ਸਾਰੇ ਨਿੱਜੀ ਦਫ਼ਤਰ ਅਤੇ ਅਦਾਰੇ ਇੱਕ ਸਮੇਂ ਵਿੱਚ 50% ਕਰਮਚਾਰੀਆਂ ਨਾਲ ਕੰਮ ਕਰਨਗੇ। ਜਿੱਥੋਂ ਤੱਕ ਹੋ ਸਕੇ ਘਰ ਤੋਂ ਕੰਮ ਕਰਨ ਨੂੰ ਉਤਸ਼ਾਹਿਤ ਕੀਤਾ ਜਾਵੇਗਾ।
* ਸਵੀਮਿੰਗ ਪੂਲ, ਸਪਾ, ਜਿੰਮ, ਬਿਊਟੀ ਪਾਰਲਰ, ਸੈਲੂਨ ਅਤੇ ਤੰਦਰੁਸਤੀ ਕੇਂਦਰ ਬੰਦ ਰਹਿਣਗੇ।
* ਸਾਰੇ ਮਨੋਰੰਜਨ ਪਾਰਕ, ਚਿੜੀਆਘਰ, ਸੈਲਾਨੀ ਸਥਾਨ ਬੰਦ ਰਹਿਣਗੇ।
* ਸ਼ਾਪਿੰਗ ਮਾਲ ਅਤੇ ਮਾਰਕੀਟ ਕੰਪਲੈਕਸ ਇੱਕ ਸਮੇਂ ਵਿੱਚ ਸਮਰੱਥਾ ਦੇ 50% ਤੋਂ ਵੱਧ ਅਤੇ ਰਾਤ 10 ਵਜੇ ਤੱਕ ਲੋਕਾਂ ਦੇ ਸੀਮਤ ਦਾਖਲੇ ਦੇ ਨਾਲ ਕੰਮ ਕਰ ਸਕਦੇ ਹਨ।
* ਰੈਸਟੋਰੈਂਟ ਅਤੇ ਬਾਰ ਇੱਕ ਸਮੇਂ ਵਿੱਚ 50% ਸਮਰੱਥਾ ਅਤੇ ਰਾਤ 10 ਵਜੇ ਤੱਕ ਕੰਮ ਕਰ ਸਕਦੇ ਹਨ।
* ਸਿਨੇਮਾ ਹਾਲ ਅਤੇ ਥੀਏਟਰ ਹਾਲ ਇੱਕ ਸਮੇਂ ਵਿੱਚ 50% ਬੈਠਣ ਦੀ ਸਮਰੱਥਾ ਨਾਲ ਅਤੇ ਰਾਤ 10 ਵਜੇ ਤੱਕ ਕੰਮ ਕਰ ਸਕਦੇ ਹਨ।
* ਮੀਟਿੰਗਾਂ ਅਤੇ ਕਾਨਫਰੰਸਾਂ ਨੂੰ ਇੱਕ ਸਮੇਂ ਵਿੱਚ ਵੱਧ ਤੋਂ ਵੱਧ 200 ਲੋਕਾਂ ਜਾਂ ਹਾਲ ਦੀ 50% ਬੈਠਣ ਦੀ ਸਮਰੱਥਾ, ਜੋ ਵੀ ਘੱਟ ਹੋਵੇ, ਦੀ ਇਜਾਜ਼ਤ ਦਿੱਤੀ ਜਾਵੇਗੀ।
* ਕਿਸੇ ਵੀ ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਇਕੱਠ ਲਈ ਇੱਕ ਸਮੇਂ ਵਿੱਚ 50 ਤੋਂ ਵੱਧ ਵਿਅਕਤੀਆਂ ਦੀ ਇਜਾਜ਼ਤ ਨਹੀਂ ਹੋਵੇਗੀ।
* ਵਿਆਹ ਨਾਲ ਸਬੰਧਤ ਰਸਮਾਂ ਲਈ 50 ਤੋਂ ਵੱਧ ਵਿਅਕਤੀਆਂ ਦੀ ਇਜਾਜ਼ਤ ਨਹੀਂ ਹੋਵੇਗੀ।
* ਅੰਤਿਮ ਸੰਸਕਾਰ/ਦਫ਼ਨਾਉਣ ਦੀਆਂ ਸੇਵਾਵਾਂ ਅਤੇ ਅੰਤਿਮ ਰਸਮਾਂ ਲਈ 20 ਤੋਂ ਵੱਧ ਵਿਅਕਤੀਆਂ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ।
* ਲੋਕਲ ਟਰੇਨਾਂ ਸ਼ਾਮ 7 ਵਜੇ ਤੱਕ 50% ਬੈਠਣ ਦੀ ਸਮਰੱਥਾ ਨਾਲ ਚੱਲਣਗੀਆਂ।
* ਮੈਟਰੋ ਸੇਵਾਵਾਂ ਆਮ ਕਾਰਜਸ਼ੀਲ ਸਮੇਂ ਅਨੁਸਾਰ 50% ਬੈਠਣ ਦੀ ਸਮਰੱਥਾ ਨਾਲ ਕੰਮ ਕਰਨਗੀਆਂ।
* ਰਾਤ 10 ਵਜੇ ਤੋਂ ਸਵੇਰੇ 5 ਵਜੇ ਤੱਕ ਲੋਕਾਂ ਅਤੇ ਵਾਹਨਾਂ ਦੀ ਆਵਾਜਾਈ ਅਤੇ ਕਿਸੇ ਵੀ ਕਿਸਮ ਦੇ ਜਨਤਕ ਇਕੱਠਾਂ ਦੀ ਮਨਾਹੀ ਹੋਵੇਗੀ। ਸਿਰਫ਼ ਜ਼ਰੂਰੀ ਅਤੇ ਐਮਰਜੈਂਸੀ ਸੇਵਾਵਾਂ ਦੀ ਇਜਾਜ਼ਤ ਹੋਵੇਗੀ।

ਨਵੀਂ ਆਸ ਦੀ ਕਿਰਨ ਬਿਖੇਰ ਗਿਆ 2021

ਅਰਵਿੰਦਰ ਕੌਰ ਕਾਕੜਾ (ਡਾ)

ਹਰ ਨਵੇਂ ਵਰ੍ਹੇ ਦੀ ਉਡੀਕ ਬੜੀਆਂ ਉਮੀਦਾਂ, ਆਸ਼ਾਵਾਂ ਤੇ ਉਮੰਗਾਂ ਨਾਲ ਕੀਤੀ ਜਾਂਦੀ ਹੈ ਕਿ ਇਹ ਵਰ੍ਹਾ ਮਨੁੱਖਤਾ ਲਈ ਕੁਝ ਚੰਗਾ ਲੈ ਕੇ ਆਵੇ। ਕਈ ਵਰ੍ਹੇ ਮਨੁੱਖਤਾ ਦੇ ਵਿਹੜੇ ਵਿੱਚ ਗਹਿਰੇ ਜ਼ਖ਼ਮ ਬਣ ਕੇ ਉੱਭਰ ਆਉਂਦੇ ਹਨ ਤੇ ਕਈ ਵਰ੍ਹੇ ਨਵੀਂ ਆਸ ਦੀ ਕਿਰਨ ਬਿਖੇਰਦੇ ਹਨ। ਸਮਾਂ ਤਾਂ ਆਪਣੀ ਚਾਲ ਚੱਲਦਾ ਰਹਿੰਦਾ ਹੈ, ਉਸ ਵਿਚਲੀਆਂ ਕਾਰਗੁਜ਼ਾਰੀਆਂ ਵਿੱਚੋਂ ਹੀ ਅਸੀਂ ਉਸ ਵਰ੍ਹੇ ਦਾ ਲੇਖਾ ਜੋਖਾ ਕਰਦੇ ਹਾਂ। ਲੰਘੇ ਵਰ੍ਹੇ ਵਿੱਚ ਕੀ ਕੁਝ ਪਾਇਆ ਤੇ ਕੀ ਖੋਇਆ ਇਸ ਬਾਰੇ ਸੋਚਣਾ ਜ਼ਰੂਰੀ ਹੈ। ਲੰਘਿਆ ਵਰ੍ਹਾ ਸੰਘਰਸ਼ਾਂ ਦੇ ਪਿੜ ਵਿੱਚ ਆਪਣਾ ਨਾਮ ਲਿਖਵਾ ਗਿਆ।

ਸਾਲ 2021 ਸਾਡੇ ਲਈ ਪ੍ਰੇਰਨਾਮਈ ਬਣ ਕੇ ਆਇਆ। ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਨੇ ਸਾਨੂੰ ਨਵੇਂ ਦਿਸਹੱਦੇ ਦਿਖਾਏ। ਕਿਸਾਨੀ ਅੰਦੋਲਨ ਵਿਸ਼ਵ ਦਾ ਵੱਡਾ ਅਤੇ ਲੰਬਾ ਸਮਾਂ ਲੜਿਆ ਗਿਆ ਜਮਹੂਰੀ ਤੇ ਸ਼ਾਂਤਮਈ ਅੰਦੋਲਨ ਰਿਹਾ। ਇਸ ਨੇ ਦੁਨੀਆ ਭਰ ਵਿੱਚ ਮਿਸਾਲ ਕਾਇਮ ਕੀਤੀ ਕਿ ਸ਼ਾਂਤਮਈ ਤਰੀਕੇ ਨਾਲ ਏਕਤਾ ਅਤੇ ਸੰਜਮ ਨਾਲ ਲੜੀ ਲੜਾਈ ਫ਼ਲਦਾਇਕ ਸਿੱਟੇ ਲੈ ਕੇ ਆਉਂਦੀ ਹੈ। ਇਸ ਨੇ ਇਹ ਵੀ ਦੱਸਿਆ ਕਿ ਆਪਣੇ ਏਜੰਡੇ 'ਤੇ ਟਿਕੇ ਰਹੀਏ ਤਾਂ ਸਰਕਾਰ ਤੇ ਹੋਰ ਤਾਕਤਾਂ ਅੰਦੋਲਨ ਨੂੰ ਲੀਹੋਂ ਨਹੀਂ ਲਾਹ ਸਕਦੀਆਂ। ਆਖ਼ਰ ਇਹ ਸੱਚ ਕਰ ਦਿਖਾਇਆ ਕਿ ਜੇਕਰ ਅਸੀਂ ਸ਼ਾਂਤ ਰਹੇ ਤਾਂ ਜਿੱਤਾਂਗੇ ਅਤੇ ਜੇਕਰ ਅੰਦੋਲਨ ਹਿੰਸਕ ਹੋਇਆ ਤਾਂ ਤਾਨਾਸ਼ਾਹੀ ਤਾਕਤਾਂ ਜਿੱਤਣਗੀਆਂ। ਲੰਘੇ ਸਾਲ ਨੇ ਇਹ ਵੀ ਸਬਕ ਸਿਖਾਇਆ ਕਿ ਲੋਕਤੰਤਰ ਵਿੱਚ ਲੋਕ ਵੱਡੇ ਹੁੰਦੇ ਹਨ ਅਤੇ ਜਮਹੂਰੀ ਢੰਗ ਨਾਲ ਲੜੇ ਅੰਦੋਲਨਾਂ ਅੱਗੇ ਹਾਕਮਾਂ ਨੂੰ ਝੁਕਣਾ ਹੀ ਪੈਂਦਾ ਹੈ। ਇਸ ਅੰਦੋਲਨ ਨੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਲੋਕਾਂ ਲਈ ਨਵੀਂ ਰੌਸ਼ਨੀ ਦਿਖਾਈ ਕਿ ਵੱਡੇ ਕਾਰਪੋਰੇਟ ਘਰਾਣੇ ਜੋ ਲੋਕਾਂ ਦੀ ਲੁੱਟ ਖਸੁੱਟ ਕਰ ਰਹੇ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਜਵਾਬ ਦੇਣਾ ਹੈ। ਨਵੀਆਂ ਆਰਥਿਕ ਨੀਤੀਆਂ ਨੇ ਜਿੱਥੇ ਸਮਾਜ ਅੰਦਰ ਕਾਣੀ ਵੰਡ ਨੂੰ ਹੋਰ ਵਧਾ ਦਿੱਤਾ। ਲੋਕਾਂ ਦੇ ਹੱਕਾਂ ਉੱਪਰ ਲਗਾਤਾਰ ਡਾਕੇ ਵੱਜਦੇ ਰਹੇ। ਖੇਤਰੀ ਪੱਧਰ 'ਤੇ ਭਾਵੇਂ ਇਨ੍ਹਾਂ ਨੀਤੀਆਂ ਵਿਰੁੱਧ ਆਵਾਜ਼ ਉੱਠਦੀ ਰਹੀ, ਪਰ ਦੇਸ਼ ਪੱਧਰ 'ਤੇ ਉਦਾਰੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਲੋਕਾਂ ਨੇ ਲੜ ਕੇ ਪਹਿਲਾ ਵੱਡਾ ਮੋੜਾ ਦਿੱਤਾ ਹੈ। ਲੰਘੇ ਵਰ੍ਹੇ ਦੀ ਕਾਮਯਾਬੀ ਇਹ ਵੀ ਰਹੀ ਕਿ ਇਸ ਨੇ ਚੁੱਪ ਨੂੰ ਤੋੜਿਆ ਤੇ ਪ੍ਰਤੀਰੋਧੀ ਸੁਰ ਵਿੱਚ ਉੱਭਰਿਆ। ਨਾਗਰਿਕ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਲੜਾਈ ਕਿਵੇਂ ਜਿੱਤੀ ਜਾਵੇ, ਉਸ ਲਈ ਵੀ ਇਸ ਵਰ੍ਹੇ ਲੋਕਾਂ ਨੂੰ ਕਾਫ਼ੀ ਪ੍ਰੇਰਨਾ ਮਿਲੀ। ਇਸ ਸਾਲ ਨੇ ਸੰਘਰਸ਼ਾਂ 'ਤੇ ਪੂਰਾ ਪਹਿਰਾ ਦਿੱਤਾ ਤੇ ਆਪਣੇ ਹੱਕਾਂ ਦੀ ਲੜਾਈ ਹੋਰ ਵੀ ਤੇਜ਼ ਕੀਤੀ। ਨਵੰਬਰ 2020 ਵਿੱਚ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਇਸ ਜਨ ਅੰਦੋਲਨ ਨੇ ਦੇਸ਼ ਦੇ ਹਰ ਖੇਤਰ, ਹਰ ਜਾਤ, ਹਰ ਧਰਮ ਦੇ ਲੋਕਾਂ ਨੂੰ ਜੋੜਦਿਆਂ ਏਕਤਾ ਵਿੱਚ ਅਨੇਕਤਾ ਅਤੇ ਅਨੇਕਤਾ ਵਿੱਚ ਏਕਤਾ ਦਾ ਸਬੂਤ ਦਿੱਤਾ। ਇਸ

ਅੰਦੋਲਨ ਨੂੰ ਕੁਝ ਤਾਕਤਾਂ ਨੇ ਪਾੜਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਜੋ ਲੋਕ ਸੰਘਰਸ਼ਾਂ ਵਿੱਚ ਵਿਸ਼ਵਾਸ ਰੱਖਦੇ ਰਹੇ ਉਹ ਉੱਥੇ ਡਟੇ ਰਹੇ ਤੇ ਉਨ੍ਹਾਂ ਨੇ ਅੰਦੋਲਨ ਪਾੜਨ ਵਾਲੀਆਂ ਸ਼ਕਤੀਆਂ ਵਿਰੁੱਧ ਆਪਣੀ ਲੜਾਈ ਜਾਰੀ ਰੱਖੀ ਤੇ ਅੰਦੋਲਨ ਨੂੰ ਮੁੜ ਪੈਰਾਂ 'ਤੇ ਖੜ੍ਹਾ ਕੀਤਾ। ਇਸ ਲੜਾਈ ਵਿੱਚ ਭਾਵੇਂ ਬਹੁਤ ਸਾਰੀਆਂ ਜਾਨਾਂ ਵੀ ਗਵਾਉਣੀਆਂ ਪਈਆਂ। ਲਖੀਮਪੁਰ ਦੀ ਘਟਨਾ ਨੇ ਵੀ ਸਾਰਿਆਂ ਦੇ ਦਿਲਾਂ ਨੂੰ ਹਿਲਾ ਕੇ ਰੱਖ ਦਿੱਤਾ ਤੇ ਹਕੂਮਤ ਦੇ ਕਰੂਰ ਚਿਹਰੇ ਦਾ ਵੀ ਪਰਦਾਫਾਸ਼ ਕੀਤਾ। ਅਜਿਹੀਆਂ ਕਈ ਕੌੜੀਆਂ ਯਾਦਾਂ ਇਸ ਸੰਘਰਸ਼ ਦੇ ਨਾਲ ਨਾਲ ਤੁਰਦੀਆਂ ਰਹੀਆਂ, ਪਰ ਅਖੀਰ ਵਿੱਚ ਅਸੀਂ ਆਪਣੇ ਮਕਸਦ 'ਤੇ ਪੂਰੀ ਤਰ੍ਹਾਂ ਕਾਮਯਾਬ ਹੋ ਗਏ।

ਆਪਣੀਆਂ ਹੱਕੀ ਮੰਗਾਂ ਲਈ ਫ਼ੈਸਲਾਕੁੰਨ ਯੁੱਧ ਜੋ ਪੰਜਾਬ ਤੋਂ ਬਾਅਦ ਦਿੱਲੀ ਦੀਆਂ ਸਰਹੱਦਾਂ 'ਤੇ ਚੱਲਿਆ ਉਹ ਸਾਡੇ ਸਬਰ, ਤਿਆਗ ਤੇ ਕੁਰਬਾਨੀ ਦਾ ਇਮਤਿਹਾਨ ਲੈ ਗਿਆ। ਆਖਿਰ ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਪਏ।

ਇਸ ਅੰਦੋਲਨ ਨੇ ਬਹੁਤ ਸਾਰੇ ਸਬਕ ਵੀ ਸਿਖਾਏ ਤੇ ਲੜਾਈ ਲਈ ਠੀਕ ਦਿਸ਼ਾ ਵੀ ਪ੍ਰਦਾਨ ਕੀਤੀ। ਇਸ ਨੇ ਇਹ ਦਰਸਾ ਦਿੱਤਾ ਕਿ ਸੋਚ ਸਮਝ ਕੇ ਲਿਆ ਫ਼ੈਸਲਾ ਹੀ ਠੀਕ ਹੁੰਦਾ ਹੈ। ਸਮੇਂ ਦੇ ਬੀਤਣ ਦੇ ਨਾਲ ਨਾਲ ਝੱਖੜ ਝੁਲਦੇ ਵਿੱਚ ਕਈ ਤਰ੍ਹਾਂ ਦੀਆਂ ਮੁਸੀਬਤਾਂ ਆਉਂਦੀਆਂ ਹਨ, ਪਰ ਆਪਣੇ ਨਿਸ਼ਾਨੇ 'ਤੇ ਤੁਰਦਿਆਂ ਮੰਜ਼ਿਲ ਮਿਲ ਜਾਂਦੀ ਹੈ। ਇੱਥੇ ਇਹ ਗੱਲ ਵੀ ਸਾਹਮਣੇ ਆਈ ਕਿ ਕੋਈ ਵੀ ਫ਼ੈਸਲਾ ਭਾਵੁਕਤਾ ਵਿੱਚ ਲੈਣ ਦੀ ਬਜਾਏ ਉਸ ਦੀ ਜੜ ਤੱਕ ਜਾਣਾ ਜ਼ਰੂਰੀ ਹੋ ਜਾਂਦਾ ਹੈ। ਕਈ ਵਾਰੀ ਕੀਤੇ ਫ਼ੈਸਲਿਆਂ ਵਿੱਚ ਜੋ ਕਮੀਆਂ ਰਹਿ ਗਈਆਂ ਹੁੰਦੀਆਂ ਹਨ, ਉਨ੍ਹਾਂ 'ਤੇ ਵੀ ਵਿਚਾਰ ਵਟਾਂਦਰਾ ਜ਼ਰੂਰੀ ਹੈ। ਲੋਕਾਂ ਦੇ ਮਸਲੇ ਲੋਕਾਂ ਨੂੰ ਕਿਵੇਂ ਇੱਕ ਪਲੈਟਫਾਰਮ 'ਤੇ ਇਕੱਠਾ ਕਰਦੇ ਹਨ, ਇਹ ਵੀ ਲੰਘੇ ਵਰ੍ਹੇ ਨੇ ਸਿਖਾ ਦਿੱਤਾ। ਲੋਕ ਵਿਰੋਧੀ ਨੀਤੀਆਂ ਦਾ ਡਟ ਕੇ ਕਿਵੇਂ ਮੁਕਾਬਲਾ ਕਰਨਾ ਹੈ ਤੇ ਲੋਕ ਆਵਾਜ਼ ਕਿਵੇਂ ਬਣਨਾ ਹੈ, ਅਜਿਹੀ ਸੋਝੀ ਦੇ ਪ੍ਰਤੱਖ ਦਰਸ਼ ਦਿਖਾ ਦਿੱਤੇ। ਕਿਸਾਨ ਅੰਦੋਲਨ ਦਾ ਸਮੁੱਚੇ ਦੇਸ਼ ਵਿੱਚ ਪ੍ਰਭਾਵ ਪਿਆ ਤੇ ਹਰ ਥਾਂ ਖੇਤਰੀ ਪੱਧਰ 'ਤੇ ਵੀ ਆਪਣੇ ਹੱਕਾਂ ਦੀ ਲੜਾਈ ਹੋਰ ਤੇਜ਼ ਹੋ ਗਈ।

ਅਧਿਆਪਕਾਂ, ਮੁਲਾਜ਼ਮਾਂ, ਮਜ਼ਦੂਰਾਂ ਤੇ ਹੋਰ ਵਰਗਾਂ ਦਾ ਸੰਘਰਸ਼ ਵੀ ਲੰਘੇ ਵਰ੍ਹੇ ਕਾਫ਼ੀ ਜ਼ਿਆਦਾ ਮਘਦਾ ਰਿਹਾ। ਇਸ ਨੇ ਇਹ ਵੀ ਦਿਖਾ ਦਿੱਤਾ ਕਿ ਅਸਲ ਵਿੱਚ ਰਾਜ ਸੱਤਾ ਦੀ ਤਾਕਤ ਲੋਕ ਹੁੰਦੇ ਹਨ ਤੇ ਸ਼ਕਤੀ ਨਾਲ ਜਜ਼ਬਿਆਂ ਨੂੰ ਕੁਚਲਿਆ ਨਹੀਂ ਜਾ ਸਕਦਾ। ਇਸ ਅੰਦੋਲਨ ਨੇ ਰਿਸ਼ਤਿਆਂ ਦੀ ਨਵੀਂ ਪਰਿਭਾਸ਼ਾ ਵੀ ਕਾਇਮ ਕੀਤੀ ਹੈ। ਇਸ ਨੇ ਪੰਜਾਬੀ ਸਾਹਿਤ ਅਤੇ ਸੰਗੀਤ ਨੂੰ ਨਵੇਂ ਮੁੱਦਿਆਂ ਨਾਲ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਵਿੱਚ ਨੌਜਵਾਨਾਂ ਦੀ ਹਾਜ਼ਰੀ ਨੇ ਨਵੇ ਅੰਦੋਲਨਾਂ ਦਾ ਸੁਨਹਿਰੀ ਭਵਿੱਖ ਵੀ ਦਿਖਾਇਆ। ਇਸ ਨੇ ਖੇਤਰੀ ਮੁੱਦਿਆਂ ਉੱਤੇ ਲੜਨ ਵਾਲੇ ਲੋਕਾਂ ਨੂੰ ਪਾਣੀ, ਭਾਸ਼ਾ, ਸੱਭਿਆਚਾਰ ਅਤੇ ਖੇਤਰਾਂ ਦੀਆਂ ਬਹਿਸਾਂ ਵਿੱਚੋਂ ਬਾਹਰ ਕੱਢ ਕੇ ਸਮੁੱਚੇ ਪ੍ਰਬੰਧ ਦੀ ਜੜ ਪਛਾਣਨ ਦਾ ਰਾਹ ਦੱਸਿਆ। ਪਿੰਡਾਂ ਦੇ ਲੋਕਾਂ ਨੇ ਪਹਿਲੀ ਵਾਰੀ ਵੋਟਾਂ ਮੰਗਣ ਆਏ ਨੁਮਾਇੰਦਿਆਂ ਨੂੰ ਸਵਾਲਾਂ ਵਿੱਚ ਘੇਰ ਲਿਆ।

ਭਾਵੇਂ ਮਹਿੰਗਾਈ, ਗ਼ਰੀਬੀ, ਬੇਰੁਜ਼ਗਾਰੀ ਵਿੱਚ ਵਾਧਾ ਤੇ ਕਰੋਨਾ ਵਰਗੀਆਂ ਭਿਅੰਕਰ ਬਿਮਾਰੀਆਂ ਦਾ ਭੈਅ ਲੋਕਾਂ ਉੱਪਰ ਮੰਡਰਾਉਂਦਾ ਰਿਹਾ।

ਬਹੁਤ ਸਾਰੀਆਂ ਸਮੱਸਿਆਵਾਂ ਜਿਵੇਂ ਜਾਤ, ਲਿੰਗਕ ਆਦਿ ਹਰ ਖੇਤਰ ਦੇ ਅਸਾਵੇਂਪਣ ਨੂੰ ਦਰਸਾਉਂਦੀਆਂ ਵੀ

ਕ੍ਰਾਂਤੀਜੋਤੀ ਸ਼ਵਿਤਰੀਬਾਈ ਫੁੱਲੇ 3 ਜਨਵਰੀ 1831

ਹਰਦੀਪ ਸਿੰਘ ਚੁੰਬਰ
+91-94636-01616

ਭਾਰਤੀ ਹਿੰਦੂ ਸਮਾਜ਼ ਦੇ ਘੋਰ ਵਿਰੋਧ ਦੇ ਬਾਵਜੂਦ ਮਾਤਾ ਸਵਿੱਤ੍ਰੀਬਾਈ ਫੁੱਲੇ ਨੇ ਸਮੁੱਚੀ ਇਸਤਰੀ ਜਾਤੀ ਅਤੇ ਅਛੂਤ ਸਮਾਜ ਲਈ ਅਗਰ ਵਿੱਦਿਆ ਦੇ ਦੁਆਰ ਨਾ ਖੋਲੇ ਹੁੰਦੇ ਤਾਂ ਸਮਾਜ਼ ਦੀ ਦਸ਼ਾ ਕੁੱਝ ਹੋਰ ਹੀ ਹੋਣੀ ਸੀ। ਸੋ ਮਾਤਾ ਸ਼ਵਿਤਰੀਬਾਈ ਫੁੱਲੇ ਨੂੰ ਅਧੁੱਨਿਕ ਸਮਾਜ਼ ਦੀ ਦਿਸ਼ਾਨਿਰਦੇਸ਼ਿਕ ਕਹਿਣਾ ਪੂਰਨ ਤੌਰ ਤੇ ਬਾਜਵ ਹੈ। ਉਹਨਾ ਨੇ ਹਿੰਦੂ ਸਮਾਜ ਵਿਚ ਨੀਵੀਂ ਸਮਝੀ ਜਾਣ ਵਾਲੀ ਮਾਲੀ ਜਾਤੀ, (ਅਧੁਨਿਕ ਓਬੀਸੀ) ਵਿਚ ਪੈਦਾ ਹੋਣ ਦੇ ਬਾਵਜੂਦ ਬਿਨਾਂ ਭੇਦਭਾਵ ਉਸ ਨੇ ਸਮੁੱਚੀ ਮਾਨਵ ਜਾਤੀ ਦੇ ਉਥਾਨ ਦਾ ਕੰਮ ਕੀਤਾ।

ਆਦਿ ਕਾਲ ਵਿਚ ਮੂਲ ਭਾਰਤੀ ਸਮਾਜ ਵਿਚ ਔਰਤ ਘਰ ਪ੍ਰੀਵਾਰ, ਸਮਾਜ਼ ਵਿਚ ਮਰਦ ਦੇ ਬਰਾਬਰ ਅਧਿਕਾਰ ਅਤੇ ਮਾਨ ਸਨਮਾਨ ਵਿਚ ਉੱਚਾ ਸਥਾਨ ਰਖਦੀ ਸੀ। ਤਕਰੀਬਨ 5 ਕੁ ਹਜਾਰ ਸਾਲਾਂ ਤੋ ਮੂਲ ਭਾਰਤੀ ਸਭਿਅਤਾ ਉੱਤੇ ਵਿਦੇਸ਼ੀ ਪ੍ਰਭਾਵ ਵਧਣਾ ਸੁਰੂ ਹੋਇਆ। ਉੱਚ ਸਥਾਨ ਰਖਣ ਵਾਲੀ ਨਾਰੀ ਨੂੰ ਮਰਦ ਦੇ ਪੈਰਾਂ ਵਿਚ ਹੀ ਨਹੀ-- ਉੱਸਨੂੰ ਜਾਨਵਰਾਂ ਦੇ ਬਰਾਬਰ ਕਰ ਦਿਤਾ। ਢੋਲ, ਗਵਾਰ, ਸ਼ੂਰਦ, ਪੱਛੂ ਅਤੇ ਨਾਰੀ ਨੂੰ ਗੁਲਾਮ ਰਖਣ ਦੇ ਲਿਖਤੀ ਕਿਨੋਂ ਹੀ ਕਾਨੂੰਨ ਬਣਾ ਦਿਤੇ ਅਤੇ ਸਖਤੀ ਨਾਲ ਲਾਗੂ ਵੀ ਕਰ ਦਿਤੇ। ਸ਼ੂਦਰ (ਭਾਰਤੀ ਮੂਲ ਨਿਵਾਸੀ) ਅਤੇ ਭਾਰਤੀ ਔਰਤ ਨੂੰ ਡੀਐਨਏ ਟੈਸਟ ਨੇ ਸਿੱਧ ਕਰ ਦਿਤਾ ਕਿ ਇਹ ਭਾਰਤੀ ਮੂਲ ਦੇ ਹੀ ਹਨ, ਇਹਨਾਂ ਦੇ ਵੱਖਰੇ ਡੀਐਨਏ ਵਾਲੇ ਬਾਕੀ ਲੋਕ ਵਿਦੇਸ਼ੀ ਲੋਕ ਹਨ।

ਵਿਦੇਸ਼ੀ ਲੋਕਾਂ ਨੇ ਭਾਰਤੀ ਮੂਲ ਦੇ ਲੋਕਾਂ ਨੂੰ ਗੁਲਾਮ ਬਣਾ ਉੱਹ ਦੁਰਦਸ਼ਾ ਕੀਤੀ ਜਿਸ ਦੀ ਮਿਸ਼ਾਲ ਕਿਤੋਂ ਵੀ ਦੁਨੀਆਂ ਵਿਚ ਨਹੀ ਮਿਲਦੀ। ਉੱਹਨਾਂ ਦੀ ਹਰ ਪਹਿਚਾਣ ਖਤਮ ਕਰ ਦਿਤੀ ਗਈ। ਉੱਹਨਾਂ ਕੋਲੋਂ ਜੀਵਨ ਜੀਣ ਦੇ ਸਾਰੇ ਸਾਧਨ ਖੋ ਲਏ ਗਏ। ਉੱਹਨਾਂ ਦਾ ਸਹਿਤ, ਇਤਿਹਾਸ ਜ਼ਲਾ ਦਿਤਾ ਗਿਆ। ਉੱਹਨਾਂ ਦੇ ਹਥਿਆਰ ਖੋ ਲਏ ਗਏ। ਉੱਹਨਾਂ ਦਾ ਧਨ ਖੋਹ ਲਿਆ ਗਿਆ। ਉੱਹਨਾਂ ਦੀ ਪੜ੍ਹਾਈ, ਵਿਦਿਆ ਖੋ ਉੱਹਨਾਂ ਦੀ ਅਕਲ ਨੂੰ ਸਦਾ ਸਦਾ ਲਈ ਤਾਲਾ ਲਗਾ ਦਿਤਾ ਸੀ।ਉੱਹਨਾਂ ਉੱਤੇ ਸਰੀਰਕ ਅਤੇ ਮਾਨਸਿਕ ਤੌਰ ਦੇ ਜ਼ੁੱਲਮ ਕੀਤੇ ਗਏ ਅਤੇ ਉੱਹਨਾਂ ਦੀ ਹਰ ਤਰਾਂ ਦੀ ਤਰੱਕੀ ਰੋਕ ਦਿਤੀ ਗਈ। ਉੱਹਨਾ ਦਾ ਸਭ ਕੁੱਝ ਗੁਆਚ ਗਿਆ, ਐਥੋਂ ਤਕ ਮਾਨਸਿਕ ਗੁਲਾਮ ਹੋ ਗਏ ਕਿ ਦੋਸਤ ਦੁਸਮਣ ਦੀ ਪਛਾਣ ਵੀ ਭੁਲ ਗਏ ਜਾਂ ਜਬਰਦਸਤੀ ਭੁਲਣ ਲਈ ਮਜਬੂਰ ਕਰ ਦਿਤਾ। ਭਾਰਤੀ ਲੋਕ ਆਪਣੇ ਦੇਵਣਹਾਰੇ ਦੇਵਤੇ ਭੁੱਲ ਗਏ ਉਹਨਾਂ ਦੀ ਗੁਲਾਮੀ ਦਾ ਕਾਰਨ ਬਣੇ ਦੁਸਮਣ ਦੇਵਤਿਆਂ ਨੂੰ ਆਪਣਾ ਹੀ ਦੇਵਣਹਾਰੇ ਨਹੀ ਮੰਨਣ ਲਗੇ ਲਗੋਂ ਉਹਨਾਂ ਸੁਰਖਿਆ ਅਤੇ ਮਾਣ ਸਨਮਾਨ ਲਈ ਜਾਨ ਦੀ ਬਾਜੀ ਤਕ ਲਾਉਣ ਲਗ ਪਏ, ਜੋ ਅੱਜ ਵੀ ਬਰਕਾਰ ਹੈ।

ਹਜਾਰਾਂ ਸਾਲਾਂ ਤੋਂ ਗੁਲਾਮ ਭਾਰਤੀ ਮੂਲ ਸਭਿਅਤਾ ਦੀ ਗੁਲਾਮੀ ਕਰੀਬ 268 ਬੀਸੀ ਵਿਚ ਭਾਰਤੀ ਮੂਲ ਦੇ ਸਮਰਾਟ ਮਹਾਨ ਅਸ਼ੋਕ ਨੇ ਤੋੜੀ ਸੀ। ਸਰਵ ਸਮਾਜ ਨੂੰ ਬਰਾਬਰਤਾ ਦਿਤੀ। 322 ਬੀਸੀ ਤੋਂ 180 ਬੀਸੀ ਤਕ ਪੂਰਨ ਜਨਤੰਤਰ, ਸਰਵ ਸਮਾਜ ਬਰਾਬਰਤਾ ਦੇ ਅਲੰਬਰਦਾਰ ਮੋਰੀਆ ਵੰਸ ਦੇ ਰਾਜੇ ਬਰੈਦਰਥ ਮੋਰੀਆ ਨੂੰ ਉਸ ਦੇ ਹੀ ਆਰੀਆ ਸੈਨਾਂਪਤੀ ਪੁਸ਼ਪਮਿਤਰ ਸੁੰਘ ਨੇ ਇਕ ਸੈਨਾਂ ਪ੍ਰੇਡਸਮੇ ਧੋਖੇ ਨਾਲ ਮਾਰ ਮੋਰੀਆ ਰਾਜ ਦਾ ਅੰਤ ਕਰ ਦਿਤਾ। ਫਿਰ ਤੋ ਮੂਲ ਭਾਰਤੀ ਗੁਲਾਮ ਹੋ ਗਏ।

ਬਾਬਾ ਸਾਹਿਬ ਨੇ ਵੀ ਇਹੋ ਕਿਹਾ ਸੀ ਕਿ ਭਾਰਤ ਵਿਚ ਬਹੁਤ ਗੁਰੂ, ਪੀਰ, ਪੈਗੰਬਰ ਆਏ ਪਰ ਭਾਰਤੀ ਮੂਲ ਗੁਲਾਮ ਹੀ ਰਹੇ।ਬਹੁਤ ਸ਼ਾਸਕ ਬਦਲੇ ਭਾਰਤੀ ਮੂਲ ਲੋਕਾਂ ਦੀ ਦੁਰਦਸ਼ਾ ਹੀ ਰਹੀ। ਬਹੁਤ ਸਾਰੇ ਵਪਾਰੀ ਮੁੱਗਲ, ਤੁੱਰਕ, ਡੱਚ, ਫਰਾਂਸੀਸੀ ਅਦਿ ਆਏ ਗੁਲਾਮ ਤਾਂ ਬਸ ਗੁਲਾਮ ਹੀ ਰਹੇ। ਪਰ ਵਪਾਰ ਕਰਨ ਅੰਗਰੇਜ਼ ਵੀ ਭਾਰਤ ਆਏ, ਕੁੱਝ ਇਨਸਾਫ ਅਤੇ ਇਨਸਾਨੀਅਤਵੀ ਨਾਲ ਲੈ ਆਏ।ਕਾਰਨ ਕੁੱਝ ਵੀ ਹੋਣ ਉਹਨਾਂ ਇਨਸਾਫ ਅਤੇ ਇਨਸਾਨੀਅਤ ਕਾਰਨ ਭਾਰਤੀ ਮੂਲ ਦੇ ਸਮਾਜ਼ ਨੂੰ ਕੁੱਝ ਰਾਹਤ ਮਿਲੀ।ਗੁਲਾਮ, ਭਾਰਤੀ ਮੂਲ ਦੇ ਲੋਕ ਅਤੇ ਪਹਿਲਾਂ ਤੋ ਭਾਰਤ ਵਿਚ ਆਏ ਲੋਕਾਂ ਨੂੰ ਕੁੱਝ ਹੱਦ ਤਕ ਬਰਾਬਰ ਨਜ਼ਰ ਨਾਲ ਦੇਖਿਆ, ਅਛੂਤ ਗੁਲਾਮਾਂ ਨੂੰ ਕੁੱਝ ਰਾਹਤ ਮਿਲੀ। ਆਰੀਆ ਲੋਕਾਂ ਨਾਲ ਜਿਆਦਾ ਤਰ ਵਿਦੇਸ਼ੀ ਉੱਹ ਹੀ ਭਾਰਤ ਵਿਚ ਟਿਕੇ ਜਿਹਨਾਂ ਭਾਰਤੀ ਮੂਲ ਲੋਕਾਂ ਨੂੰ ਗੁਲਾਮ ਰਖਿਆ ਜਾਂ ਗੁਲਾਮ ਰਖਣਵਿਚ ਸਹਾਇਤਾ ਕੀਤੀ। ਅੰਗਰੇਜੋ ਭਾਰਤ ਛੱਡੋ ਦਾ ਨਾਹਰਾ ਠੀਕ ਸੀ ਪਰ ਭਾਰਤ ਛੱਡੋ ਦਾ ਨਾਹਰਾ ਲਾਉਣ ਵਾਲਿਆਂ ਨੇ ਖੁਦ ਭਾਰਤੀ ਮੂਲ ਦੇ ਲੋਕਾਂ ਨੂੰ ਹਜਾਰਾਂ ਸਾਲਾਂ ਤੋਂ ਗੁਲਾਮ ਕਰ ਰਖਿਆ ਸੀ, ਇਹੋ ਮਾਨਸਿਕਤਾ ਵਾਲੇ ਲੋਕੀ ਕੀ ਅਜਾਦੀ ਦੇ ਹੱਕਦਾਰ ਬਣਦੇ ਸਨ ?

ਹਜਾਰਾਂ ਸਾਲਾਂ ਬਾਅਦ ਇਕ ਵਾਰ ਫੇਰ ਸੱਚ ਦਾ ਸੂਰਜ 19ਵੀਂ ਸਦੀ ਵਿਚ ਚੜਿਆ ਜਦੋਂ ਮਹਾਰਾਸ਼ਟਰਾ ਦੇ ਫੁੱਲੇ ਦੰਮਪਤੀ ਨੇ ਉੱਚ ਨੀਚ ਦੇ ਵਿਤਕਰੇ ਨਾਲ ਗਲ਼ ਸੜ ਤੇ ਗਰਕ ਚੁੱਕੇ ਸਮਾਜ ਵਿਚ ਸਮਤਾ, ਸਮਾਨਤਾ, ਭਾਈਚਾਰਾ ਅਤੇ ਇਨਸਾਫ ਲਿਆਣ ਲਈ ਬੀੜਾ ਚੁੱਕਿਆ। ਅਧੁਨਿਕ ਸਮਾਜ ਸਿਰਜਣਾ ਦਾ ਸ਼ਿਹਰਾ ਫੁੱਲੇ ਦੰਮਪਤੀ ਨੂੰ ਹੀ ਜਾਂਦਾ ਹੈ। ਸਾਡੇ ਸਮਾਜ਼ ਵਿਚ ਜਿਥੇ ਮਰਦ ਹਰ ਕੰਮ ਵਿਚ ਮੋਹਰੀ ਰਿਹਾ ਅਤੇ ਕਾਮਯਾਬ ਹੋਇਆ ਹੈ, ਓਥੇ ਉੱਸ ਦੀ ਕਾਮਯਾਬੀ ਦਾ ਸਿਹਰਾ ਉੱਸ ਦੀ ਜੀਵਨ ਸਾਥੀ ਔਰਤ ਜੋ ਉੱਸ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ ਉੱਸ ਨੂੰ ਹੀ ਜਾਂਦਾ ਹੈ।

ਸਵਿੱਤ੍ਰੀਬਾਈ ਫੁੱਲੇ ਕੌਣ ਸਨ?

ਮਾਲੀ ਜਾਤ ਜੋ ਹਿੰਦੂਵਾਦੀ ਭਾਰਤੀ ਸਮਾਜ ਵਿਚ ਨੀਵੀ ਜਾਤੀ ਮੰਨੀ ਜਾਂਦੀ ਹੈ, ਉੱਸ ਵਿਚ ਜੋਤੀਬਾ ਫੁੱਲੇ ਜੀ ਪੈਦਾ ਹੋਏ। ਬ੍ਰਾਹਮਣ ਹਮਜਮਾਤੀ ਦੋਸਤ ਦੇ ਵਿਆਹ ਦੌਰਾਨ ਨੀਵੀ ਜਾਤੀ ਕਾਰਨ ਮਿਲੀ ਸ਼ਰਮਨਾਕ ਨਾਮੋਸੀ ਨਾਲ ਉੱਹ ਬੁਰੀ ਤਰਾਂ ਮਾਨਸਿਕ ਤੋਰ ਤੇ ਪਤਾੜਨਾਂ ਪਿੱਛੋਂ ਹੋ ਆਪਣੀ ਪਤਨੀ ਸਵਿੱਤ੍ਰੀਬਾਈ ਫੁੱਲੇ ਨਾਲ ਸਮਾਜਿਕ ਪ੍ਰੀਵਰਤਨ ਲਈ ਜੀ ਜਾਨ ਨਾਲ ਜੁਟ ਗਏ।

ਕ੍ਰਾਂਤੀਜੋਤੀ ਮਾਤਾ ਸਵਿੱਤ੍ਰੀਬਾਈ ਫੁੱਲੇ ਜੀ ਦਾ ਜਨਮ3 ਜਨਵਰੀ, 1831, ਓਬੀਸੀ ਸਮਾਜ ਦੀ ਮਾਲੀ ਵਜੋ ਜਾਣੀ ਜਾਂਦੀ ਜਾਤੀ ਵਿਚ ਪੈਦਾ ਹੋਏ। ਅੱਜ ਅਸੀ 2022 ਵਿਚ ਉੱਨ੍ਹਾਂ ਦੇ 191ਵੇਂ ਜਨਮ ਵਰ੍ਹੇਗੰਢ ਨੂੰ ਮਨਾ ਰਹੇ ਹਾਂ। ਸਵਿੱਤ੍ਰੀਬਾਈ ਫੁੱਲੇ ਦਾ ਜਨਮ ਮਹਾਰਾਸ਼ਟਰ ਦੇ ਨਾਇਗਾਓਂ ਵਿਚ ਹੋਇਆ। ਉੱਹ ਮਾਂ ਲਕਸ਼ਮੀ ਅਤੇ ਖੰਡੋਜੀ ਨੇਵੇਸ਼ ਪਾਟਿਲ ਦੀ ਸਭ ਤੋਂ ਵੱਡੀ ਧੀ ਸੀ। 9 ਸਾਲ ਦੀ ਉੱਮਰ ਵਿਚ 1840 ਵਿਚ, ਉੱਸ ਦਾ ਵਿਆਹ 13 ਸਾਲਾ ਜੋਤੀਰਾਏ ਫੁੱਲੇ ਜੀ ਨਾਲ ਹੋਇਆ। ਜੋਤੀਬਾ ਫੁੱਲੇ ਨੇ ਉੱਨ੍ਹਾਂ ਨੂੰ ਘਰ 'ਚ ਪੜ੍ਹਾਇਆ ਅਤੇ ਉੱਨ੍ਹਾਂ ਨੂੰ ਅਧਿਆਪਕ ਬਣਨ ਲਈ ਸਿਖਲਾਈ ਦਿੱਤੀ। ਔਰਤ ਦਾ ਸਿਖਿਅਤ ਹੋਣਾ ਹਿੰਦੂ ਸਮਾਜ਼ ਵਿਚ ਪਾਪ ਮੰਨਿਆ ਜਾਂਦਾ ਸੀ। ਪਤਨੀ ਨੂੰ ਪੜ੍ਹਉਂਣਾ ਜੋਤੀਬਾ ਨੂੰ ਉੱਸ ਸਮੇ ਬਹੁਤ ਔਖੇ ਸਮੇ ਵਿਚੋਂ ਲੰਘਣਾ ਪਿਆ। ਸਮਾਜ਼ ਵਿਚ ਵਿਰੋਧ ਹੋਇਆ। ਘਰ ਵਿਚ ਵਿਰੋਧ ਹੋਈਆ, ਜੋੜੇ ਨੂੰ ਘਰ ਵਿਚੋਂ ਕਢ ਦਿਤਾ। ਜੋੜਾ ਘਰਦਿਆਂ ਤੋਂ ਵੱਖ ਇਕ ਮੁਸਲਮਾਨ ਪ੍ਰੀਵਾਰ ਨਾਲ ਇਕ ਛੱਪਰੀ ਵਿਚ ਰਹਿਣ ਲਗਾ।

ਸਵਿੱਤ੍ਰੀਬਾਈ ਫੁੱਲੇ ਨੂੰ ਭਾਰਤ ਵਿਚ ਔਰਤਾਂ ਲਈ ਸਿੱਖਿਆ ਦੇ ਮੌਕਿਆਂ ਦੀ ਬੁਨਿਆਦ ਰੱਖਣ ਦਾ ਸਿਹਰਾ ਜਾਂਦਾ ਹੈ।ਦੇਸ਼ ਦੀ ਪਹਿਲੀ ਮਹਿਲਾ ਅਧਿਆਪਕ ਵਜੋਂ ਸਤਿਕਾਰਤ ਸਥਾਨ ਹੈ।

ਭਾਰਤ ਦੀ ਪਹਿਲੀ ਸਿਖਸ਼ਤ ਨਾਰੀ ਅਤੇ ਸਕੂਲ ਅਧਿਆਪਕਾ:

ਉੱਸ ਨੇ 17 ਸਾਲ ਦੀ ਉੱਮਰ ਵਿਚ ਪੜ੍ਹਾਉਣਾ ਅਰੰਭ ਕੀਤਾ ਸੀ।ਸਵਿੱਤ੍ਰੀਬਾਈ ਫੁੱਲੇ ਨੇ ਆਪਣੇ ਸਹਿਯੋਗੀ ਫਾਤਿਮਾ ਸ਼ੇਖ ਅਤੇ ਪਤੀ ਦੇ ਜੋਤੀਬਾ ਫੁੱਲੇ ਨਾਲ ਪੁਣੇ ਦੇ ਭਿੱੜੇ ਵਾਡਾ ਵਿਚ 1848 ਵਿਚ ਪੁਣੇ ਵਿਚ ਆਜ਼ਾਦੀ ਤੋਂ ਪਹਿਲਾਂ ਭਾਰਤ ਵਿਚ ਮਹਿਲਾਵਾਂ ਦੀ ਪੜ੍ਹਾਈ ਲਈ ਪਹਿਲਾ ਸਕੂਲ ਸਥਾਪਿਤ ਕੀਤਾ। ਅਤੇ ਸਿਰਫ 9 ਵਿਦਿਆਰਥੀਆਂ ਨੇ ਹੀ ਇਸ ਸਕੂਲ ਵਿੱਚ ਦਾਖਲਾ ਲਿਆ।ਬਹੁਤ ਸਾਰੇ ਪੱਖ ਦਰਸਾਉਂਦੇ ਹਨ ਕਿ ਉਹ ਸੰਭਵ ਤੌਰ 'ਤੇ ਪਹਿਲੀ ਭਾਰਤੀ ਮਹਿਲਾ ਅਧਿਆਪਕ ਹੋਣਾ ਉਹਨਾਂ ਦਾ ਪੱਖ ਵਿਚ ਜਾਂਦਾ ਹੈ। ਆਪਣੇ ਪਤੀ ਦੇ ਨਾਲ, ਇਕ ਸਮਾਜ ਸੁਧਾਰਕ ਵੀ, ਉਸਨੇ ਲੜਕੀਆਂ ਦੇ ਲਈ 18 ਸਕੂਲ ਖੋਲ੍ਹੇ। ਦੋਵੇਂ ਹੀ ਮਹਾਰਾਸ਼ਟਰ ਦੀ ਪੁਣੇ ਵਿਚ 18 ਸਕੂਲ ਉੱਨ੍ਹਾਂ ਦੀ ਬਦੌਲਤ ਪਹਿਲੀ ਵਾਰੀ ਸੁਰੂ ਹੋਏ।

ਸਵਿੱਤ੍ਰੀਬਾਈ ਸਮੁੱਚੇ ਦੇਸ਼ ਦੇ ਮਹਾਂਨਾਇਕ ਹਨ। ਉਸ ਨੇ ਹਰ ਕੌਮ ਅਤੇ ਹਰ ਧਰਮ ਦੇ ਲੋਕਾਂਲਈ ਕੰਮ ਕੀਤਾ। ਜਦੋਂ ਸਵਿੱਤ੍ਰੀਬਾਈ ਨੇ ਲੜਕੀਆਂ ਨੂੰ ਸਿਖਾਉਣ ਦੀ ਆਦਤ ਪਾ ਲਈ, ਜਿਸ ਢੰਗ ਨਾਲ ਲੋਕ ਉਹਨਾਂ ਨੂੰ ਗੰਦਗੀ, ਚਿੱਕੜ, ਗੋਬਰ ਆਦਿ ਛੁੱਟਦੇ ਅਤੇ ਗਾਲੀਆਂ ਦਿੰਦੇ ਤੇ ਨਿੰਦਿਆ ਕਰਦੇ ਸਨ। ਸਵਿੱਤ੍ਰੀਬਾਈ ਆਪਣੀ ਬੋਰੀ ਵਿਚ ਇਕ ਸਾੜੀ ਲੈ ਕੇ ਜਾਂਦੇ ਸਨ ਅਤੇ ਸਕੂਲ ਪਹੁੰਚ ਅਤੇ ਗੰਦੀ ਕਰ ਦਿੱਤੀ ਗਈ ਸਾੜੀ ਨੂੰ ਬਦਲਦੇ। ਉਹ ਸਾਡੇ ਲਈਸਹੀ ਮਾਰਗ ਤੇ ਵਧੀਆ ਢੰਗ ਨਾਲ ਤੁਰਦੇ ਰਹਿਣ ਆਪਣੇ ਸੰਕਲਪ ਉਤੇ ਦ੍ਰਿੜ ਇਰਾਦੇ ਚਲਦੇ ਰਹਿਣ ਪ੍ਰੇਰਨਾ ਸਰੋਤ ਹਨ। 187 ਸਾਲ ਪਹਿਲਾਂ ਜਦੋਂ ਲੜਕੀਆਂ ਲਈ ਸਕੂਲ ਖੋਲ੍ਹਣ ਲਈ ਇੱਕ ਪਾਪ ਦਾ ਕੰਮ ਮੰਨਿਆ ਜਾਂਦਾ ਸੀ, ਉਸ ਨੇਕ ਰੂਹ ਨੇ ਇੱਕ ਇੱਕਲੀ ਔਰਤਨੇਮੋਢੀ ਬਣ ਸਕੂਲ ਚਲਾਉਣ ਲਈ ਦੇਸ਼ ਵਿੱਚ ਕਿੰਨੀਆਂ ਸਮਾਜਿਕ ਸਮੱਸਿਆਵਾਂ ਝੱਲ੍ਹੀਆਂ ਹੋਣਗੀਆਂ।

ਜਾਤ ਪ੍ਰਣਾਲੀ ਅਤੇ ਵਿਤਕਰੇ ਦੇ ਵਿਰੁੱਧ ਲੜਾਈ

ਸਾਵਿਤਿਰੀਬਾਈ ਫੁੱਲੇ ਨੇ ਜਾਤ ਪ੍ਰਣਾਲੀ ਦੇ ਵਿਰੁੱਧ ਲੜਾਈ ਕੀਤੀ ਅਤੇਮਾੜੇ ਹਾਲਤ ਵਿਚ ਪਹੁੰਚੇ ਲੋਕਾਂ ਦੀ ਤਰੱਕੀ ਵੱਲ ਲਿਆਣ ਦਾਕੰਮ ਕੀਤਾ। 1863 ਵਿੱਚ, ਉਨ੍ਹਾਂ ਨੇ ਵਿਧਵਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, 'ਬਾਲਹਤਿਆ ਦੀ ਰੋਕਥਾਮ ਘਰ' ਆਪਣੇ ਘਰ ਵਿੱਚ ਸੁਰੱਖਿਆ ਦਾ ਕੰਮਸ਼ੁਰੂ ਕੀਤਾ। ਉਹ ਅਤੇ ਉਨ੍ਹਾਂ ਦੇ ਪਤੀ ਨੇ ਮਰਦਾਂ ਅਤੇ ਔਰਤਾਂ ਵਿਚਕਾਰ ਬਰਾਬਰੀ ਦੀ ਲਹਿਰ ਬਣਾਉਣ ਅਤੇ ਜਾਤ ਪ੍ਰਣਾਲੀ ਦੇ ਖਿਲਾਫ ਲੜਾਈ ਕਰਨ ਲਈ ਆਪਣੀਆਂ ਜਾਨਾਂ ਨੂੰ ਸਮਰਪਿਤ ਕੀਤਾ ਅਤੇ ਸਮਾਜ਼ ਸੁਧਾਰ ਲਈ ਲੜ ਰਹੇ ਸਮਾਜ ਸੁਧਾਰਕਾਂ ਲਈ ਸ਼ਾਨਦਾਰ ਮਿਸਾਲ ਬਣੇ। ਸਾਵਿਤਿਭਾਈ ਫੁੱਲੇਆਪਣੇ ਪਤੀ ਜੋਤੀਬਾ ਦੇ ਨਾਲ, ਜਾਤ-ਵਿਰੋਧੀ ਵਿਚਾਰਧਾਰਾ ਅਤੇ ਔਰਤਾਂ ਦੇ ਅਧਿਕਾਰਾਂ ਦਾ ਪੱਕਾ ਹਿਮਾਇਤੀ ਸੀ ਸਮਾਜਕ ਸਮਾਨਤਾ, ਔਰਤਾਂ ਦੀ ਮਜ਼ਬੂਤੀ ਅਤੇ ਸ਼ੋਸ਼ਣ ਦੇ ਖਿਲਾਫ ਲੜਨਾ ਸ਼ਾਮਲ ਹੈ, ਅਤੇ ਉਹ ਭਾਰਤੀ ਆਦਿਵਾਸੀ ਅਤੇ ਮੁਸਲਮਾਨਾਂ ਦੇ ਹੱਕਾਂ ਲਈ ਵੀ ਖੜੇ ਸਨ।

ਵਿਧਵਾ ਦੇ ਬੱਚੇ ਨੂੰ ਅਪਣਾ ਕੇ ਆਪਣਾ ਨਾਮ ਦੇਣਾ

ਇਕ ਵਾਰ ਜਯੋਤੀਬਾ ਨੇ ਇਕ ਵਿਧਵਾ ਗਰਭਵਤੀ ਔਰਤ ਨੂੰ ਆਤਮ ਹੱਤਿਆ ਕਰਨ ਤੋਂ ਰੋਕਿਆ ਅਤੇ ਵਾਅਦਾ ਕੀਤਾ ਕਿ ਉਹ ਬੱਚੇ ਨੂੰ ਆਪਣਾ ਨਾਂ ਦੇਵੇਗਾ। ਜਿਵੇਂ ਹੀ ਬੱਚਾ ਪੈਦਾ ਹੋਇਆ ਸੀ, ਉਸਨੇ ਇਸਨੂੰ ਆਪਣਾ ਨਾਂ ਦਿੱਤਾ। ਸਾਵਿਤਿਭਾਈ ਨੇ ਔਰਤ ਨੂੰ ਉਸ ਦੇ ਘਰ ਰਹਿਣ ਦਿਤਾ ਅਤੇ ਗਰਭਵਤੀ ਔਰਤ ਦੀ ਸੇਵਾ ਕੀਤੀ। ਉਸ ਬੱਚੇ ਨੂੰ ਅਪਨਾਉਣ ਤੋਂ ਬਾਅਦ, ਸਵਿੱਤ੍ਰੀਬਾਈ ਅਤੇ ਜੋਤੀਬਾ ਨੇ ਉਨ੍ਹਾਂ ਦਾ ਨਾਂ ਯਸ਼ਵੰਤਰਾਓ ਰੱਖਿਆ। ਯਸ਼ਵੰਤ ਰਾਓ ਵੱਡਾ ਹੋ ਡਾਕਟਰ ਬਣਿਆ।

"ਬੱਚਾ ਸੁਰਖਿਆ ਘਰ"

ਔਰਤਾਂ ਵਿਰੁੱਧ ਹੋ ਰਹੇ ਅਤਿਆਚਾਰਾਂ ਨੂੰ ਧਿਆਨ ਵਿਚ ਰੱਖਦੇ ਹੋਏ, ਸਵਿੱਤ੍ਰੀਬਾਈ ਅਤੇ ਜੋਤੀਬਾ ਨੇ ਔਰਤਾਂ ਦੀ ਸੁਰੱਖਿਆ ਲਈ ਇਕ ਕੇਂਦਰ ਸਥਾਪਿਤ ਕੀਤਾ ਅਤੇ ਉਨ੍ਹਾਂ ਦੇ ਕੇਂਦਰ ਨੂੰ "ਬੱਚਾ ਸੁਰਖਿਆ ਘਰ" ਵਜੋਂ ਨਾਂ ਰੱਖਿਆ। ਸਵਿੱਤ੍ਰੀਬਾਈ ਨੇ ਜੋ ਔਰਤਾਂ ਬਚਿਆਂ ਨੂੰ ਜਨਮ ਦੇਣਾਂ ਚਾਹੁੰਦੀਆਂ ਸਨ, ਸਹਿਯੋਗ ਨਾਲ ਸਾਰਿਆਂ ਦੇ ਬੱਚੇ ਆਪਣੇ ਘਰ ਵਿਚ ਪੈਦਾ ਹੋਏ।ਸਵਿੱਤ੍ਰੀਬਾਈ ਕਿਸੇ ਨਾਲ ਕੋਈ ਨਸਲਵਾਦ ਜਾਂ ਜਾਤ-ਪਾਤ ਦਾ ਭੇਦਭਾਵ ਨਹੀਂ ਕਰਦੀ ਸੀ, ਉਹ ਸਾਰੀਆਂ ਗਰਭਵਤੀ ਔਰਤਾਂ ਨੂੰ ਬਰਾਬਰ ਦਾ ਇਲਾਜ ਕਰਨ ਲਈ ਸਹਿਯੋਗ ਕਰਦੀ ਸੀ। 1852 ਵਿਚ, ਸਵਿੱਤ੍ਰੀਬਿ ਨੇ ਆਪਣੀ ਸਮਾਜਿਕ ਰੁਤਬਾ ਅਤੇ ਅਧਿਕਾਰਾਂ ਵਿਚ ਔਰਤਾਂ ਵਿਚ ਜਾਗਰੂਕਤਾ ਪੈਦਾ ਕਰਨ ਵਿਚ ਮਦਦ ਲਈ ਮਹਿਲਾ ਸੇਵਾ ਮੰਡਲ ਦੀ ਸ਼ੁਰੂਆਤ ਕੀਤੀ। 1853 ਵਿੱਚ, ਗਰਭਵਤੀ ਵਿਧਵਾਵਾਂ ਲਈ ਸ਼ਰਨ ਸ਼ੁਰੂ ਕੀਤੀ। ਜਿਓਤੀਰਾਓ ਦੇ ਨਾਲ ਨਾਲ ਜੁੜੇ ਦੂਜੇ ਕਲਿਆਣ ਪ੍ਰੋਗਰਾਮਾਂ ਵਿਚ ਕਰਮਚਾਰੀਆਂ ਅਤੇ ਪੇਂਡੂ ਲੋਕਾਂ ਲਈ ਸਕੂਲ ਖੋਲ੍ਹਣਾ ਅਤੇ 52 ਫੂੱਡ ਸੈਂਟਰਾਂ ਰਾਹੀਂ ਅਨਾਜ ਰਾਹਤ ਪਹੁੰਚਾਉਣਾ ਜੋ ਬੋਰਡਿੰਗ ਸਕੂਲਾਂ ਦੇ ਤੌਰ ਤੇ ਚਲਾਇਆ ਜਾਂਦਾ ਸੀ।

ਉਸ ਵੇਲੇ ਸਮਾਜਿਕ ਸੁਰੱਖਿਆ ਦੀ ਘਾਟ ਕਾਰਨ ਔਰਤਾਂ ਉੱਤੇ ਜ਼ੁਲਮ ਕੀਤੇ ਜਾਂਦੇ ਸਨ, ਜਿਸ ਵਿਚ ਉਨ੍ਹਾਂ ਦਾ ਘਰ ਦੇ ਮੈਂਬਰਾਂ ਦੁਆਰਾ ਸ਼ਰੀਰਕ ਤੌਰ 'ਤੇ ਸ਼ੋਸ਼ਣ ਕੀਤਾ ਜਾਂਦਾ ਸੀ। ਗਰਭਵਤੀ ਔਰਤਾਂ ਨੂੰ ਕਈ ਵਾਰ ਤਲਾਕ ਦੇ ਛੱਡ ਦਿੱਤਾ ਜਾਂਦਾ ਸੀ ਅਤੇ ਇਕ ਲੜਕੀ ਦੇ ਜਨਮ ਤੋਂ ਡਰ ਕੇ ਬਹੁਤ ਸਾਰੀਆਂ ਔਰਤਾਂ ਨੇ ਖੁਦਕੁਸ਼ੀ ਕਰਨੀ ਸ਼ੁਰੂ ਕ

ਬਾਬਾ ਜੈ ਸਿੰਘ ਜੀ ਖਾਲਕਟ

ਹਰਦੀਪ ਸਿੰਘ ਚੁੰਬਰ
+91-94636-01616

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

ਉਪਰੋਕਤ ਸ਼ਬਦ ਨੂੰ ਬਾਬਾ ਜੈ ਸਿੰਘ ਖਲਕਟ ਜੀ ਜਿਹੇ ਮਹਾਨ ਸ਼ਹੀਦਾ ਨੇ ਜੀਵਨ ਕੁਰਬਾਨ ਕਰਕੇ ਜਿੰਦਾ ਵੀ ਰਖਿਆ ਸਹੀ ਵੀ ਸਿਧ ਕੀਤਾ ਹੈ। ਸਮਾਂ ਸੀ ਜਦੋਂਅਹਿਮਦ ਸ਼ਾਹ ਦੁਰਾਨੀ ਨੇ ਮਹਾਰਾਜਾ ਦੀ ਗੈਰਹਾਜ਼ਰੀ ਵਿਚ ਬਰਨਾਲਾ 'ਤੇ ਹਮਲਾ ਕੀਤਾ, ਜਦੋਂ ਰਾਜਾ ਮੂਨਕ ਵਿਚ ਸੀ। ਉਸਨੇ ਮਹਾਰਾਜਾ ਨੂੰ ਚਾਰ ਲੱਖ ਰੁਪਏ ਦੇਣ ਲਈ ਮਜਬੂਰ ਕੀਤਾ।ਜਿਸ ਵਿਚੋਂ ਸਿਰਫ ਪੰਜਾਹ ਹਜ਼ਾਰ ਰੁਪਏ ਦੀ ਅਦਾਇਗੀ ਕੀਤੀ। ਦੁਰਾਨੀ ਰਾਜਾ ਨੇ ਉਸਨੂੰ "ਰਾਜਾ" ਦੀ ਉਪਾਧੀ ਦਿੱਤੀ ਅਤੇ ਉਸਨੂੰ 727 ਪਿੰਡਾਂ ਦਾ ਖੇਤਰ ਦਿੱਤਾ। ਆਲਾ ਸਿੰਘ 57 ਸਾਲ ਦੀ ਉਮਰ ਵਿੱਚ1763 ਈ। ਵਿਚ, ਪਟਿਆਲਾ ਸ਼ਹਿਰ ਦੀ ਨੀਂਹ ਰੱਖੀ।ਉਸੇ ਸਾਲ ਉਸਨੇ ਨਨੂ ਸਿੰਘ ਸੈਣੀ ਮੁਖੀਆ ਦੀ ਅਗਵਾਈ ਹੇਠ ਦੇ ਨਾਲ ਸਰਹਿੰਦ ਅਤੇ ਇਸ ਦੇ ਨਾਲ ਲੱਗਦੇ ਇਲਕੇ ਨੂੰ ਜਿੱਤ ਲਿਆ। ਉਹਨਾ ਦੇ ਤਿੰਨਾਂ ਹੀ ਪੁੱਤਰਾਂ ਦੀ ਮੌਤ ਪਹਿਲਾਂ ਹੀ ਹੋ ਚੁੱਕੀ ਸੀ। 1765 ਵਿਚ ਇਸਨੇ ਆਪਣੇ ਪੋਤੇ ਮਹਾਰਾਜਾ ਅਮਰ ਸਿੰਘ ਨੂੰ ਗੱਦੀ ਛੱਡ ਦਿੱਤੀ।

ਹਜਾਰਾਂ ਸਾਲਾਂ ਉੱਤਰ ਭਾਰਤ ਦੇ ਪ੍ਰਾਂਤ ਦੇ ਲੋਕਾਂ ਨੇ ਮੱਧ ਏਸ਼ੀਆ ਤੋਂ ਆਉਣ ਹਮਲਾਵਰਾਂ ਦੇ ਜੁੱਲਮਾਂ ਦਾ ਬਾਕੀ ਭਾਰਤ ਦੇ ਲੋਕਾਂ ਨਾਲੋਂ ਵੱਧ ਨੁਕਸਾਨ ਉਠਾਉਣਾ ਪਿਆ ਹੈ। ਇਹ ਸਿਲਸਲਾ ਭਾਰਤ ਵਿੱਚ ਸਭ ਤੋਂ ਪਹਿਲਾ ਆਰੀਆ ਲੋਕਾਂ ਦੇ ਭਾਰਤ ਵਿੱਚ ਆਉਣ ਨਾਲ ਸੁਰੂ ਹੋਇਆ ਅਤੇ ਭਾਰਤ ਵਿੱਚ ਬਹੁਤ ਸਾਰੇ ਵਿਦੇਸ਼ੀ ਆਉਂਦੇ ਰਹੇ ਭਾਰਤ ਵਿੱਚ ਲੁੱਟ ਕਰਕੇ ਵਾਪਸ ਚਲੇ ਜਾਂਦੇ ਸਨ, ਪਰ ਹੌਲੀ ਹੌਲੀ ਉਹ ਭਾਰਤ ਵਿੱਚ ਹੀ ਪੱਕੇ ਤੌਰ ਉਤੇ ਵਸ ਗਏ। ਭਾਰਤ ਵਿੱਚ ਆਖਰੀ ਵਿਦੇਸ਼ੀ ਅੰਗਰੇਜ਼ ਸਨ ਜੋ ਸਮੁੰਦਰ ਰਹੀਂ ਦੱਖਣ ਭਾਰਤ ਵਲੋਂ ਦਾਖਲ ਹੋਏ ਸਨ ਕੋਈ 200 ਕੁ ਸੌ ਸਾਲ ਭਾਰਤ ਵਿੱਚ ਰਹਿਕੇ ਵਾਪਸ ਵੀ ਗਏ।ਅੰਗਰੇਜ਼ ਹੀ ਇੱਕ ਐਸੀ ਕੌਮ ਹੈ ਜਿਸ ਨੇ ਵਿਦੇਸ਼ਾਂ ਉਤੇ ਰਾਜ ਵੀ ਕੀਤਾ ਆਪਣਾ ਦੇਸ਼ ਵੀ ਨਹੀਂ ਛੱਡਿਆ, ਆਪਣੇ ਦੇਸ਼ ਨੂੰ ਹਮੇਸ਼ਾ ਖੁਸ਼ਹਾਲ ਬਣਾਇਆ।ਅੰਗਰੇਜ਼ ਕੌਮ ਵਿਸ਼ਵ ਦੀਆਂ ਕੌਮਾਂ ਨਾਲੋਂ ਵੱਧ ਮਾਨਵਤਾਵਾਦੀ ਅਤੇ ਡਸਿਪਲਨ ਵਾਲੀ ਕੌਮ ਹੈ। ਭਾਰਤ ਵਿੱਚ ਬਹੁਤ ਸਾਰੇ ਦੇਸ਼ੀ, ਵਿਦੇਸ਼ੀ ਵਸਦੇ ਹਨ, ਪਰ ਇੱਕ ਕੌਮ ਨਹੀ ਬਣ ਸਕੇ, ਭਾਰਤੀ ਆਪਸ ਵਿੱਚ ਦੂਜੇ ਤੋਂ ਸੁਪਰ ਕਹਾਉਣ ਦੂਜੇ ਨੂੰ ਗਿਰਾਉਣ ਵਿੱਚ ਗੁਲਤਾਨ ਹਨ।

18ਵੀਂ ਸਦੀ ਵਿੱਚ ਦੱਖਣ ਪੂਰਵ ਵਲੋਂ ਅੰਗਰੇਜ਼ ਭਾਰਤ ਵਿੱਚ ਪੈਰ ਪਸਾਰਦੇ ਆ ਰਹੇ ਸਨ। ਮੱਧ ਭਾਰਤ ਵਿੱਚ ਮਰਾਠੇ ਆਪਣੇ ਰਾਜ ਨੂੰ ਵਧਾਉਣ ਫੈਲਾਉਣ ਵਿੱਚ ਲਗੇ ਹੋਏ ਸਨ। ਉਤਰ ਵਿੱਚ ਦਿੱਲੀ ਦਾ ਮੁਗਲ ਰਾਜ ਕਮਜੋਰ ਹੋ ਚੁੱਕਾ ਸੀ। ਪੰਜਾਬ ਵਿੱਚ ਸਿੱਖ ਬਾਬਾ ਬੰਦਾ ਸਿੱਘ ਬਹਾਦਰ ਦੀ 1716 ਵਿੱਚ ਸ਼ਹਾਦਤ ਦੇ ਬਾਅਦ ਤਾਕਤ ਗੁਆ ਚੁੱਕੇ ਸਨ। ਅਫਗਾਨਿਸਤਾਨ ਦੀ ਸੱਤਾ ਉਤੇ ਅਹਿਮਦਸ਼ਾਹ ਦੁੱਰਨੀ ਦਾ ਕਬਜੇ ਹੋ ਗਿਆ ਸੀ। ਉਸ ਨੇ ਲੁੱਚ ਖਸੁਟ ਕਰਨ ਲਈ ਭਾਰਤ ਵੱਲ ਵਧਣਾ ਸੁਰੂ ਕੀਤਾ।

ਅਹਿਮਦ ਸ਼ਾਹ ਦੁੱਰਾਨੀ ਨੇ 1748 ਅਤੇ 1767 ਦੇ ਵਿਚਕਾਰ ਅੱਠ ਵਾਰ ਭਾਰਤ ਉੱਤੇ ਹਮਲਾ ਕੀਤਾ। ਨਾਦਿਰ ਸ਼ਾਹ ਦੀ ਹੱਤਿਆ ਤੋਂ ਬਾਅਦ, ਅਹਿਮਦ ਸ਼ਾਹ ਦੁੱਰਾਨੀ ਨੇ ਅਫਗਾਨਿਸਤਾਨ ਦੀ ਗੱਦੀ ਬੈਠਦਿਆਂ ਹੀ ਅਤੇ ਨੇੜਲੇ ਇਲਾਕਿਆਂ ਤੋਂ ਦੌਲਤ ਲੁੱਟਣ ਲੱਗਾ। ਉਹ ਭਾਰਤ ਵਿਚ "ਰਾਜਸੀ ਅਧਿਕਾਰ" ਸਥਾਪਤ ਕਰਨਾ ਵੀ ਚਾਹੁੰਦਾ ਸੀ। ਉਸ ਦੇ ਸਮੇਂ ਦੌਰਾਨ, ਮੁਗਲ ਸਾਮਰਾਜ ਦਾ ਢਹਿਢੇਰੀ ਹੋ ਰਿਹਾ ਸੀ ਅਤੇ ਉਹ "ਬਿਨਾਂ ਕਿਸੇ ਨੁਕਸਾਨ ਦੇ ਰਾਜਨੀਤਿਕ ਖਲਾਅ" ਨੂੰ ਭਰਨ ਲਈ " ਮੁਗਲ ਰਾਜ ਦੀਆਂ ਜੁੱਤੀਆਂ ਵਿੱਚ ਪੈਰ ਪਾਉਣ ਲਈ ਉਤਸੁਕ ਸੀ।"ਉਹ ਉਤਰੀ ਭਾਰਤ ਵਿੱਚ ਜਿੱਤ ਪਰਾਪਤ ਕਰ ਅੱਗੇ ਵਧ ਰਿਹਾ ਸੀ।

ਅਬਦੁਸ ਸਮਾਦ ਖ਼ਾਨ ਨੂੰ ਸਰਹਿੰਦ ਵਿਖੇ ਆਪਣੀ ਫ਼ੌਜ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਹਰ ਕੋਈ ਉਸ ਦੇ ਬੇਰਹਿਮ ਅਤੇ ਵਹਿਸ਼ੀ ਵਿਵਹਾਰ ਤੋਂ ਬਹੁਤ ਦੁਖੀ ਅਤੇ ਨਾਰਾਜ਼ ਸੀ। ਸੰਨ 1757ਵਿਚ ਚੇਤ ਦੇ ਮਹੀਨੇ ਵਿਚ ਇਕ ਦਿਨ ਉਹ ਪਟਿਆਲੇ ਦੇ ਨੇੜੇ ਪਿੰਡ ਮੁਗਲਮਾਜਰਾ ਤੋਂ ਲੰਘ ਰਿਹਾ ਸੀ, ਉਹ ਭਾਈ ਜੈ ਸਿੰਘ ਕੋਲੋਂ ਲੰਘਿਆ ਪਰ ਭਾਈ ਜੈ ਸਿੰਘ ਆਪਣੇ ਖੂਹ ਦਾ ਸਿਮਰਨ ਕਰਨ ਵਿਚ ਰੁੱਝੇ ਹੋਏ ਸਨ। ਮੁਗਲ ਸੂਬੇਦਾਰ ਨੇ ਆਪਣੇ ਸਿਪਾਹੀਆਂ ਨੂੰ ਭਾਈ ਜੈ ਸਿੰਘ ਨੂੰ ਆਪਣੇ ਕੋਲ ਲਿਆਉਣ ਦਾ ਆਦੇਸ਼ ਦਿੱਤਾ ਅਤੇ ਗੁੱਸੇ ਨਾਲ ਪੁੱਛਿਆ ਕਿ ਉਸਨੇ ਉਸਨੂੰ ਸਲਾਮ ਕਿਉਂ ਨਹੀਂ ਕੀਤਾ। ਇਸ ਤੇ ਭਾਈ ਜੈ ਸਿੰਘ ਨੇ ਜਵਾਬ ਦਿੱਤਾ ਕਿ ਮੈਨੂੰ ਤੁਹਾਡੀ ਮੌਜੂਦਗੀ ਬਾਰੇ ਪਤਾ ਵੀ ਨਹੀਂ ਸੀ ਕਿਉਂਕਿ ਮੈਂ ਗੁਰਬਾਣੀ ਦੇ ਸਿਮਰਨ ਵਿਚ ਰੁੱਝਿਆ ਹੋਇਆ ਸੀ।

ਇਹ ਉਸ ਸਮੇਂ ਦੀ ਪਰੰਪਰਾ ਸੀ ਕਿ ਜਦੋਂ ਕੋਈ ਵੀ ਰਾਜਾ, ਨਵਾਬ ਕਿਸੇ ਇਲਾਕੇ ਵਿਚੋਂ ਲੰਘਦਾ ਸੀ ਤਾਂ ਵਸਨੀਕ ਸਤਿਕਾਰ ਨਾਲ ਉਸ ਅੱਗੇ ਝੁਕਕੇ ਮੱਥਾ ਟੇਕਦੇ ਸਨ। ਪਰੰਪਰਾ ਅਨੁਸਾਰ, ਉਹਨਾ ਦਾ ਸਮਾਨ ਸਥਾਨਕ ਲੋਕਾਂ ਦੁਆਰਾ ਇੱਕ ਪਿੰਡ ਤੋਂ ਅਗਲੇ ਪਿੰਡ ਲਿਜਾਇਆ ਜਾਂਦਾ ਸੀ। ਕੋਤਵਾਲ ਿ ਨਜ਼ਾਮੁਦੀਨ ਨੇ ਬਾਬਾ ਜੀ ਨੂੰਗਠੜੀ ਚੁੱਕਣ ਦਾ ਆਦੇਸ਼ ਦਿੱਤਾ ਜਿਸ ਵਿਚ ਤੰਬਾਕੂ ਅਤੇ ਇਕ ਹੁੱਕਾ ਦਿਖਾਈ ਦਿੰਦਾ ਸੀ। ਬਾਬਾ ਜੀ ਨੇ ਖਾਨ ਦੇ ਗਠੜੀ ਨੂੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਜਿਸ ਵਿਚ ਇਕ ਹੁੱਕਾ ਸੀ। ਉਸ ਨੰ ਕਿਹਾ ਕਿ ਉਹ ਅਮ੍ਰਿਤਧ-ਾਰੀ ਸਿੱਖ ਹੈ ਅਤੇ ਇਸ ਲਈ ਉਸਗਠੜੀ ਨੂੰ ਨਹੀਂ ਚੁੱਕ ਸਕਦਾ ਜਿਸ ਵਿਚ ਤੰਬਾਕੂ ਅਤੇ ਹੁੱਕਾ ਸੀ। ਉਸਨੇ ਅੱਗੇ ਕਿਹਾ ਕਿ ਸਾਡੇ ਗੁਰੂ ਸਾਹਿਬ ਨੇ ਸਾਨੂੰ ਤੰਬਾਕੂ ਨੂੰ ਛੂਹਣ ਤੋਂ ਵੀ ਵਰਜਿਆ ਹੈ। ਮੈਂ ਇਸ ਨੂੰ ਆਪਣੇ ਸਿਰ ਤੇ ਕਿਵੇਂ ਲੈ ਸਕਦਾ ਹਾਂ? ਕੋਤਵਾਲ ਗੁੱਸੇ ਵਿੱਚ ਆ ਗਿਆ ਅਤੇ ਉਸਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਉਸਨੂੰ ਇੱਕ ਲਚਕਦਾਰ ਸੋਟੀ ਨਾਲ ਕੁੱਟਿਆ ਜਾਵੇ, ਉਸਦੀ ਚਮੜੀ ਲਾਹ ਦਿਤੀ ਜਾਵੇ।

ਸਿੱਖ ਧਰਮ ਬੁੱਚ ਪੂਜਾ ਵਿੱਚ ਜਕੀਨ ਨਹੀਂ ਰਖਦਾ। ਬਾਬਾ ਜੀ ਤਸਵੀਰ ਉਲਟਾ ਲਟਕਾਕੇ ਚਮੜੀ ਉਤਾਰਿਆਂ ਦੀ

ਹੀ ਉਪਲਭਦ ਹੈ, ਜਿਸ ਨੀ ਵੀ ਇਹ ਯਾਦਗਾਰ ਤਸਵੀਰ ਬਣਾਈ ਹੈ ਉਸ ਦਾ ਸਤਿਕਾਰ ਹੈ। ਇਸ ਤੋਂ ਬਾਬਾ ਜੀ ਦਾ ਚਿਹਰਾ ਠੀਕ ਦਿਖਾਈ ਨਹੀਂ ਦਿੰਦਾ। ਇੱਥੇ ਉਸੇ ਹੀ ਤਸਵੀਰ ਦਾ ਧੜ ਦੇ ਉਪਰ ਵਾਲਾ ਹਿੱਸਾ ਸਿੱਧਾ ਕਰਕੇ ਕੇਵਲ ਪਹਿਚਾਣ ਲਈ ਲਗਾਇਆ ਗਿਆ ਹੈ, ਇਸ ਵਿੱਚ ਕੋਈ ਬਦਲਾਉ ਨਹੀ ਹੈ।

ਮਈ 1757 ਕਿ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਬੇਟੇ ਤੈਮੂਰ ਸ਼ਾਹ (1746-1793) ਨੂੰ ਪੰਜਾਬ ਦਾ ਵਾਈਸਰਾਏ ਅਤੇ ਜਹਾਨ ਖਾਨ ਨੂੰ ਕਮਾਂਡਰ-ਇਨ-ਚੀਫ਼ ਨਿਯੁਕਤ ਕੀਤਾ ਅਤੇ ਵਾਈਸਰਾਏ ਦਾ ਅਹੁਦਾ ਸੰਭਾਲਣ ਤੋਂ ਬਾਅਦ ਹੀ ਤੈਮੂਰ ਨੇ ਸਰਹਿੰਦ ਦੇ ਮੁਹੰਮਦ ਪਠਾਨ ਅਬਦੁੱਲ ਉਸ-ਸਮਦ ਖ਼ਾਨ ਨੂੰ ਰਾਜਪਾਲ ਨਿਯੁਕਤ ਕੀਤਾ। ਜਿਸ ਦੇ ਆਦੇਸ਼ਾਂ ਹੇਠ ਬਾਬਾ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤੱਥ ਦੇ ਅਧਾਰ 'ਤੇ ਇਹ ਮੰਨਿਆ ਜਾ ਸਕਦਾ ਹੈ।

ਭਾਈ ਜੈ ਸਿੰਘ ਦਾ ਜਨਮ ਪਟਿਆਲਾ ਨੇੜੇ ਪਿੰਡ ਬਾਰਨਦੇ ਚਮਾਰ ਜਾਤੀ ਪ੍ਰਿਵਾਰ ਵਿਚ ਹੋਇਆ ਸੀ, ਪਿੰਡ ਦਾ ਨਾਮ ਮੁਗਲਮਾਜਰਾ ਸੀ। ਉਨ੍ਹਾਂ ਦੇ ਪਿਤਾ ਇਕ ਅੰਮ੍ਰਿਤਧਾਰੀ ਸਿੱਖ ਸਨ ਅਤੇ ਭਾਈ ਜੈ ਸਿੰਘ ਨੇ ਵੀ ਬਹੁਤ ਛੋਟੀ ਉਮਰ ਤੋਂ ਹੀ ਆਪਣੇ ਪਿਤਾ ਨਾਲ ਸਿੱਖ ਧਰਮ ਅਪਣਾਕੇ ਸੇਵਾ ਸਿਮਰਨ ਕਰਨਾ ਅਰੰਭ ਕਰ ਦਿੱਤਾ ਸੀ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਨ ਸਮਰਪਿਤ, ਇਮਾਨਦਾਰ ਅਤੇ ਮਿਹਨਤੀ ਗੁਰਸਿੱਖ ਸਨ। ਉਹਨਾ ਦਿਨਾਂ ਵਿੱਚ ਆਨੰਦਪੁਰ ਸਾਹਿਬ ਹੀ ਅੰਮ੍ਰਿਤ ਸ਼ਕਾਇਆ ਜਾਂਦਾ ਸੀ ਭਾਈ ਜੈ ਸਿੰਘ ਨੇ ਵੀ ਆਪਣੇ ਪਿਤਾ ਨਾਲ ਆਨੰਦਪੁਰ ਸਾਹਿਬ ਹੀ ਅੰਮ੍ਰਿਤ ਸ਼ਕਿਆ ਸੀ। ਭਾਈ ਜੈ ਸਿੰਘ ਦਾ ਸਾਰਾ ਗੁਰਸਿੱਖ ਪ੍ਰਿਵਾਰ ਸੀ।ਬਾਰਨ ਪਟਿਆਲੇ ਤੋਂ 7 ਕਿਲੋਮੀਟਰ ਸਰਹੰਦ ਰੋੜ ਉਪਰ ਸਥਿਤ ਹੈ।

ਖਾਨ ਨੇ ਇਹ ਵਿਕਲਪ ਵੀ ਦਿੱਤਾ ਸੀ ਕਿ ਜੇ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਆਪਣਾ ਸਮਾਨ ਪਟਿਆਲੇ ਲੈ ਜਾਂਦਾ ਹੈ ਤਾਂ ਉਸ ਦੀ ਸਜ਼ਾ ਮੁਆਫ਼ ਕੀਤੀ ਜਾਏਗੀ। ਬਾਬਾ ਜੈ ਸਿੰਘ ਜੀ ਨੇ ਬੜੇ ਨਿਮਰਤਾ ਨਾਲ ਜਵਾਬ ਦਿੱਤਾ ਸੀ ਕਿ ਅਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ ਕਿਸੇ ਤਰਾਂ ਦੇ ਵਿਚਾਰਾਂ ਨਾਲ ਕੋਈ ਭਰਮਾ ਨਹੀਂ ਸਕਦਾ ਅਤੇ ਨਾਕਿਵੇਂ ਲੁਭਾਇਆ ਜਾ ਸਕਦਾ ਹੈ। ਆਪਣੇ ਧਰਮ ਨੂੰ ਤਿਆਗਣ ਦੀ ਬਜਾਏ ਮੈਂ ਮੌਤ ਨੂੰ ਸਵੀਕਾਰ ਕਰ ਸਕਦਾ ਹਾਂ। ਪਰ ਉਸਦੇ ਪ੍ਰਵਾਰ ਦੇ ਸਾਰੇ ਮੈਂਬਰ ਆਪਣੀ ਧਾਰਮਿਕ ਦ੍ਰਿੜਤਾ ਤੇ ਅੜੇ ਰਹੇ ਅਤੇ ਉਹ ਸਮਾਨ ਚੁੱਕਣ ਤੋਂ ਇਨਕਾਰ ਕਰ ਦਿੱਤਾ ਜਿਸ ਵਿੱਚ ਹੁੱਕਾ ਵੀ ਸੀ। ਬਾਬਾ ਜੈ ਸਿੰਘ ਦਾ ਸਿੱਖ ਪੰਥ ਨੂੰ ਸਮਰਕਨ ਤੋਂ ਸਾਜੀ ਨੌਜਵਾਨਾਂ ਨੂੰ ਸਿੱਖਣਾ ਬਣਦਾ ਹੈ।

ਇਹ ਦੇਖਦੇ ਹੋਏ ਕਿ ਬਾਬਾ ਜੈ ਸਿੰਘ ਜੀ ਆਪਣੇ ਫ਼ੈਸਲੇ ਤੇ ਅੜੇ ਹਨ, ਉਸਨੇ ਦੋ ਕਸਾਈ ਬੁਲਾਏ ਅਤੇ ਖੂਹ ਉਤੇ ਬੋਹੜ ਦੇ ਦਰੱਖਤ ਦੇ ਬੰਨ੍ਹ ਕੇ ਉਲਟਾ ਲਟਕਾ ਚਮੜੀ ਉਤਾਰਨ ਦਾ ਹੁਕਮ ਦਿੱਤਾ। ਦੋਨਾਂ ਕਸਾਈਆਂ ਨੇ ਸਭ ਤੋਂ ਪਹਿਲਾਂ ਉਸਦੀ ਕ੍ਰਿਪਾਨ ਅਤੇ ਕਪੜੇ ਉਤਾਰ ਦਿੱਤੇ, ਉਸਦੇ ਕਸ਼ਿਹਰੇ ਤੋਂ ਇਲਾਵਾ ਕੋਈ ਕਪੜਾ ਨਹੀਂ ਸੀ।ਉਸਦੀ ਚਮੜੀ ਨੂੰ ਕਸਾਈ ਉਤਾਰਦੇ ਰਹੇ ਬਾਬਾ ਜੀ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਇਹ ਬੋਹੜ ਦਾ ਰੁੱਖ ਅੱਜ ਵੀ ਬਾਰਨ ਵਿੱਚ ਮੌਜੂਦ ਹੈ। ਸ਼ਹਾਦਤ ਪਿੰਡ ਮੁਗਲਮਾਜਰਾ ਤੋਂ ਲਗਭਗ ਅੱਧਾ ਮੀਲ ਦੀ ਦੂਰੀ 'ਤੇ ਹੋਈ ਸੀ। ਬਾਬਾ ਜੀ ਦੀ ਪਤਨੀ ਮਾਤਾ ਧੰਨ ਕੌਰ ਜੀ ਅਤੇ ਉਨ੍ਹਾਂ ਦੇ ਦੋ ਪੁੱਤਰਾਂ ਵਿੱਚੋਂ ਵੱਡੇ ਪੁੱਤਰ ਕੜਕ ਸਿੰਘ ਜੀ ਅਤੇ ਛੋਟੇ ਪੁੱਤਰ ਖੜਕ ਸਿੰਘ ਜੀ, ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਫਿਰ ਭਾਈ ਕੜਕ ਸਿੰਘ ਜੀ ਦੀ ਪਤਨੀ ਬੀਬੀ ਅਮਰ ਕੌਰ ਦਾ ਵੀ ਕਤਲ ਕਰ ਦਿੱਤਾ ਗਿਆ।ਭਾਈ ਖੜਕ ਸਿੰਘ ਜੀ ਦੀ ਪਤਨੀ ਰਾਜ ਕੌਰ ਗਰ-ਭਵਤੀ ਸੀ, ਉਹ ਅੰਬਾਲਾ ਵਿਖੇ ਰਿਸ਼ਤੇਦਾਰਾਂ ਕੋਲ ਗਈ ਹੋਈ ਸੀ ਜਿਥੇ ਉਸਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸਦੀ ਔਲਾਦ ਅੰਬਾਲਾ ਅਤੇ ਮੁਹਾਲੀ ਤਹਿਸੀਲ ਮੁਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ, ਵਿੱਚ ਰਹਿ ਰਹੇ ਹਨ।ਖਾਨ ਦੇ ਇਸ ਸਥਾਨ ਨੂੰ ਛੱਡਣ ਤੋਂ ਬਾਅਦ ਪਿੰਡ ਵਾ-ਸੀਆਂ ਨੇ ਪੰਜ ਸ਼ਹੀਦਾਂ ਦੀਆਂ ਦੇਹਾਂ ਦਾ ਸੰਸਕਾਰ ਕਰ ਦਿੱਤਾ ਅਤੇ ਸ਼ਹਾਦਤ ਦੇ ਸਥਾਨ 'ਤੇ ਉਨ੍ਹਾਂ ਦੀ ਯਾਦ ਵਿਚ ਇਕ ਛੋਟੀ ਜਿਹੀ ਮਟੀ ਵੀ ਬਣਾਈ ਗਈ।

ਜਦੋਂ ਇਲਾਕੇ ਦੇ ਪ੍ਰਮੁੱਖ ਸਿੱਖਾਂ ਨੂੰ ਇਸ ਸਾਰੀ ਘਟਨਾ ਬਾਰੇ ਪਤਾ ਲੱਗਿਆ, ਉਨ੍ਹਾਂ ਨੇ ਮੁਗਲਮਾਜਰਾ ਦੇ ਸਾਰੇ ਪਿੰਡ ਨੂੰ ਢਾਹ ਦਿੱਤਾ। ਬਾਅਦ ਵਿਚ, ਪਿੰਡ ਦੇ ਖੰਡਰਾਤ ਅਤੇ ਉਸ ਦੇ ਸ਼ਹੀਦਾਂ ਦੀ ਸਮਾਧੀ ਦੇ ਨੇੜੇ, ਪਿੰਡ ਬਾਰਨ ਦੇ ਨਾਮ ਦੀ ਸਥਾਪਨਾ ਕੀਤੀ ਗਈ।ਬਾਰਨ ਦੇ ਨਾਮ ਰਖਣ ਦੇ ਪਿੱਛੇ ਕਈ ਕਾਰਨ ਹੋ ਸਕਦੇ ਹਨ, ਪਰਕੁੱਝ ਲਗਦਾ ਹੈ, ਇਹ ਸਮਝ ਕੇ ਰਖਿਆ ਹੋਵੇ ਕਿ ਬਾਬਾ ਜੈ ਸਿੰਘ ਨੇ ਗੁਰੂ ਦੇ ਬਚਨ ਨਿਭਾਏ, ਮੌਕੇ ਤੇ ਮੌਜੂਦ ਸਾਰਾ ਪ੍ਰਿਵਾਰ ਹੀ ਵਾਰ ਦਿਤਾ, ਲੇਕਿਨ ਗੁਰੂ ਦੇ ਬਚਨ ਦੀ ਲਾਜ ਰਖ ਵਿਖਾਈ। ਸਿੱਖ ਕੌਮ ਦੇ ਆਉਣ ਵਾਲੇ ਸਮੇਂ ਲਈ ਬਾਬਾ ਜੀ ਦਿਲ ਦੀਆਂ ਗਹਿਰਾਈਆਂ ਨਾਲ ਯਾਦ ਰੱਖਣਗੇ ਅਤੇ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਨੂੰ ਸੱਚ ਸਿੱਖ ਮਾਰਗ ਦਿਖਾਉਣ ਲਈ ਉਹਨਾਂ ਦੇ ਰਿਣੀ ਰਹਿਣਗੇ।

ਬਾਬਾ ਜੈ ਸਿੰਘ ਜੀ ਖਾਲਕਟ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਦੀ ਸ਼ਹਾਦਤ ਦਾ ਸਥਾਨ ਸਮੇਂ ਨਾਲ ਡੂੰਘਾ ਹੋ ਗਿਆ ਸੀ। ਪਾਣੀ ਭਰ ਜਾਂਦਾ ਸੀ, ਸਮੇਂ ਦੇ ਬੀਤਣ ਨਾਲ ਜਦੋਂ ਪਾਣੀ ਸੁੱਕ ਗਿਆ। ਪਿੰਡ ਦੇ ਵਸਨੀਕ ਸਰਦਾਰ ਵਰਿਆਮ ਸਿੰਘ ਨੇ ਇਸ ਸਮਾਧ ਪੱਕਾ ਕਰ ਦਿੱਤਾ। ਪਰ ਹਰ ਬਰਸਾਤ ਦੇ ਮੌਸਮ ਵਿਚ ਨੀਵਾਂ ਇਲਾਕਾ ਹੋਣ ਕਰਕੇ ਸਮਾਧ ਪਾਣੀ ਵਿਚ ਭਰ ਜਾਂਦਾ ਰਿਹਾ ਸੀ। ਸੰਗਤ ਨੇ ਸਮਾਧ ਦੇ ਆਸ ਪਾਸ ਦਾ ਇਲਾਕਾ ਵਧਾ ਦਿੱਤਾ ਪਰ ਸਮਾਧ ਨੀਵੇਂ ਸਥਾਨ ਵਿੱਚ ਰਹੀ, ਕਿਉਂਕਿ ਪਿੰਡ ਵਾਸੀ ਆਪਣੇ ਆਪ ਇਸ ਸਮਾਧ ਵਿੱਚ ਕੋਈ ਵਿਗਾੜ ਪਾਉਣਾ ਨਹੀਂ ਚਾਹੁੰਦੇ ਸਨ।

18 ਵੀਂ ਸਦੀ ਦੌਰਾਨ ਸਿੱਖਾਂ ਨੂੰ ਇੰਨਾ ਤਸੀਹੇ ਦਿੱਤੇ ਗਏ ਕਿ ਉਨ੍ਹਾਂ ਦੀ ਸ਼ਹਾਦਤ ਦੀਆਂ ਘਟਨਾਵਾਂ ਉਨ੍ਹਾਂ ਦੇ ਰੋਜ਼ਾਨਾ ਅਰਦਾਸ ਦਾ ਹਿੱਸਾ ਬਣ ਗਈਆਂ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਕੰਮ ਸਿੱਖਾਂ ਦੁਆਰਾ ਅਰਦਾਸ ਵਿਚ ਦਰਜ ਕੀਤੇ ਗਏ। ਸਿੱਖਾਂ ਵਿਚ ਅਰਦਾਸ ਇਕ ਰਸਮ ਵਾਂਗ ਹੈ ਜੋ ਅਰੰਭ ਵਿਚ, ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਦੇ ਅਖੀਰ ਵਿਚ ਅਰਦਾਸ ਕਰਦੇ ਰਹੇ ਹਨ, "ਚਰਖੜ੍ਹੀਆਂ ਤੇ ਚੜੇ, ਬੰਦ ਬੰਦ ਕਟਵਾਏ, ਖੋਪੜੀਆਂ ਲਹਾਈਆਂ, ਪੂਠੀਆਂ ਖੱਲਾਂ ਲਹਾਈਆਂ, ਸਿੱਖੀ ਸਿਦਕ ਨਹੀਂ ਹਰਿਆ, ਤਿਨਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾ-ਹਗੁਰੂ!ਲੇਕਿਨ ਪਤਾ ਨ

ਸਾਹਿਬ-ਏ-ਕਮਾਲ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਨਮ ਉਤਸਵ ਨੂੰ ਸਮਰਪਿਤ

ਭੂਮਿਕਾ

-ਡਾ ਗੁਰਮੀਤ ਸਿੰਘ ਕੱਲਰਮਾਜਰੀ

ਗੁਰੂ ਸਾਹਿਬਾਨ ਨਾਲ਼ ਸਬੰਧਿਤ ਵਿਸ਼ੇਸ਼ ਸਮਾ-ਅੰਤਰਾਲ ਨੂੰ ਮੁੱਖ ਰੱਖ ਕੇ ਸ਼ਹੀਦੀ ਦਿਵਸ/ਪ੍ਰਕਾਸ਼ ਦਿਵਸ ਮਨਾਉਣ ਦੀ ਇੱਕ ਪ੍ਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦਾ 300ਵਾਂ ਸ਼ਹੀਦੀ ਦਿਵਸ ਮਨਾਉਣ ਨਾਲ 1975 ਤੋਂ ਸ਼ੁਰੂ ਹੋ ਚੁੱਕੀ ਹੈ। ਪੰਜਾਬੀ ਯੂਨੀ. ਪਟਿਆਲਾ ਵੱਲੋਂ ਉਸ ਸਮੇਂ ਭਾਰਤ ਵਿੱਚ ਜਿੱਥੇ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਯਾਤਰਾਵਾਂ ਕੀਤੀਆਂ, ਉਹਨਾਂ ਥਾਵਾਂ ਦੀ ਯਾਦਗਾਰੀ ਰੂਪ 'ਚ ਜਾਣਕਾਰੀ ਭਰਪੂਰ ਅਤੇ ਖੋਜ ਭਰਪੂਰ ਇੱਕ ਪੁਸਤਕ ਵੀ ਸੰਪਾਦਿਤ ਕੀਤੀ ਗਈ ਸੀ। ਉਸ ਤੋਂ ਬਾਅਦ ਖ਼ਾਲਸਾ ਪੰਥ ਦਾ 300 ਸਾਲਾ ਸਥਾਪਨਾ ਦਿਵਸ 1999 ਵਿੱਚ ਮਨਾਇਆ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ 2016 'ਚ ਮਨਾਇਆ ਗਿਆ। ਇਸੇ ਲੜੀ 'ਚ 500ਵੇਂ ਤੇ 550ਵੇਂ ਪ੍ਰਕਾਸ਼ ਪੁਰਬ ਦੇ ਰੂਪ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਪੂਰੇ ਸੰਸਾਰ 'ਚ ਪੂਰੀ ਸ਼ਰਧਾ ਨਾਲ਼ ਮਨਾਇਆ ਗਿਆ। ਪਾਕਿਸਤਾਨ ਤੇ ਭਾਰਤ ਸਰਕਾਰ ਵਲੋਂ 550ਵਾਂ ਪ੍ਰਕਾਸ਼ ਦਿਵਸ 'ਕਰਤਾਰਪੁਰ ਲਾਂਘੇ' ਦੇ ਰੂਪ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕੀਤਾ ਗਿਆ। 6 ਨਵੰਬਰ 2019 ਤੋਂ 12 ਨਵੰਬਰ 2019 ਤੱਕ ਦੋਹਾਂ ਸਰਕਾਰਾਂ, ਸ਼੍ਰੋਮਣੀ ਕਮੇਟੀ, ਵਿਦਿਅਕ ਅਦਾਰਿਆਂ, ਧਾਰਮਿਕ ਸੰਸਥਾਵਾਂ ਅਤੇ ਗੁਰੂ ਜੀ ਨਾਲ ਸਬੰਧਿਤ ਨਾਮ ਲੇਵਾ ਸੰਗਤਾਂ ਅਤੇ ਯੂਨੀਵਰਸਟਿੀਆਂ ਦੇ ਪੱਧਰ ਤੇ ਸੈਮੀਨਾਰ/ਕੀਰਤਨ ਦਰਬਾਰ ਅਤੇ ਬਾਣੀ ਵਿਚਾਰ ਸੰਵਾਦ ਦੇ ਰੂਪ 'ਚ ਗੁਰੂ ਜੀ ਦੀ ਸਮੁੱਚੀ ਮਾਨਵਤਾ ਨੂੰ ਦੇਣ ਦੇ ਪ੍ਰਸੰਗ ਵਿੱਚ ਯਾਦ ਕੀਤਾ ਗਿਆ। ਪੰਜਾਬ ਸਰਕਾਰ ਵਲੋਂ ਸਾਲ ਭਰ ਚੱਲਣ ਵਾਲੇ ਸਮਾਗਮਾਂ ਦੀ ਇੱਕ ਲੜੀ ਵੀ ਉਲੀਕੀ ਗਈ। ਸਾਲ 2021 'ਚ ਲਾਂਘਾ ਵੀ ਮੁੜ ਖੁਲ੍ਹਣ ਤੇ ਸੰਸਾਰ ਭਰ 'ਚੋਂ ਸਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਕਰਤਾਰਪੁਰ ਵਿਖੇ ਮਨਾਇਆ।

ਇਸੇ ਪ੍ਰਸੰਗ ਵਿੱਚ ਸਿੱਖ ਇਤਿਹਾਸ ਦੇ ਸੂਰਬੀਰ ਬਹਾਦਰ ਯੋਧੇ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਨੂੰ 22 ਦਸੰਬਰ 1704 ਤੋਂ ਅੱਜ ਤੱਕ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਦੀ ਧਰਤੀ ਤੇ ਲਗਾਤਾਰ ਸ਼ਰਧਾਂਜ਼ਲੀ ਦਿੱਤੀ ਜਾਂਦੀ ਹੈ। ਸਰਹਿੰਦ ਦੇ ਨੇੜੇ-ਤੇੜੇ ਦੇ ਪਿੰਡਾਂ ਦੇ ਸ਼ਰਧਾਵਾਨ ਲੋਕ ਇਹਨਾਂ ਦਿਨਾਂ 'ਚ ਜ਼ਮੀਨ ਤੇ ਸੌਂ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਦੇ ਹਨ।

ਦਸੰਬਰ 2021 'ਚ ਇਸ ਦਰਦਨਾਕ ਸ਼ਹੀਦੀ ਸਾਕੇ ਨੂੰ 317 ਸਾਲ ਹੋ ਚੁੱਕੇ ਹਨ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਤਿਹਾਸ ਸਿੱਖ ਕੌਮ ਲਈ ਬਹੁਤ ਹੀ ਗੌਰਵਮਈ ਇਤਿਹਾਸ ਹੈ। ਇਸ ਲਹੂ ਭਿੰਜੇ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਲੈ ਕੇ ਮਾਤਾ ਗੁਜਰੀ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਖ਼ਾਲਸਾ ਪੰਥ ਸਜਾਉਣ ਉਪਰੰਤ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨਾਲ਼ ਕੀਤੀਆਂ ਜੰਗਾਂ ਵਿੱਚ ਪ੍ਰਾਪਤ ਕੀਤੀਆਂ ਜਿੱਤਾਂ ਦਾ ਗੌਰਵ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਉਹਨਾਂ ਸਿਰਲੱਥ ਸਿੰਘਾਂ ਦੀਆਂ ਕੁਰਬਾਨੀਆਂ ਵੀ ਇਸ ਗੌਰਵਸ਼ਾਲੀ ਇਤਿਹਾਸ ਦਾ ਅਨਿਖੱੜਵਾਂ ਅੰਗ ਹਨ ਜਿਹੜੇ ਚਰਖ਼ੜੀਆਂ ਤੇ ਚੜ੍ਹ ਕੇ ਸਿੱਖ ਕੌਮ ਲਈ ਕੁਰਬਾਨ ਹੋ ਗਏ। ਇਸ ਸ਼ਹਾਦਤ ਦੇ ਕਾਰਣ ਹੀ ਬਾਬਾ ਬੰਦਾ ਸਿੰਘ ਬਹਾਦਰ ਵਰਗਾ ਸਿਰਲੱਥ ਯੋਧਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਸਾਨੀ ਬਲੀਦਾਨ ਸਦਕਾ ਗੁਰੂ ਜੀ ਦੀ ਚਰਨ ਛੂਹ ਪ੍ਰਾਪਤ ਕਰਕੇ ਖ਼ਾਲਸਾ ਗਣਰਾਜ ਦੀ ਸਥਾਪਤੀ ਵਰਗੇ ਗੌਰਵਸ਼ਾਲੀ ਕਾਰਜ ਕਰ ਸਕਿਆ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਲੀਦਾਨ ਹੈ ਕਿ ਆਪਣੇ ਮਾਤਾ-ਪਿਤਾ ਅਤੇ ਚਾਰ ਸਾਹਿਬਜ਼ਾਦੇ ਕੁਰਬਾਨ ਕਰ ਕੇ ਸਮੁੱਚੇ ਸੰਸਾਰ ਨੂੰ ਬੇਡਰ, ਬੇਖੌਫ਼ ਤੇ ਸੱਚਾ ਸੁੱਚਾ ਜੀਵਨ ਜਿਉਣ ਲਈ ਪ੍ਰੇਰਨਾ ਦਿੱਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਪੰਜਵੇਂ ਗੁਰੂ ਅਰਜਨ ਦੇਵ ਤੱਕ ਦਾ ਸਮਾਂ ਸਿੱਖੀ ਸਿਧਾਂਤ-ਬਣਤਰ ਅਤੇ ਬਾਣੀ ਸੰਵਾਦ ਦਾ ਮਹੱਤਵਪੂਰਨ ਸਮਾਂ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਕਾਰਜ ਨੇ ਇਲਹਾਮੀ ਬਾਣੀ ਦੀ ਸੰਭਾਲ਼ ਰਾਹੀਂ ਇਸ ਸਮੇਂ ਨੂੰ ਮੱਧਕਾਲ ਦੇ ਸੁਨਹਿਰੀ ਯੁੱਗ ਵਿੱਚ ਬਦਲ ਦਿੱਤਾ। ਗੁਰੂ ਪ੍ਰੰਪਰਾ ਨੇ ਸਿੱਖ-ਫਿਲਾਸਫ਼ੀ ਦੇ ਬੁਨਿਆਦੀ ਨੁਕਤਿਆਂ ਨੂੰ ਕੰਕਰੀਟ ਰੂਪ 'ਚ ਸਿੱਖਾਂ ਦੇ ਮਨਾਂ ਵਿੱਚ ਸੰਸਥਾਵਾਂ ਦੀ ਉਸਾਰੀ ਦੇ ਰੂਪ 'ਚ ਵਸਾ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣ-ੀ ਅ ਤ ਉਦਾਸੀਆਂ ਰਾਹੀਂ ਬਾਣੀ ਦੇ ਰੂਪ 'ਚ ਸਿੱਖੀ ਸਿਧਾਂਤਾਂ ਨੂੰ ਭਾਰਤ 'ਚ ਹੀ ਨਹੀਂ, ਸਗੋਂ ਪੂਰੇ ਵਿਸ਼ਵ 'ਚ ਫੈਲਾਇਆ। ਬਾਣੀ ਦੇ ਪ੍ਰਚਾਰ, ਪ੍ਰਸਾਰ ਅਤੇ ਸੰਵਾਦ ਦੀ ਸਥਿਤੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਨਵਾਂ ਰੂਪ ਅਖਤਿਆਰ ਕਰ ਗਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਅਜਿਹੀ ਨਿਵੇਕਲੀ ਸਥਿਤੀ ਦੇ ਉਭਾਰ ਦਾ ਕਾਰਣ ਬਣੀ, ਜਿਸ ਨੂੰ ਮੁੱਖ ਰੱਖਕੇ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਨੂੰ ਸੰਤ ਦੇ ਨਾਲ-ਨਾਲ ਸਿਪਾਹੀ ਦੇ ਰੂਪ 'ਚ ਵੀ ਵਿਚਰਨਾ ਪਿਆ।

ਬੇਸ਼ਕ ਸਿੱਖ ਗੁਰੂਆਂ ਦਾ ਜੀਵਨ-ਦਰਸ਼ਨ, ਬੰਦਗੀ, ਕਿਰਤ, ਸਦਾਚਾਰੀ ਮਨੁੱਖ ਅਤੇ ਚੰਗੇਰੇ ਸਮਾਜ ਦੀ ਉਸਾਰੀ ਦੁਆਲੇ ਕੇਂਦਰਤ ਹੈ, ਪ੍ਰੰਤੂ ਗੁਰੂ-ਕਾਲ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਮੁਗ਼ਲ ਹਕੂਮਤ ਇਸ ਧਾਰਮਿਕ ਮੁਹਾਵਰੇ ਨੂੰ ਵੀ ਆਪਣਾ ਵਿਰੋਧੀ ਸਮਝਣ ਲੱਗ ਪਈ ਸੀ। ਇਸ ਦੇ ਕਾਰਣ ਵੱਖ-ਵੱਖ ਪ੍ਰਗਣਿਆਂ, ਇਸਲਾਮਿਕ ਕੇਂਦਰਾਂ ਅਤੇ ਨਵਾਬਾਂ, ਸੂਬੇਦਾਰਾਂ ਰਾਹੀਂ ਗੁਰੂ ਸਾਹਿਬਾਨਾਂ ਬਾਰੇ ਆਮ ਲੋਕਾਂ ਵਿੱਚ ਕੂੜ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹਨਾਂ ਕਾਜ਼ੀ ਮੁਲਾਣਿਆਂ ਅਤੇ ਗੁਰੂ ਘਰ ਦੇ ਵਿਰੋਧੀਆਂ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਅਤੇ ਜਹਾਂਗੀਰ ਕੋਲ ਗੁਰੂ-ਵਿਰੋਧੀ ਪ੍ਰਚਾਰ ਕਰਕੇ ਸਿੱਖ ਗੁਰੂਆਂ ਨੂੰ ਦੁਸ਼ਮਣ ਬਣਾ ਦਿੱਤਾ।

ਇਸ ਪ੍ਰਸੰਗ ਵਿੱਚ ਸਾਡੇ ਲਈ ਸਿੱਖ ਇਤਿਹਾਸ ਨੂੰ ਦੋ ਪੱਖਾਂ ਤੋਂ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਇੱਕ ਪੱਖ 'ਚ ਬਾਣੀ ਸਿਧਾਂਤ, ਵਿਚਾਰ-ਸੰਵਾਦ ਰਾਹੀਂ ਸਿੱਖ ਗੁਰੂਆਂ ਨੇ ਸਦਾਚਾਰਕ ਨੈਤਿਕਤਾ ਜਿਹੇ ਸਵਾਲਾਂ ਨੂੰ ਸਮਾਜ ਲਈ ਸਦੀਵੀਂ ਰੂਪ ਦੇ ਦਿੱਤਾ। ਸਮਕਾਲੀ-ਰਾਜਨੀਤਿਕ ਅਤੇ ਧਾਰਮਿਕ ਦ੍ਰਿੱਸ਼ 'ਚ ਮਾਨਵ-ਵਿਰੋਧੀ ਮਸਲਿਆਂ ਨੂੰ ਉਭਾਰਿਆ। ਹਰ ਧਰਮ ਨੂੰ ਉਸ ਦੇ ਸਹੀ ਰੂਪ 'ਚ ਜਾਨਣ ਪਛਾਨਣ ਲਈ ਲੋਕਾਈ ਨੂੰ ਪ੍ਰੇਰਿਆ। ਦੂਸਰੇ ਪੱਖ ਤੋਂ ਹਾਕਮਾਨਾ ਜ਼ਬਰ ਜ਼ੁਲਮ ਦਾ ਵਿਰੋਧ ਕਰ ਕੇ, ਮੁਗ਼ਲ ਬਾਦਸ਼ਾਹਾਂ ਦੇ ਅੰਦਰ ਸੁੱਤੀ ਆਤਮਾ ਨੂੰ ਜਗਾਉਣ ਦਾ ਕੰਮ ਕੀਤਾ। ਨਾਲ ਹੀ ਜ਼ਾਲਮਾਨਾਂ ਹਕੂਮਤੀ-ਜ਼ਬਰ ਜ਼ੁਲਮ ਨੂੰ ਸ਼ਾਂਤ-ਮਈ ਢੰਗ ਨਾਲ਼ ਸਹਿਣ ਵੀ ਕੀਤਾ, ਜਦੋਂ ਲੋੜ ਬਣੀ ਤਾਂ ਹਥਿਆਰ ਚੁੱਕ ਕੇ ਜ਼ੁਲਮ ਦਾ ਮੁਕਾਬਲਾ ਵੀ ਕੀਤਾ। ਸੰਸਾਰ ਵਿੱਚ ਅਜਿਹੀਆਂ ਉਦਾਹਰਣਾਂ ਮਿਲਣੀਆਂ ਨਾ ਮੁਮਕਿਨ ਹਨ ਜਿੱਥੇ ਮਾਸੂਮ ਜ਼ਿੰਦਾਂ ਨੇ ਰਾਜ ਸੱਤਾ ਦੀ ਮਰਜ਼ੀ ਕਬੂਲਣ ਦੀ ਬਜਾਇ ਆਪਣੀ ਸ਼ਹਾਦਤ ਦੇਣੀ ਮੁਨਾਸਿਬ ਸਮਝੀ।

ਇਸ ਪ੍ਰਸੰਗ ਵਿੱਚ ਅਸੀਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਮੁੱਖ ਰਖ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਮੁੱਚੇ ਇਤਿਹਾਸ ਚੋਂ ਕੁੱਝ ਮਹੱਤਵਪੂਰਣ ਵੇਰਵੇ ਅਤੇ ਤੱਥਾਂ ਦੀ ਚੋਣ ਕਰਕੇ 317ਵੇਂ ਸ਼ਹੀਦੀ ਦਿਵਸ ਦੇ ਰੂਪ 'ਚ ਪ੍ਰਕਾਸ਼ਿਤ ਕਰਨ ਦਾ ਯਤਨ ਕੀਤਾ ਹੈ ਤਾਂ ਕਿ ਸਾਧਾਰਣ ਪਾਠਕ ਵੀ ਸਿੱਖ ਇਤਿਹਾਸ ਤੋਂ ਜਾਣਕਾਰੀ ਪ੍ਰਾਪਤ ਕਰ ਸਕੇ। ਇਹਨਾਂ 400 ਸਵਾਲਾਂ ਦੀ ਚੋਣ ਅਤੇ ਉਹਨਾਂ ਦੇ ਉੱਤਰ ਦੇ ਰੂਪ 'ਚ ਸੰਖੇਪ ਵੇਰਵੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਤੋਂ ਲੈ ਕੇ ਸਰਹਿੰਦ ਦੀ ਫ਼ਤਿਹ ਤੱਕ ਪੇਸ਼ ਕੀਤੇ ਗਏ ਹਨ। ਕਿਉਂਕਿ ਸਿੱਖ ਕੌਮ ਲਈ ਸਭ ਤੋਂ ਜ਼ਾਲਮਾਨਾਂ ਹਕੂਮਤ ਦਾ ਆਧਾਰ ਔਰੰਗਜੇਬ ਦੀ ਹਕੂਮਤ ਵਿੱਚ ਸੂਬਾ ਸਰਹਿੰਦ ਦਾ ਖੇਤਰ ਰਿਹਾ ਹੈ। ਇਸ ਜ਼ਾਲਮ ਹਕੂਮਤ ਦਾ ਅੰਤ ਕਰਨ ਲਈ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਿਦਰਾਣੇ ਦੀ ਢਾਬ ਤੇ ਮੁਗ਼ਲ ਫੌਜਾਂ ਨੂੰ ਹਰਾਇਆ ਤੇ ਮੁੜ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਰਲੱਥ ਯੋਧਿਆਂ ਦੀ ਸਿੱਖ ਫੌਜ ਰਾਹੀਂ ਵਜ਼ੀਰ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਕੇ ''ਖ਼ਾਲਸਾ ਰਾਜ'' ਦੀ ਸਥਾਪਨਾ ਕੀਤੀ।

ਸਾਡਾ ਮਨੋਰਥ ਇਸ ਗੌਰਵਮਈ ਇਤਿਹਾਸ ਦੇ ਮਹੱਤਵਪੂਰਣ ਵੇਰਵਿਆਂ ਰਾਹੀਂ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਪੇਸ਼ ਕਰਨ ਦਾ ਨਿਮਾਣਾ ਜਿਹਾ ਯਤਨ ਹੈ। ਦਸੰਬਰ (ਪੋਹ) ਦਾ ਮਹੀਨਾ ਉਂਝ ਵੀ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਰਖਦਾ ਹੈ। ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਦਾ ਜ਼ਰਾ-ਜ਼ਰਾ ਸ਼ਹਾਦਤਾਂ ਨਾਲ ਭਰਿਆ ਹੋਇਆ ਹੈ। ਇਹਨਾਂ ਦੇ ਇਤਿਹਾਸਕ ਵੇਰਵਿਆਂ ਅਤੇ ਤਾਰੀਖ਼ ਸਬੰਧੀ ਜਾਣਕਾਰੀ 'ਚ ਚੋਣ ਕਰਨ ਵੇਲੇ ਇਸ ਗੱਲ ਦਾ ਧਿਆਨ ਰਖਿਆ ਗਿਆ ਹੈ ਕਿ ਅੱਜ ਦਾ ਪੜ੍ਹਿਆ ਲਿਖਿਆ ਵਰਗ ਜਿਸ 'ਚ ਗੁਰੂ ਘਰ ਦੇ ਸ਼ਰਧਾਲੂ, ਸਕੂਲਾਂ/ਕਾਲਜਾਂ 'ਚ ਪੜ੍ਹ ਰਹੇ ਵਿਦਿਆਰਥੀ ਇਹਨਾਂ ਸਵਾਲਾਂ ਦੀ ਰੌਸ਼ਨੀ ਵਿੱਚ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਬਾਰੇ ਇਤਿਹਾਸਕ ਵੇਰਵਿਆਂ ਅਤੇ ਤੱਥਾਂ ਤੋਂ ਜਾਣੂ ਹੋ ਸਕਣ।

ਉਂਝ ਵੀ ਅਸੀਂ ਸਿੱਖ ਧਰਮ ਨੂੰ ਉਸ ਦੇ ਬਾਹਰੀ ਸਰੂਪ ਰਾਹੀਂ ਪਛਾਨਣ ਦੇ ਆਦੀ ਹੋ ਚੁੱਕੇ ਹਾਂ। ਸਾਡਾ ਮਨੋਰਥ ਸਿਰਫ਼ ਐਨਾ ਕੁ ਹੀ ਹੈ ਕਿ ਸਿੱਖੀ-ਸਰੂਪ ਅਤੇ ਵਿਚਾਰਧਾਰਾ ਨੂੰ ਉਸ ਦੇ ਬਾਹਰੀ ਅਤੇ ਆਂਤ੍ਰਿਕ ਸੂਖ਼ਮ ਸਵਰੂਪ ਦੀ ਵੀ ਪਛਾਣ ਕੀਤੀ ਜਾ ਸਕੇ।

ਜਿਸ ਕਿਸਮ ਦੇ ਹਾਲਾਤ ਵਿੱਚ ਸ੍ਰੀ ਚਮਕੌਰ ਸਾਹਿਬ ਅਤੇ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸਾਹਿਬਜ਼ਾਦਿਆਂ ਨੇ ਆਪਣੇ ਪੁਰਖਿਆਂ ਦੇ ਰਾਹ ਉੱਪਰ ਚੱਲ ਕੇ ਕੁਰਬਾਨੀਆਂ ਕੀਤੀਆਂ ਹਨ ਉਸ ਦੀ ਉਦਾਹਰਣ ਸੰਸਾਰ ਵਿੱਚ ਮਿਲਣੀ ਨਾ ਮੁਮਕਿਨ ਹੈ।

ਅੰਤ ਵਿੱਚ ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਇਹਨਾਂ 400 ਤੋਂ ਵੱਧ ਸਵਾਲਾਂ ਨਾਲ਼ ਸਬੰਧਿਤ ਇਤਿਹਾਸਕ ਵੇਰਵੇ ਅਤੇ ਤਾਰੀਖ਼ੀ ਜਾਣਕਾਰੀ, ਪੰਜਾਬ ਦੇ ਇਤਿਹਾਸ ਅਤੇ ਸਿੱਖ ਧਰਮ ਨਾਲ਼ ਸਬੰਧਿਤ ਇਤਿਹਾਸਕਾਰਾਂ ਦੀਆਂ ਖੋਜ ਅਧਾਰਤ ਪੁਸਤਕਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਪੁਸਤਕਾਂ 'ਚੋਂ ਲਈ ਗਈ ਹੈ।ਉਹਨਾਂ ਦੀ ਗੁਰੂ-ਕਾਲ ਬਾਰੇ ਕੀਤੀ ਖੋਜ ਪ੍ਰਮਾਣਿਕ ਅਤੇ ਮਹੱਤਵਪੂਰਣ ਹੈ, ਫਿਰ ਵੀ ਜੇਕਰ ਕਿਤੇ ਕੋਈ ਊਣਤਾਈ ਇਹਨਾਂ ਸਵਾਲਾਂ ਦੇ ਪ੍ਰਸੰਗ ਵਿੱਚ ਕਿਸੇ ਪ੍ਰਬੁੱਧ ਪਾਠਕ ਜਾਂ ਗੁਰੂ ਘਰ ਦੇ ਸ਼ਰਧਾਲੂ ਨੂੰ ਨਜ਼ਰ ਆਵੇ ਤਾਂ ਅਸੀਂ ਉਹਨਾਂ ਕੋਲੋਂ ਪਹਿਲਾਂ ਹੀ ਮੁਆਫ਼ੀ ਦੇ ਨਾਲ਼ ਬੇਨਤੀ ਕਰਦੇ ਹਾਂ ਕਿ ਉਹ ਸਾਨੂੰ ਲਿਖ ਭੇਜਣ ਤਾਂਕਿ ਅਗਲੇ ਸੰਸਕਰਣ ਵਿੱਚ ਸੁਧਾਰ ਕੀਤਾ ਜਾ ਸਕੇ।

ਅਸੀਂ ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਵਿਸ਼ੇਸ਼ ਸਹਿਯੋਗ ਲਈ ਸ੍ਰ. ਬਲਵਿੰਦਰ ਸਿੰਘ ਜਾਤੀਵਾਲ ਦਾ ਧੰਨਵਾਦ ਕਰਦੇ ਹਾਂ ਨਾਲ ਹੀ ਸਿੱਖ ਧਰਮ ਨਾਲ ਸੰਬੰਧਿਤ ਉਹਨਾਂ ਸਾਰੇ ਵਿਦਵਾਨਾਂ ਦੇ ਵੀ ਰਿਣੀ ਹਾਂ ਜਿਹਨਾਂ ਦੀਆਂ ਪੁਸਤਕਾਂ ਵਿੱਚੋਂ ਸਿੱਖ ਗੁਰੂਆਂ ਸੰਬੰਧੀ ਵਡਮੁੱਲੀ ਜਾਣਕਾਰੀ ਮਿਲੀ ਹੈ।

-ਡਾ ਗੁਰਮੀਤ ਸਿੰਘ ਕੱਲਰਮਾਜਰੀ
ਡਾ .ਸੰਤੋਖ ਸਿੰਘ ਸੁੱਖੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ ?
= ਪੋਹ ਸੁਦੀ ਸੱਤਵੀਂ, ਸੰਮਤ 1723 ਬਿਕਰਮੀ (ਈਸਵੀ ਸੰਨ ਅਨੁਸਾਰ 22 ਦਸੰਬਰ 1666)।
ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਥਾਨ ਕਿਹੜਾ ਹੈ?
= ਪਟਨਾ ਸਾਹਿਬ (ਬਿਹਾਰ)। ਇਸ ਦਾ ਜ਼ਿਕਰ 'ਬਚਿੱਤਰ ਨਾਟਕ' ਵਿੱਚ ਦਰਜ ਹੈ।
ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੋਂ ਪਿੱਛੋਂ ਸਮੁੱਚਾ ਪਰਿਵਾਰ ਅਨੰਦਪੁਰ ਸਾਹਿਬ ਕਦੋਂ ਪਹੁੰਚਿਆ?
= ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਹਦਾਇਤਾਂ ਅਨੁਸਾਰ ਸਾਰਾ ਪਰਿਵਾਰ ਪਟਨਾ ਸਾਹਿਬ ਤੋਂ ਚੱਲ ਕੇ ਰੱਥਾਂ ਘੋੜਿਆਂ ਰਾਹੀਂ ਸਫ਼ਰ ਤਹਿ ਕਰਦਾ ਹੋਇਆ 1671 ਦੇ ਅਖ਼ੀਰ ਜਾਂ 1672 ਦੇ ਸ਼ੁਰੂ 'ਚ ਡਰੌਲੀ ਭਾਈ ਕੀ ਅਤੇ ਬਾਬਾ ਬਕਾਲਾ ਠਹਿਰਦਾ ਹੋਇਆ ਅਨੰਦਪੁਰ ਸਾਹਿਬ ਪਹੁੰਚਿਆ।
ਸਵਾਲ : ਸ੍ਰੀ ਅਨੰਦਪੁਰ ਸਾਹਿਬ ਦਾ ਮੁਢਲਾ ਨਾਂ ਕੀ ਸੀ?
= ਚੱਕ ਨਾਨਕੀ।
ਸਵਾਲ : ਸ੍ਰੀ ਗੁਰੂ ਗ

(ਸਫਾ 28 ਦੀ ਬਾਕੀ)

= ਗੁਰੂ ਜੀ ਨੇ ਨਿਰਮੋਹਗੜ੍ਹ ਦੇ ਆਲ਼ੇ ਦੁਆਲ਼ੇ ਦੇ ਸਿੰਘਾਂ ਨੂੰ ''ਹੁਕਮਨਾਮੇ'' ਭੇਜ ਕੇ ਗੁਰੂ ਦੇ ਦਰਬਾਰ ਵਿੱਚ ਹਾਜ਼ਰ ਹੋਣ ਲਈ ਕਿਹਾ।

ਸਵਾਲ : ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜ ਨਾਲ਼ ਗੁਰੂ ਜੀ ਦੀ ਮੁੱਠਭੇੜ ਕਿਥੇ ਹੋਈ ?

= ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜ ਨਾਲ਼ ਅਨੰਦਪੁਰ ਸਾਹਿਬ ਦੇ ਆਲੇ ਦੁਆਲੇ ਵਿੱਚ ਹੋਈ।

ਸਵਾਲ : ਖ਼ਾਲਸੇ ਦੀ ਤਾਕਤ ਨੂੰ ਵੇਖਦੇ ਹੋਏ ਕਹਿਲੂਰ ਦੇ ਰਾਜੇ ਨੇ ਕੀ ਰਣਨੀਤੀ ਅਪਣਾਈ?

= ਉਹਨਾਂ ਆਪਣਾ ਏਲਚੀ ਭੇਜ ਕੇ ਗਊ ਦੀ ਕਸਮ ਖਾ ਕੇ ਕਿਹਾ ਕਿ ਜੇਕਰ ਕੁੱਝ ਸਮੇਂ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦਾ ਕਿਲਾ ਖ਼ਾਲੀ ਕਰ ਦੇਣ ਤਾਂ ਉਹ ਆਪਣੀਆਂ ਫੌਜਾਂ ਸਮੇਤ ਵਾਪਿਸ ਚਲੇ ਜਾਣਗੇ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਦੀ ਇਹ ਗੱਲ ਮੰਨ ਕੇ ਕੀ ਕੀਤਾ ?

= ਗੁਰੂ ਜੀ ਨੇ ਆਪਣੀ ਖ਼ਾਲਸਾ ਫੌਜ ਨਾਲ ਪਹਾੜੀ ਰਾਜਿਆਂ ਦੀ ਇਹ ਸ਼ਰਤ ਮੰਨ ਕੇ ਨਿਰਮੋਹਗੜ੍ਹ ਵਿਖੇ ਠਹਿਰ ਕਰ ਲਈ।

ਸਵਾਲ : ਇਸ ਸਮਝੌਤੇ ਉਪਰੰਤ ਪਹਾੜੀ ਰਾਜਿਆਂ ਨੇ ਕੀ ਕੀਤਾ ?

= ਪਹਾੜੀ ਰਾਜਿਆਂ ਨੇ ਗਊ ਦੀ ਕਸਮ ਤੋੜ ਕੇ ਅਚਾਨਕ ਹਮਲਾ ਕਰ ਕੇ ਅਨੰਦਪੁਰ ਸਾਹਿਬ ਨੂੰ ਲੁੱਟ ਲਿਆ।

ਸਵਾਲ : ਇਸ ਨਾਲ਼ ਖ਼ਾਲਸਾ ਫੌਜ ਦਾ ਕੀ ਪ੍ਰਤੀਕਰਮ ਸੀ ?

= ਨਿਰਮੋਹ ਗੜ੍ਹ ਦੇ ਆਲੇ ਦੁਆਲੇ ਜਿਹੜੇ ਵੀ ਪਿੰਡ ਕਹਿਲੂਰ ਦੀ ਰਿਆਸਤ ਦੇ ਹਿਮਾਇਤੀ ਸਨ ਪ੍ਰਤੀਰੋਧ ਵਜੋਂ ਖ਼ਾਲਸਾ ਫੌਜ ਨੇ ਉਹਨਾਂ ਉੱਪਰ ਹਮਲਾ ਕਰ ਦਿੱਤਾ। ਇਸ ਲੜਾਈ ਵਿੱਚ ਗੁਰੂ ਜੀ ਦਾ ਇੱਕ ਅਨਿੰਨ ਸਿੱਖ ਸਾਹਿਬ ਚੰਦ ਸ਼ਹੀਦੀ ਪ੍ਰਾਪਤ ਕਰ ਗਿਆ।

ਸਵਾਲ : ਸਾਹਿਬ ਚੰਦ ਦਾ ਸਸਕਾਰ ਖ਼ਾਲਸਾ ਫੌਜ ਨੇ ਕਦੋਂ ਕੀਤਾ ?

= ਸਾਹਿਬ ਚੰਦ ਦਾ ਸਸਕਾਰ ਜਿੱਤ ਪ੍ਰਾਪਤ ਕਰਨ ਪਿਛੋਂ, ਨਿਰਮੋਹਗੜ੍ਹ ਵਿਖੇ ਹੀ ਕੀਤਾ।

ਸਵਾਲ : ਹਾਰਨ ਪਿੱਛੋਂ ਕਹਿਲੂਰ ਦੇ ਰਾਜਾ ਭੀਮ ਚੰਦ ਨੇ ਕੀ ਮਹਿਸੂਸ ਕੀਤਾ ?

= ਹਾਰਨ ਪਿਛੋਂ ਚਿੰਤਾ 'ਚ ਡੁੱਬੇ ਰਾਜਾ ਭੀਮ ਚੰਦ ਨੇ ਖ਼ਾਲਸਾ ਫ਼ੌਜ ਦਾ ਮੁਕਾਬਲਾ ਕਰਨ ਲਈ ਅਪਣਾ ਵਜ਼ੀਰ, ਸੁਲਤਾਨ ਔਰੰਗਜ਼ੇਬ ਪਾਸ ਸਹਾਇਤਾ ਲਈ ਦਿੱਲੀ ਭੇਜ ਦਿੱਤਾ।

ਸਵਾਲ : ਗੁਰੂ ਗੋਬਿੰਦ ਸਿੰਘ ਜੀ ਨੇ ਨਿਰਮੋਹ ਗੜ੍ਹ ਦੀ ਲੜਾਈ ਜਿੱਤਣ ਉਪਰੰਤ ਕੀ ਕੀਤਾ?

= ਨਿਰਮੋਹ ਗੜ੍ਹ ਦੀ ਥਾਂ ਤੇ ਸਤਲਜ ਦਰਿਆ ਦੇ ਕੰਢੇ ਉੱਪਰ ਠਿਕਾਣਾ ਕਰ ਲਿਆ।
ਇੱਥੇ ਵੀ ਸਵਾ ਪਹਿਰ ਗਹਿ ਗੱਚ ਲੜਾਈ ਹੋਈ ਤੇ ਸੰਯੁਕਤ ਦਲ ਦੀ ਹਾਰ ਹੋ ਗਈ।

ਸਵਾਲ : ਬਿਸਾਲੀ ਰਿਆਸਤ ਵਿੱਚ ਗੁਰੂ ਜੀ ਕਦੋਂ ਪਹੁੰਚੇ?

= ਨਿਰਮੋਹਗੜ੍ਹ ਦੀ ਜਿੱਤ ਉਪਰੰਤ ਬਿਸਾਲੀ ਰਿਆਸਤ ਦਾ ਰਾਜਾ ਗੁਰੂ ਜੀ ਨੂੰ ਆਪਣੀ ਰਿਆਸਤ ਵਿੱਚ ਲੈ ਗਿਆ। ਗੁਰੂ ਜੀ ਬਿਭੌਰ ਸਾਹਿਬ ਆ ਬਿਰਾਜੇ। ਇੱਥੇ ਹੀ ਉਹਨਾਂ ਨੂੰ ਕਹਿਲੂਰ ਦਾ ਰਾਜਾ ਮਿਲਿਆ ਤੇ ਅਨੰਦਪੁਰ ਆਉਣ ਦੀ ਬੇਨਤੀ ਕੀਤੀ।

ਸਵਾਲ : ਗੁਰੂ ਸਾਹਿਬ ਮੁੜ ਅਨੰਦਪੁਰ ਸਾਹਿਬ ਕਦੋਂ ਵਾਪਿਸ ਆਏ?

= 1699 ਈ. ਦਾ ਸਾਰਾ ਸਾਲ ਲੜਾਈਆਂ 'ਚ ਲੰਘ ਗਿਆ। ਅਨੰਦਪੁਰ ਸਾਹਿਬ ਦੀ ਵਾਪਸੀ 1700 ਈ. ਦੇ ਸ਼ੁਰੂ 'ਚ ਹੋਈ।

ਸਵਾਲ : ਔਰੰਗਜ਼ੇਬ ਨੇ ਰਾਜਾ ਭੀਮ ਚੰਦ ਦੀ ਸਹਾਇਤਾ ਕਿਵੇਂ ਕੀਤੀ ?

= ਔਰੰਗਜ਼ੇਬ ਕਿਉਂਕਿ ਗੁਰੂ ਘਰ ਦਾ ਦੋਖੀ ਸੀ, ਉਸ ਨੇ ਸੂਬਾ ਸਰਹੰਦ ਵਜ਼ੀਰ ਖਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ਼ ਪਹਾੜੀ ਰਾਜਿਆਂ ਦੀ ਸਹਾਇਤਾ ਕਰਨ ਦਾ ਹੁਕਮ ਦਿੱਤਾ।

ਸਵਾਲ : ਔਰੰਗਜ਼ੇਬ ਦਾ ਪੱਤਰ ਪ੍ਰਾਪਤ ਹੋਣ ਤੇ ਭਰੋਸਾ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦਾ ਕਿਲਾ ਕਦੋਂ ਛੱਡਿਆ?

= ਛੇ ਪੋਹ ਅੱਧੀ ਰਾਤ ਨੂੰ ਆਪਣੇ ਪਰਿਵਾਰ ਅਤੇ 500 ਸਿੱਖ ਯੋਧਿਆਂ ਨਾਲ਼ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰ ਦਿੱਤਾ।

ਸਵਾਲ : ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਨਾਲ ਕਿੰਨਾ ਚਿਰ ਸ੍ਰੀ ਗੁਰੂ ਗੋਬਿੰਦ ਸਿੰਘ ਵਿਚਕਾਰ ਹਮਲੇ ਹੁੰਦੇ ਰਹੇ?

= ਸੰਮਤ 1757 (ਸੰਨ 1700 ਈਸਵੀ) ਤੋਂ 1761 (ਸੰਨ 1704 ਈਸਵੀ) ਤੱਕ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਨੇ ਕਿਹੜੇ ਯੁੱਧ ਤੋਂ ਪਿਛੋਂ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਦਾ ਫੈਸਲਾ ਕੀਤਾ?

= ਅਨੰਦਪੁਰ ਸਾਹਿਬ ਦੀ ਦੂਜੀ ਲੜਾਈ 1704 ਈ. ਤੋਂ ਪਿੱਛੋਂ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਦੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੇ ਮੁਗ਼ਲ ਫੌਜ ਨੇ ਕੀ ਕੀਤਾ ?

= ਅਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਰਤਪੁਰ ਵੀ ਨਹੀਂ ਸਨ ਪਹੁੰਚੇ ਕਿ ਮੁਗ਼ਲ ਫੌਜ ਨੇ ਆਪਣਾ ਇਕਰਾਰਨਾਮਾ ਤੋੜ ਕੇ ਹਮਲਾ ਕਰ ਦਿੱਤਾ।

ਸਵਾਲ : ਇਕਰਾਰਨਾਮਾ ਕੀ ਸੀ ?

= ਇਕਰਾਰਨਾਮੇ ਵਜੋਂ ਜੇਕਰ ਗੁਰੂ ਜੀ ਕਿਲਾ ਖਾਲੀ ਕਰ ਦੇਣ ਤਾਂ ਮੁਗ਼ਲ ਉਹਨਾਂ ਉੱਪਰ ਹਮਲਾ ਨਹੀਂ ਕਰਨਗੇ।

ਸਵਾਲ : ਇਸ ਮੁਸ਼ਕਲ ਭਰੇ ਸਮੇਂ 'ਚ ਸਰਸਾ ਨਦੀ ਤੇ ਕੀ ਵਾਪਰਿਆ ?

= ਸਰਸਾ ਨਦੀ ਦੇ ਕਿਨਾਰੇ ਇਸ ਸਮੇਂ ਹਫੜਾ ਤਫੜੀ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਪਰਿਵਾਰ ਵਿਛੜ ਗਿਆ।

ਸਵਾਲ : ਸਰਸਾ ਨਦੀ ਪਾਰ ਕਰਨ ਸਮੇਂ ਆਪਸੀ ਵਿਛੋੜੇ ਸਮੇਂ ਭਾਈ ਮਨੀ ਸਿੰਘ ਦੇ ਜਥੇ 'ਚੋਂ ਕੌਣ ਕੌਣ ਜਿਉਂਦੇ ਬਚ ਸਕੇ ?

= ਸਾਰੇ ਦੇ ਸਾਰੇ ਸਿੰਘ ਸ਼ਹੀਦੀਆਂ ਪਾ ਗਏ। ਭਾਈ ਮਨੀ ਸਿੰਘ ਸਮੇਤ ਮਾਤਾ ਸਾਹਿਬ ਕੌਰ, ਮਾਤਾ ਸੁੰਦਰੀ ਅਤੇ ਸਿਰਫ਼ ਪੰਜ ਸਿੰਘ ਹੀ ਦਿੱਲੀ ਜਾਣ ਸਮੇਂ ਜਿਉਂਦੇ ਬਚ ਸਕੇ ਸਨ।

ਸਵਾਲ : ਸਰਸਾ ਨਦੀ ਪਾਰ ਕਰਨ ਸਮੇਂ ਸਿੰਘਾਂ ਨਾਲ ਕੀ ਵਾਪਰਿਆ?

= ਅੱਧੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਣ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ਼ ਪਰਿਵਾਰਕ ਮੈਂਬਰਾਂ ਸਮੇਤ 500 ਸਿੱਖ ਯੋਧੇ ਸਨ। ਅਚਾਨਕ ਮੁਗ਼ਲ ਫੌਜ ਨੇ ਕਸਮਾਂ ਤੋੜ ਕੇ ਕੀਤੇ ਹਮਲੇ ਕਾਰਣ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਪਰਿਵਾਰ ਤਿੰਨ ਥਾਵਾਂ 'ਚ ਵੰਡਿਆ ਗਿਆ। 500 ਸਿੰਘਾਂ ਵਿੱਚੋਂ ਕਈ ਸਰਸਾ ਨਦੀ 'ਚ ਰੁੜ੍ਹ ਗਏ।ਪੋਹ ਦੀ ਠੰਢੀ ਰਾਤ 'ਚ ਕਈ ਦੁਸ਼ਮਣ ਫੌਜਾਂ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ।

ਸਵਾਲ : ਮਾਤਾ ਸੁੰਦਰੀ ਜੀ ਨਾਲ ਕੀ ਵਾਪਰਿਆ?

= ਗੁਰੂ ਸਾਹਿਬ ਨੇ ਇਸ ਘੋਰ ਸੰਕਟ ਸਮੇਂ ਆਪਣੇ ਪਰਿਵਾਰ 'ਚੋਂ ਮਾਤਾ ਸੁੰਦਰੀ ਅਤੇ ਖਾਲਸੇ ਦੀ ਮਾਤਾ ਸਾਹਿਬ ਦੇਵਾਂ ਨੂੰ ਭਾਈ ਮਨੀ ਸਿੰਘ ਅਤੇ ਪੰਜ ਸਿੰਘਾਂ ਨਾਲ਼ ਦਿੱਲੀ ਭੇਜ ਦਿੱਤਾ।

ਚਮਕੌਰ ਦੀ ਗੜ੍ਹੀ

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਕਦੋਂ ਪ੍ਰਾਪਤ ਕੀਤੀ ?

= ਗੁਰੂ ਤੇਗ ਬਹਾਦਰ ਸਾਹਿਬ ਦੇ ਬ੍ਰਹਮਲੀਨ ਹੋਣ ਉਪਰੰਤ 1675 ਈਸਵੀ 'ਚ ਗੁਰਗੱਦੀ ਤੇ ਬਿਰਾਜਮਾਨ ਹੋਏ।

ਸਵਾਲ : ਖਾਲਸਾ ਪੰਥ ਦੀ ਸਾਜਨਾ ਕਦੋਂ ਅਤੇ ਕਿਸ ਸਥਾਨ ਤੇ ਹੋਈ?

= ਵਿਸਾਖੀ ਵਾਲੇ ਦਿਨ ਮਾਰਚ, 1699 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਹੋਈ।

ਸਵਾਲ : ਖਾਲਸਾ ਪੰਥ ਦੀ ਸਾਜਨਾ ਦਾ ਕੀ ਮਨੋਰਥ ਸੀ ?

= ਜਾਤਪਾਤ ਰਹਿਤ ਜ਼ੁਲਮ ਜ਼ਬਰ ਦੇ ਖਿਲਾਫ਼ ਇੱਕ ਹਥਿਆਰ ਬੰਦ ਸੰਘਰਸ਼ ਅਤੇ ਸਿੱਖਾਂ ਦੀ ਸੁਤੰਤਰਤਾ ਦਾ ਐਲਾਨ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿੰਨੇ ਯੁੱਧ ਲੜੇ?

= ਗੁਰੂ ਜੀ ਨੇ ਆਪਣੀ ਉਮਰ ਵਿੱਚ ਗਿਣਤੀ 'ਚ 9 ਯੁੱਧ ਲੜੇ?

ਸਵਾਲ : ਇਹ ਯੁੱਧ ਕਿਹੜੇ ਕਿਹੜੇ ਸਥਾਨ ਤੇ ਲੜੇ ਗਏ?

= ਭੰਗਾਣੀ, ਨਾਦੌਣ, ਹੁਸੈਨੀ, ਮਿਰਜ਼ਾ ਬੇਗ ਨਾਲ਼ ਯੁੱਧ, ਨਿਰਮੋਹ ਗੜ੍ਹ, ਬਸਾਲੀ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ ਅਤੇ ਖਿਦਰਾਣਾ (ਮੁਕਤਸਰ)

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ-ਰਚਨਾ ਬਾਰੇ ਜਾਣਕਾਰੀ?

= ਜਾਪ ਸਾਹਿਬ, ਅਕਾਲ ਉਸਤਤਿ, ਚੌਪਈ, ਬਚਿੱਤਰ ਨਾਟਕ, ਸਵੈਯੇ, ਸ਼ਬਦ ਹਜ਼ਾਰੇ, ਫ਼ਤਿਹਨਾਮਾ, ਜ਼ਫ਼ਰਨਾਮਾ।

ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰਨ ਗੁਰੂ ਦਾ ਦਰਜਾ ਕਦੋਂ ਦਿੱਤਾ ਗਿਆ?

= ਅਕਤੂਬਰ 1708 (ਕਤਕ ਸੁਦੀ 2, ਸੰਮਤ 1765 ਬਿਕਰਮੀ)।

ਸਵਾਲ : ਪਾਉਂਟਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਠਹਿਰਨ ਸਮੇਂ ਸਾਹਿਤ ਰਚਨਾ ਦਾ ਮਹਾਨ ਕੇਂਦਰ ਬਣ ਗਿਆ ਸੀ। ਗੁਰੂ ਸਾਹਿਬ ਦੇ ਦਰਬਾਰ ਵਿੱਚ ਦਰਬਾਰੀ ਕਵੀਆਂ ਦੀ ਗਿਣਤੀ ਕਿੰਨੀ ਸੀ ?

= ਗੁਰੂ ਸਾਹਿਬ ਦੇ ਦਰਬਾਰ ਵਿੱਚ ਉਸ ਸਮੇਂ ਬਵੰਜਾ (52) ਕਵੀ ਸਨ।

ਸਵਾਲ : ਕਵੀਆਂ ਦੇ ਨਾਵਾਂ ਦੀ ਜਾਣਕਾਰੀ ਦਿਓ?

= ਉਦੇ ਰਾਇ, ਅਣੀ ਰਾਇ, ਅੰਮ੍ਰਿਤ ਰਾਇ, ਅੱਲੂ, ਆਸਾ ਸਿੰਘ, ਆਲਮ, ਈਸ਼ਰ ਦਾਸ, ਸੁਖਦੇਵ, ਸੁੱਖਾ ਸਿੰਘ, ਸੁਖੀਆ, ਸੁਦਾਮਾ, ਸੈਨਾਪਤਿ, ਸ਼ਯਾਮ, ਹੰਸ ਰਾਮ, ਹੀਰ, ਹੁਸੈਨ ਅਲੀ, ਕੱਲੂ, ਕੁੰਵਰੇਸ਼, ਖਾਨ ਚੰਦ, ਗੁਣੀਆ, ਗੁਰਦਾਸ, ਗੋਪਾਲ, ਚੰਦਨ, ਚੰਦਾ, ਜਮਾਲ, ਟਹਿਕਨ, ਧਰਮ ਸਿੰਘ, ਧੰਨਾ ਸਿੰਘ, ਧਿਆਨ ਸਿੰਘ, ਨਾਨੂੰ, ਨਿਸ਼ਚਲ ਦਾਸ, ਨਿਹਾਲ ਚੰਦ, ਨੰਦ ਸਿੰਘ, ਨੰਦ ਲਾਲ, ਪਿੰਡੀਦਾਸ, ਬੱਲਭ, ਬੱਲੂ, ਬਿਧੀ ਚੰਦ, ਬੁਲੰਦ, ਬ੍ਰਿਖ, ਬ੍ਰਿਜ ਲਾਲ, ਮਥੁਰਾ, ਮਦਨ ਗਿਰਿ, ਮਦਨ ਸਿੰਘ, ਮੱਲੂ, ਮਾਨ ਦਾਸ, ਮਾਲਾ ਸਿੰਘ, ਮੰਗਲ, ਰਾਮ, ਰਾਵਲ, ਰੌਸ਼ਨ ਸਿੰਘ, ਲੱਖਾ।

ਸਵਾਲ : ਪੰਜ ਕਕਾਰਾਂ ਦੇ ਨਾਮ ਦੱਸੋ?

= ਕੇਸ, ਕੰਘਾ, ਕਿਰਪਾਨ, ਕੜਾ, ਕਛਹਿਰਾ।

ਸਵਾਲ : ਪੰਜ ਪਿਆਰੇ ਕੌਣ ਕੌਣ ਸਨ?

= ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ।

ਸਵਾਲ : ਵਿਛੋੜੇ ਸਮੇਂ ਆਪਣੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੀ ਇੱਛਾ ਸੀ?

= ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਵੱਡੇ ਸਾਹਿਬਜ਼ਾਦੇ ਜਿਹੜੇ ਯੁੱਧ ਕਲਾ 'ਚ ਨਿਪੁੰਨ ਸਨ, ਉਹ ਵੀ ਹੋਰ ਸਿੰਘਾਂ ਨਾਲ਼ ਯੁੱਧ ਦੇ ਮੈਦਾਨ 'ਚ ਮੁਗ਼ਲ ਫੌਜ ਨਾਲ਼ ਮੁਕਾਬਲਾ ਕਰਦੇ ਹੋਏ ਫ਼ਤਿਹ ਪ੍ਰਾਪਤ ਕਰਨ।

ਸਵਾਲ : ਪਰਿਵਾਰ ਵਿਛੋੜੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਵੱਡੇ ਦੋਵੇਂ ਸਾਹਿਬਜ਼ਾਦਿਆਂ ਨਾਲ ਕੀ ਵਾਪਰਿਆ?

= ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਾਲੀ ਸਿੰਘਾਂ ਦੇ ਜੱਥੇ ਸਮੇਤ ਵੱਡੇ ਸਾਹਿਬਜ਼ਾਦਿਆਂ ਨਾਲ਼ ਮੁਗਲ ਫ਼ੌਜਾਂ ਦਾ ਮੁਕਾਬਲਾ ਕਰਨ ਲਈ ਚਮਕੌਰ ਦੇ ਇੱਕ ਚੌਧਰੀ ਦੀ ਕੱਚੀ ਗੜ੍ਹੀ ਵਿੱਚ ਚਲੇ ਗਏ। ਜਿੱਥੇ ਮੁਗ਼ਲ ਫੌਜ ਦਾ ਮੁਕਾਬਲਾ ਕਰਦੇ ਹੋਏ ਦੋਵੇਂ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋ ਗਏ।

ਸਵਾਲ : ਗਿਣਤੀ ਦੇ ਚਾਲ਼ੀ ਸਿੰਘਾਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ਼ ਹੋਰ ਕੌਣ ਕੌਣ ਸਨ?

= ਦੋ ਵੱਡੇ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ ਤੋਂ ਇਲਾਵਾ ਭਾਈ ਮਾਨ ਸਿੰਘ, ਭਾਈ ਜੀਵਨ ਸਿੰਘ ਆਦਿ।

ਸਵਾਲ : ਚਮਕੌਰ ਦੀ ਕੱਚੀ ਗੜ੍ਹੀ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕਿਹੜੀਆਂ ਫੌਜਾਂ ਨਾਲ ਮੁਕਾਬਲਾ ਹੋਇਆ?

= ਇਸ ਲੜਾਈ ਵਿੱਚ ਗੁਰੂ ਜੀ ਦਾ ਮੁਕਾਬਲਾ ਸੂਬਾ ਸਰਹਿੰਦ ਅਤੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖ਼ਾਨ ਦੀਆਂ ਫੌਜਾਂ ਨਾਲ਼ ਸੀ।

ਸਵਾਲ : ਚਮਕੌਰ ਦੀ ਲੜਾਈ ਵਿੱਚ ਕਿੰਨੇ ਸਿੰਘ ਸ਼ਹੀਦ ਹੋਏ?

= ਇਸ ਲੜਾਈ ਵਿੱਚ ਵੱਡੇ ਸਾਹਿਬਜ਼ਾਦਿਆਂ ਸਮੇਤ ਪਰਸਪਰ ਗਹਿ ਗੱਚ ਲੜਾਈ ਵਿੱਚ 35 ਸਿੰਘ ਸ਼ਹੀਦ ਹੋਏ।

ਸਵਾਲ : ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਕਿਹੜੇ ਸਿੰਘਾਂ ਦੀ ਸਲਾਹ ਨਾਲ ਰਾਤ ਨੂੰ ਚਮਕੌਰ ਦੀ ਕੱਚੀ ਗੜ੍ਹੀ ਨੂੰ ਛਡਿਆ ?

= ਹਾਜ਼ਰ ਸਿੰਘਾਂ ਦੀ ਬੇਨਤੀ/ਆਗਿਆ ਨਾਲ਼।

ਸਵਾਲ : ਚਮਕੌਰ ਵਿੱਚ ਜਿੱਥੇ ਯੁੱਧ ਲੜਦੇ ਹੋਏ ਵੱਡੇ ਦੋਵੇਂ ਸਾਹਿਬਜ਼ਾਦੇ ਸ਼ਹੀਦ ਹੋਏ ਉਸ ਗੁਰਦੁਆਰੇ ਦਾ ਕੀ ਨਾਂ ਹੈ ?

= ਗੁਰਦੁਆਰਾ ਕਤਲਗੜ੍ਹ ਸਾਹਿਬ।

ਸਵਾਲ : ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਨਾਲ਼ ਚਾਲੀ ਸਿੰਘਾਂ ਨੂੰ ਮੁਗਲਾਂ ਦੀ ਕਿਹੜੀ ਫੌਜ ਨੇ ਘੇਰਿਆ ਹੋਇਆ ਸੀ?

= ਚਮਕੌਰ ਸਾਹਿਬ 'ਚ ਗੁਰੂ ਜੀ ਦੇ ਕੱਚੀ ਗੜ੍ਹੀ 'ਚ ਠਹਿਰਨ ਦੀ ਜਾਣਕਾਰੀ ਸਰਹਿੰਦ ਨਵਾਬ ਵਜ਼ੀਰ ਖ਼ਾਨ ਕੋਲ ਪਹੁੰਚ ਗਈ, ਵਜ਼ੀਰ ਖਾਂ ਦੀ ਫੌਜ ਨੇ ਚਮਕੌਰ ਦੀ ਕੱਚੀ ਗੜ੍ਹੀ ਨੂੰ ਚਾਰੋਂ ਤਰਫ਼ ਤੋਂ ਘੇਰਿਆ ਹੋਇਆ ਸੀ।

ਸਵਾਲ : ਨਵਾਬ ਸਰਹਿੰਦ ਦੀ ਫੌਜ ਜਿਸ ਨੇ ਚਮਕੌਰ ਵਿੱਚ ਗੁਰੂ ਜੀ ਨਾਲ਼ ਲੜਾਈ ਲੜੀ ਉਸ ਦਾ ਆਗੂ ਕੌਣ ਸੀ ?

= ਇਹਨਾਂ ਦਾ ਮੁੱਖ ਆਗੂ ਜ਼ਫ਼ਰ ਬੇਗ ਸੀ। ਪ੍ਰੰਤੂ ਉਸ ਦੇ ਨਾਲ ਨਵਾਬ ਮਾਲੇਰਕੋਟਲਾ ਦੇ ਭਰਾ ਨਾਹਰ ਖ਼ਾਨ ਅਤੇ ਖਿਜ਼ਰ ਮੁਹੰਮਦ ਖ਼ਾਨ ਵੀ ਸਨ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਨੂੰ ਕਦੋਂ ਛਡਿਆ?

= ਸਤਿਗੁਰੂ ਨੇ (8 ਪੋਹ, 1761 ਬਿਕਰਮੀ) 22 ਦਸੰਬਰ 1704 ਈਸਵੀ ਰਾਤ ਨੂੰ ਛਡਿਆ।

ਸਵਾਲ : ਮੁਗ਼ਲ ਫੌਜਾਂ ਨੇ ਕਿਹੜੇ ਸਿੰਘ ਦੀ ਮੌਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਮਝ ਕੇ ਖ਼ੁਸ਼ੀ ਮਨਾਈ?

= ਸ਼ਹੀਦ ਭਾਈ ਸੰਗਤ ਸਿੰਘ ਜੀ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੱਚੀ ਗੜ੍ਹੀ ਛੱਡਣ ਵੇਲੇ ਕਲਗੀ ਕਿਸਨੂੰ ਦਿੱਤੀ?

= ਭਾਈ ਸਾਹਿਬ ਭਾਈ ਸੰਗਤ ਸਿੰਘ ਨੂੰ।

ਸਵਾਲ : ਮੁਗਲ ਫੌਜ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹ ਭੁਲੇਖਾ ਕਿਵੇਂ ਪਿਆ ?

=

(ਸਫਾ 29 ਦੀ ਬਾਕੀ)

= ਤਾਂਕਿ ਮੁਗਲ ਫੌਜ ਭੁੱਖ ਪਿਆਸ ਤੋਂ ਡਰ ਕੇ ਲੜਾਈ ਦਾ ਮੈਦਾਨ ਛੱਡ ਕੇ ਭੱਜ ਜਾਵੇ।

ਸਵਾਲ : ਜਾਣਕਾਰੀ ਮਿਲਣ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਗਲਾ ਕਿਹੜਾ ਕਦਮ ਪੁਟਿਆ ?

= ਗੁਰੂ ਜੀ ਨੇ ਆਪਣੇ ਜਥਿਆਂ ਨੂੰ ਨਾਲ ਲੈ ਤੁਰੰਤ ਖਿਦਰਾਣੇ ਦੀ ਢਾਬ ਤੇ ਕਬਜ਼ਾ ਕਰ ਲਿਆ। ਗੁਰੂ ਜੀ ਖ਼ਾਲਸਾ ਫੌਜਾਂ ਨਾਲ ਮੋਰਚੇ ਸੰਭਾਲ਼ ਕੇ ਵਜ਼ੀਰ ਖ਼ਾਨ ਦੀ ਫੌਜ ਦਾ ਇੰਤਜ਼ਾਰ ਕਰਨ ਲਗ ਪਏ।

ਸਵਾਲ : ਮਾਝੇ ਦੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਕਿੱਥੇ ਮਿਲੇ?

= ਪਿੰਡ ਰਾਮੇਆਣੇ।

ਸਵਾਲ : ਚਾਲ਼ੀ ਸਿੰਘਾਂ ਦਾ ਜਥਾ ਕਿਸ ਦੀ ਅਗਵਾਈ ਵਿੱਚ ਖਿਦਰਾਣੇ ਦੀ ਢਾਬ ਵੱਲ ਵਧ ਰਿਹਾ ਸੀ?

= ਮਾਝੇ ਤੋਂ ਭਾਈ ਮਹਾਂ ਸਿੰਘ ਅਤੇ ਮਾਈ ਭਾਗੋ ਦੀ ਅਗਵਾਈ ਵਿੱਚ।

ਸਵਾਲ : ਇਹ ਚਾਲ਼ੀ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਬੇਦਾਵਾ ਦੇ ਕੇ ਕਿਸ ਸਮੇਂ ਛੱਡ ਕੇ ਚਲੇ ਗਏ ਸਨ?

= ਸ੍ਰੀ ਅਨੰਦਪੁਰ ਸਾਹਿਬ ਦੀ ਲੜਾਈ ਸਮੇਂ।

ਸਵਾਲ : ਇਹਨਾਂ ਦਾ ਟਾਕਰਾ ਰਸਤੇ ਵਿੱਚ ਕਿਹੜੀ ਫੌਜ ਨਾਲ ਹੋਇਆ?

= ਜਦੋਂ ਇਹ ਚਾਲ਼ੀ ਸਿੰਘ ਮਾਈ ਭਾਗੋ ਨਾਲ ਗੁਰੂ ਜੀ ਨਾਲ਼ ਟੁੱਟੀ ਗੰਢਣ ਲਈ ਆ ਰਹੇ ਸਨ, ਤਾਂ ਰਸਤੇ ਵਿੱਚ ਸੂਬਾ ਸਰਹਿੰਦ ਵਜ਼ੀਰ ਖਾਨ ਦੀ ਫੌਜ ਨਾਲ ਟਾਕਰਾ ਹੋ ਗਿਆ।

ਸਵਾਲ : ਇਹ ਵਾਪਿਸ ਖਿਦਰਾਣੇ ਦੀ ਢਾਬ ਵੱਲ ਕਿਉਂ ਵੱਧ ਰਹੇ ਸਨ ?

= ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਆਪਣੀ ਭੁੱਲ ਬਖ਼ਸ਼ਾਉਣ ਲਈ।

ਸਵਾਲ : ਚਾਲ਼ੀ ਸਿੰਘਾਂ ਦੀ ਸ਼ਹਾਦਤ ਬਾਰੇ ਸੁਣ ਕੇ ਖਿਦਰਾਣੇ ਦੀ ਢਾਬ ਤੇ ਇਕੱਠੇ ਹੋਈ ਸਿੱਖ ਫੌਜ ਨੇ ਕੀ ਫੈਸਲਾ ਕੀਤਾ?

= ਦੁਸ਼ਮਣ ਦੀ ਸੈਨਾ ਉੱਪਰ ਚਾਰੇ ਪਾਸਿਆਂ ਤੋਂ ਸ਼ੇਰਾਂ ਵਾਂਗ ਗਰਜਦੇ ਹੋਏ ਸਿੰਘਾਂ ਨੇ ਅਚਾਨਕ ਹਮਲਾ ਕਰ ਕੇ, ਉਹਨਾਂ ਦੇ ਢਾਈ ਸੌ ਸਿਪਾਹੀ ਮੌਤ ਦੇ ਘਾਟ ਉਤਾਰ ਦਿੱਤੇ।

ਸਵਾਲ : ਆਪਣੇ ਹੱਥੀਂ ਸਾਰੇ ਹੀ ਸ਼ਹੀਦ ਹੋਏ ਸਿੰਘਾਂ ਦੀ ਚਿਖਾ ਨੂੰ ਸੁੱਕੀਆਂ 'ਮਾਲ੍ਹਾਂ' ਦੀਆਂ ਲੱਕੜਾਂ 'ਚ ਅਗਨ ਭੇਟ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਕੀ ਐਲਾਨ ਕੀਤਾ ?

= ਸਸਕਾਰ ਕਰਨ ਉਪਰੰਤ ਗੁਰੂ ਜੀ ਨੇ ਦੀਵਾਨ ਸਜਾ ਕੇ ਐਲਾਨ ਕੀਤਾ ਕਿ ਇਹ ਚਾਲ਼ੀ ਸਿੰਘ ਜਨਮ ਮਰਨ ਤੋਂ ਮੁਕਤ ਹੋ ਗਏ ਹਨ।

ਸਵਾਲ : ਖਿਦਰਾਣੇ ਦੀ ਢਾਬ ਦਾ ਨਾਂ ਬਦਲ ਕੇ ਉਹਨਾਂ ਨੇ ਕੀ ਨਾਂ ਰੱਖਿਆ ?

= ਚਾਲ਼ੀ ਸਿੰਘ ਦੀ ਸ਼ਹੀਦੀ ਨੂੰ ਉਹਨਾਂ ਨੇ ''ਚਾਲ਼ੀ ਮੁਕਤਿਆਂ'' ਦਾ ਖ਼ਿਤਾਬ ਦੇ ਕੇ ਢਾਬ ਦਾ ਨਾਂ ਮੁਕਤਸਰ ਰਖਿਆ।

ਸਵਾਲ : ਖਿਦਰਾਣੇ ਦੀ ਢਾਬ ਦੀ ਲਾਸਾਨੀ ਜਿੱਤ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਲਵੇ 'ਚ ਕਿੰਨਾ ਸਮਾਂ ਰਹੇ ?

= 9 ਮਹੀਨੇ ਗੁਰੂ ਜੀ ਮਾਲਵਾ ਖੇਤਰ 'ਚ ਰਹੇ। ਮੁਗ਼ਲ ਫੌਜਾਂ ਦੀ ਮੁੜ ਕੇ ਹਮਲਾ ਕਰਨ ਦੀ ਹਿੰਮਤ ਨਾ ਪਈ। ਇਸ ਜਿੱਤ ਵਿੱਚ ਮਾਝੇ ਅਤੇ ਮਾਲਵੇ ਦੇ ਸਿੰਘਾਂ ਨੇ ਗੁਰੂ ਜੀ ਦਾ ਸਭ ਤੋਂ ਵੱਧ ਸਾਥ ਦਿੱਤਾ।

ਸਵਾਲ : ਮੁਗਲਾਂ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਆਖ਼ਰੀ ਜੰਗ ਕਿਸ ਸਾਲ ਹੋਈ ਤੇ ਕਿੱਥੇ?

= ਮੁਕਤਸਰ ਦੀ ਜੰਗ (30 ਪੋਹ ਸੰਮਤ 1762) 14-15 ਜਨਵਰੀ 1706.

ਸਵਾਲ : ਮੁਗਲ ਹਕੂਮਤ ਵੱਲੋਂ ਇਹ ਜੰਗ ਕਿਸ ਵੱਲੋਂ ਲੜੀ ਗਈ ਸੀ ?

= ਸੂਬਾ ਸਰਹਿੰਦ ਦੇ ਵਜ਼ੀਰ ਖਾਨ ਵੱਲੋਂ।

ਸਵਾਲ : ਇਸ ਜੰਗ ਵਿੱਚ ਜਿੱਤ ਪ੍ਰਾਪਤ ਕਰਨ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਪਹਿਲਾ ਕੰਮ ਕੀ ਕੀਤਾ ?

= ਪਹਿਲੀ ਮਾਘ ਨੂੰ ਸ਼ਹੀਦ ਹੋਏ ਦੋਵਾਂ ਧਿਰਾਂ ਦੇ ਸੈਨਿਕਾਂ ਦਾ ਮਰਿਯਾਦਾ ਅਨੁਸਾਰ ਸਸਕਾਰ ਕੀਤਾ?

ਸਵਾਲ : ਖਿਦਰਾਣੇ ਦੀ ਇਤਿਹਾਸਕ ਜੰਗ, ਚਮਕੌਰ ਦੀ ਜੰਗ ਤੋਂ ਕਿੰਨੇ ਦਿਨ ਬਾਅਦ ਹੋਈ।

= 23 ਦਿਨ।

ਸਵਾਲ : ਜ਼ਫ਼ਰਨਾਮਾ ਕਿਸ ਭਾਸ਼ਾ ਵਿੱਚ ਲਿਖਿਆ ਗਿਆ ?

= ਫ਼ਾਰਸੀ ਬੋਲੀ ਵਿੱਚ।

ਸਵਾਲ : ਜ਼ਫ਼ਰਨਾਮੇ ਦਾ ਸ਼ਬਦੀ ਅਰਥ ਕੀ ਹੈ ?

= ਫ਼ਤਿਹ ਜਾਂ ਜਿੱਤ ਦੀ ਲਿਖਤ ਭਾਵ ਚਿੱਠੀ।

ਸਵਾਲ : ਜ਼ਫ਼ਰਨਾਮਾ ਕਦੋਂ ਅਤੇ ਕਿੱਥੇ ਲਿਖਿਆ ਗਿਆ ?

= ਖਿਦਰਾਣੇ ਦੀ ਢਾਬ ਤੇ ਮੁਗ਼ਲ ਫੌਜਾਂ ਨੂੰ ਪੂਰੀ ਤਰ੍ਹਾਂ ਹਰਾਉਣ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1706 ਦੇ ਮੁਢਲੇ ਸਮੇਂ ਭਾਵ ਜਨਵਰੀ 'ਚ ਦੀਨਾਕਾਂਗੜ ਵਿਖੇ।

ਸਵਾਲ : ਪ੍ਰਵਾਨਿਤ ਰੂਪ 'ਚ ਜ਼ਫ਼ਰਨਾਮਾ ਕਦੋਂ ਪ੍ਰਕਾਸ਼ਿਤ ਹੋਇਆ ?

= ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 300ਵਾਂ ਜਨਮ ਦਿਵਸ ਮਨਾਉਣ ਸਮੇਂ ਭਾਸ਼ਾ ਵਿਭਾਗ ਪੰਜਾਬ ਵਲੋਂ 1966 'ਚ ਛਾਪਿਆ ਗਿਆ। ਇਸ ਦੇ ਕੁੱਲ 112 ਸ਼ੇਅਰ ਹਨ। ਇਹ ਉਰਦੂ ਅਤੇ ਪੰਜਾਬੀ ਭਾਸ਼ਾ 'ਚ ਛਾਪਿਆ ਗਿਆ। ਜ਼ਫ਼ਰਨਾਮੇ ਦਾ ਉਰਦੂ ਅਨੁਵਾਦ ਮਾਸਟਰ ਸਾਧੂ ਸਿੰਘ ਫ਼ਰੀਦ ਕੋਟੀ ਅਤੇ ਲਿਪੀਅੰਤਰਣ ਅਸ਼ਰਫ਼ ਮਹਿਮੂਦ ਨੰਦਨ ਨੇ ਕੀਤਾ।

ਸਵਾਲ : ਜ਼ਫ਼ਰਨਾਮੇ 'ਚ ਪਹਿਲੇ ਬਾਰਾਂ ਅਤੇ ਅਖ਼ੀਰਲੇ ਚਾਰ ਸ਼ੇਅਰਾਂ ਦਾ ਕੀ ਅਰਥ ਹੈ?

= ਅਕਾਲਪੁਰਖ ਦੀ ਸਿਫ਼ਤ ਕੀਤੀ ਗਈ ਹੈ। ਅਕਾਲ ਪੁਰਖ ਨੂੰ ਵੱਖ-ਵੱਖ ਨਾਵਾਂ ਨਾਲ ਵਡਿਆਇਆ ਗਿਆ ਹੈ।

ਸਵਾਲ : ਜ਼ਫ਼ਰਨਾਮੇ 'ਚ ਅਸਲ ਵਿਸ਼ੇ ਦੀ ਗੱਲ ਕਿੰਨੇ ਸ਼ੇਅਰਾਂ 'ਚ ਕੀਤੀ ਗਈ ਹੈ?

= ਅਕਾਲ ਪੁਰਖ ਦੀ ਸਿਫ਼ਤ ਅਰਥਾਤ ਵਡਿਆਈ 'ਚ 16 ਸ਼ੇਅਰਾਂ ਨੂੰ ਛੱਡ ਕੇ ਬਾਕੀ 96 ਸ਼ੇਅਰਾਂ 'ਚ ਔਰੰਗਜ਼ੇਬ ਨੂੰ ਮੁਖ਼ਾਤਿਬ ਸ਼ੇਅਰ ਦਰਜ ਕੀਤੇ ਗਏ ਹਨ।

ਸਵਾਲ : ਮੁੱਖ ਰੂਪ 'ਚ ਜ਼ਫ਼ਰਨਾਮਾ ਕੀ ਸੰਦੇਸ਼ ਦਿੰਦਾ ਹੈ ?

= ਬੇਸ਼ਕ ਪਹਿਲਾਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਔਰੰਗਜ਼ੇਬ ਵਿਚਕਾਰ ਖ਼ਤੋ ਖ਼ਿਤਾਬਤ ਹੁੰਦੀ ਰਹਿੰਦੀ ਸੀ। ਪ੍ਰੰਤੂ ਜ਼ਫ਼ਰਨਾਮੇ ਵਿੱਚ ਔਰੰਗਜ਼ੇਬ ਨੂੰ ਲਾਹਣਤਾਂ ਪਾਈਆਂ ਗਈਆਂ ਹਨ ਕਿ ਔਰੰਗਜ਼ੇਬ ਜਿਹੇ ਬਾਦਸ਼ਾਹ ਦੀ ਕਿਸੇ ਵੀ ਗੱਲ ਉੱਪਰ ਭਰੋਸਾ ਕਿਵੇਂ ਕੀਤਾ ਜਾ ਸਕਦਾ ਹੈ ਜਿਸ ਦੇ ਸਾਰੇ ਹੀ ਅਧਿਕਾਰੀ ਫ਼ਰੇਬੀ ਅਤੇ ਝੂਠੇ ਹੋਣ। ਜਿਸ ਨੂੰ ਪ੍ਰਮਾਤਮਾ ਦਾ ਆਸਰਾ ਹੋਵੇ ਕੋਈ ਵੀ ਉਸ ਦਾ ਕੁੱਝ ਨਹੀਂ ਵਿਗਾੜ ਸਕਦਾ।

ਸਵਾਲ : ਔਰੰਗਜ਼ੇਬ ਅਤੇ ਗੁਰੂ ਜੀ ਵਿਚਕਾਰ ਪਹਿਲਾਂ ਹੋਈ ਖ਼ਤੋ ਖ਼ਿਤਾਬਤ ਦਾ ਕੀ ਭਾਵ ਸੀ ?

= ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਨਾਲ ਪਹਿਲਾਂ ਇਹ ਵਾਅਦੇ ਕੀਤੇ ਸਨ ਕਿ ਗੁਰੂ ਜੀ ਪੂਰੀ ਤਰ੍ਹਾਂ ਸੁਰੱਖਿਅਤ ਹਨ, ਉਹਨਾਂ ਦਾ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਕੀਤਾ ਜਾਵੇਗਾ। ਵਾਅਦੇ ਨਿਭਾਉਣ ਲਈ ਕੁਰਾਨ ਦੀਆਂ ਕਸਮਾਂ ਖਾਧੀਆਂ ਗਈਆਂ ਸਨ, ਪ੍ਰੰਤੂ ਬਾਅਦ ਵਿੱਚ ਇਹ ਕਸਮਾਂ ਤੋੜ ਦਿੱਤੀਆਂ ਗਈਆਂ।

ਸਵਾਲ : ਕੀ ਕਦੇ ਵੀ ਕਿਸੇ ਲੜਾਈ ਦੀ ਪਹਿਲ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਕੀਤੀ ?

= ਬਿਲਕੁਲ ਨਹੀਂ। ਸਗੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀਆਂ ਹੀ ਲੜਾਈਆਂ ਸਵੈ-ਰਖਿਆ ਵਜੋਂ ਲੜੀਆਂ। ਚਮਕੌਰ ਅਤੇ ਮੁਕਤਸਰ ਦੀ ਲੜਾਈ ਵੀ ਮੁਗ਼ਲ ਫ਼ੌਜ ਦੇ ਹਮਲੇ ਦਾ ਜਵਾਬ ਦੇਣ ਲਈ ਲੜੀ ਗਈ ਸੀ।

ਸਵਾਲ : ਗੁਰੂ ਜੀ ਨੇ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਨਾਮਕ ਪੱਤਰ ਕਿਸ ਦੇ ਹੱਥ ਭੇਜਿਆ?

= ਭਾਈ ਦਇਆ ਸਿੰਘ ਨਾਲ ਹੋਰ ਪੰਜ ਸਿੱਖ ਅਹਿਦੀਆਂ ਦਾ ਭੇਸ ਬਣਾ ਕੇ ''ਜ਼ਫ਼ਰਨਾਮਾ'' ਲੈ ਕੇ ਔਰੰਗਜ਼ੇਬ ਕੋਲ ਭੇਜੇ ਗਏ।

ਸਵਾਲ : ਉਸ ਸਮੇਂ ਔਰੰਗਜ਼ੇਬ ਕਿੱਥੇ ਸੀ?

= ਔਰੰਗਜ਼ੇਬ ਉਸ ਸਮੇਂ ਲਸ਼ਕਰ ਸਮੇਤ ਅਹਿਮਦਾਬਾਦ ਸੀ।

ਸਵਾਲ : ਦਿੱਲੀ ਤੋਂ ਕਿਹੜੇ ਰਸਤੇ ਰਾਹੀਂ ਭਾਈ ਦਇਆ ਸਿੰਘ ਅਤੇ ਪੰਜ ਹੋਰ ਸਿੰਘ ਔਰੰਗਜ਼ੇਬ ਨੂੰ ਮਿਲਣ ਅਹਿਮਦਾਬਾਦ ਪਹੁੰਚੇ?

= ਦਿੱਲੀ ਪਹੁੰਚ ਕੇ, ਉਥੋਂ ਆਗਰਾ-ਗਵਾਲੀਅਰ, ਚੰਬਲ, ਉਜੈਨ ਹੁੰਦੇ ਹੋਏ ਨਰਬਦਾ ਨਦੀ ਨੂੰ ਪਾਰ ਕਰਕੇ ਬੁਰਹਾਨ ਪਹੁੰਚੇ। ਬੁਰਹਾਨ ਤੋਂ ਰਵਾਨਾ ਹੋ ਕੇ ਅਹਿਮਦਾਬਾਦ।

ਸਵਾਲ : ਸ਼ੁਰੂ ਵਿੱਚ ਔਰੰਗਜ਼ੇਬ ਨੂੰ ਮਿਲਣ ਦਾ ਸਮਾਂ ਨਾ ਮਿਲ ਸਕਣ ਤੇ ਭਾਈ ਦਇਆ ਸਿੰਘ ਨੇ ਕੀ ਨੀਤੀ ਅਪਣਾਈ ?

= ਸਥਾਨਕ ਸਿੰਘਾਂ ਦੀ ਮਦਦ ਨਾਲ ਕੋਸ਼ਿਸ਼ ਕਰਨ ਉਪਰੰਤ ਔਰੰਗਜ਼ੇਬ ਨੂੰ ਮਿਲਣ ਦਾ ਸਮਾਂ ਨਾ ਮਿਲਣ ਤੇ ਭਾਈ ਦਇਆ ਸਿੰਘ ਨੇ ਏਲਚੀ ਰਾਹੀਂ ਗੁਰੂ ਜੀ ਨੂੰ ਜਾਣਕਾਰੀ ਦਿੱਤੀ। ਜਿਸ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜ਼ਫ਼ਰਨਾਮੇ ਦੇ ਨਾਲ਼ ਪੰਜ (ਪੱਤਰ) ਹੁਕਮ ਹੋਰ ਭੇਜੇ।

ਸਵਾਲ : ਭਾਈ ਦਇਆ ਸਿੰਘ ਦੇ ਜ਼ਫ਼ਰਨਾਮਾ ਦੇ ਕੇ ਵਾਪਿਸ ਆਉਣ ਸਮੇਂ ਗੁਰੂ ਜੀ ਕਿੱਥੇ ਠਹਿਰੇ ਹੋਏ ਸਨ?

= ਸਾਬੋ ਕੀ ਤਲਵੰਡੀ

ਸਵਾਲ : ਸਾਬੋ ਕੀ ਤਲਵੰਡੀ ਤੋਂ ਦੱਖਣ ਵੱਲ ਗੁਰੂ ਜੀ ਕਦੋਂ ਰਵਾਨਾ ਹੋਏ?

= ਅਕਤੂਬਰ 1706 (ਮੁਕਤਸਰ ਦੀ ਲੜਾਈ ਤੋਂ ਲਗਭੱਗ 10 ਮਹੀਨੇ ਬਾਅਦ)।

ਸਵਾਲ : ਉਸ ਸਮੇਂ ਔਰੰਗਜ਼ੇਬ ਦਾ ਸ਼ਾਹੀ ਫ਼ੁਰਮਾਨ ਲੈ ਕੇ ਸਰਹੰਦ ਅਤੇ ਲਾਹੌਰ ਵੱਲ ਆਉਣ ਵਾਲੇ ਸਰਕਾਰੀ ਏਲਚੀ ਨੂੰ ਕੀ ਕਿਹਾ ਜਾਂਦਾ ਸੀ?

= ਗੁਰਜ਼-ਬਰਦਾਰ।

ਸਵਾਲ : ਔਰੰਗਜ਼ੇਬ ਦਾ ਲਿਖਤੀ ਫ਼ੁਰਮਾਨ ਲੈ ਕੇ ਏਲਚੀ ਕਿੱਥੇ ਲਈ ਰਵਾਨਾ ਹੋਇਆ?

= ਲਾਹੌਰ ਅਤੇ ਸਰਹਿੰਦ ਨਾਲ ਸੰਬੰਧਤ ਸੂਬੇਦਾਰਾਂ ਵੱਲ।

ਸਵਾਲ : ਤਲਵੰਡੀ ਸਾਬੋ ਵਿਖੇ ਗੁਰੂ ਜੀ ਨੇ ਆਪਣਾ ਠਿਕਾਣਾ ਕਿਸ ਥਾਂ ਤੇ ਕੀਤਾ ਸੀ?

= ਭਾਈ ਡੱਲ ਸਿੰਘ ਨੇ ਆਪਣੇ ਕਿਲੇ ਦੇ ਨੇੜੇ ਗੁਰੂ ਜੀ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ। ਭਾਈ ਡੱਲ ਸਿੰਘ ਗੁਰੂ ਜੀ ਦਾ ਪੱਕਾ ਸ਼ਰਧਾਲੂ ਸੀ ਜਿਸ ਨੇ ਖਿਦਰਾਣੇ ਦੀ ਢਾਬ ਤੇ ਮੁਗ਼ਲ ਫੌਜਾਂ ਨਾਲ ਲੜਾਈ ਸਮੇਂ ਗੁਰੂ ਜੀ ਦਾ ਸਾਥ ਦਿੱਤਾ।

ਸਵਾਲ : ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕਿਹੜੇ-ਕਿਹੜੇ ਗੁਰੂ ਸਾਹਿਬਾਨ ਚਰਨ ਪਾ ਚੁੱਕੇ ਸਨ?

= ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।

ਸਵਾਲ : ਤਲਵੰਡੀ ਸਾਬੋ ਵਿਖੇ ਗੁਰੂ ਜੀ ਨੇ ਸਿੱਖ ਧਰਮ ਦਾ ਪ੍ਰਚਾਰ ਕਿਸ ਤਰ੍ਹਾਂ ਕੀਤਾ?

= ਗੁਰੂ ਜੀ ਨੇ ਇੱਕ ਥੜਾ ਤਿਆਰ ਕੀਤਾ ਅਤੇ ਇਸ ਥੜੇ ਤੇ ਬੈਠ ਕੇ ਉਹ ਦੀਵਾਨ ਸਜਾਇਆ ਕਰਦੇ ਸਨ। ਇਸ ਥੜੇ ਨੂੰ ''ਦਮਦਮਾ ਸਾਹਿਬ'' ਦਾ ਨਾਂ ਦਿੱਤਾ।

ਸਵਾਲ : ਤਲਵੰਡੀ ਸਾਬੋ ਵਿਖੇ ਖ਼ਾਲਸਾ ਫੌਜ ਦੀ ਠਹਿਰ ਦਾ ਪ੍ਰਬੰਧ ਕਿਸ ਨੇ ਕੀਤਾ?

= ਪਹਿਲੇ ਪੰਜ ਦਿਨ ਲੰਗਰ ਭਾਈ ਡੱਲ ਸਿੰਘ ਵੱਲੋਂ ਕੀਤਾ ਜਾਂਦਾ ਰਿਹਾ। ਹਰ ਰੋਜ਼ ਉਹ ਗੁਰੂ ਜੀ ਨੂੰ ਇੱਕ ਘੋੜਾ, ਦੁਸ਼ਾਲਾ ਅਤੇ ਸੌ ਦਮੜਾ ਮੱਥਾ ਟੇਕ ਕੇ ਸਤਿਕਾਰ ਕਰਦਾ ਰਿਹਾ।

ਸਵਾਲ : ਤਲਵੰਡੀ ਸਾਬੋ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ?

= ਦਮਦਮਾ ਸਾਹਿਬ।

ਸਵਾਲ : ਤਲਵੰਡੀ ਸਾਬੋ 'ਚ ਠਹਿਰਣ ਨਾਲ ਸਿੱਖ ਸੰਗਤ 'ਚ ਗੁਰੂ ਜੀ ਬਾਰੇ ਕਿਹੜੇ-ਕਿਹੜੇ ਵਿਸ਼ਵਾਸ ਪ੍ਰਚਲਿਤ ਹੋਏ?

= ਇਸ ਇਲਾਕੇ ਦੀ ਸਿਖ ਸੰਗਤ ਵਿੱਚ ਇਹ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇੱਥੇ ਠਹਿਰਨ ਨਾਲ ਰੇਤੀਲੇ-ਟਿਬਿਆਂ-ਜੰਗਲਾਂ-ਬੇਆਬਾਦ ਜ਼ਮੀਨਾਂ ਵਿੱਚ ਹਰਿਆਵਲ-ਪਾਣੀ ਦੀ ਸਹੂਲਤ ਅਤੇ ਜ਼ਮੀਨ 'ਚ ਉਪਜਾਊਪਣ ਵਾਪਿਸ ਪਰਤ ਆਇਆ ਹੈ ਇਸ ਨੂੰ ਉਹ ਅੱਜ ਤੱਕ ਗੁਰੂ ਜੀ ਦੀ ਬਖਸ਼ਿਸ਼/ਆਸ਼ੀਰਵਾਦ ਸਮਝਦੇ ਹਨ।

ਸਵਾਲ : ਦਮਦਮਾ ਸਾਹਿਬ ਰਹਿੰਦਿਆਂ ਕਿਹੋ ਜਿਹੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ?

= ਸ੍ਰੀ ਅਨੰਦਪੁਰ ਸਾਹਿਬ ਰਹਿੰਦਿਆਂ ਜਿਹੜੀਆਂ ਸਰਗਰਮੀਆਂ ਸਨ। ਅਨੰਦਪੁਰ ਸਾਹਿਬ ਦੇ ਵਿਛੜੇ ਕਵੀ, ਵਿਦਵਾਨ ਅਤੇ ਸਰੋਤੇ ਮੁੜ ਇੱਕਠੇ ਹੋਣੇ ਸ਼ੁਰੂ ਹੋ ਗਏ ਸਨ।

ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੁੜ ਤੋਂ ਸੰਪਾਦਨ ਦਾ ਕੰਮ ਕਿੱਥੇ ਅਤੇ ਕਿਸ ਨੇ ਕੀਤਾ ?

= ਸ੍ਰੀ ਗੁਰੂ ਅਰਜਨ ਦੇਵ ਜੀ ਦੇ 1604 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਤੋਂ ਬਾਅਦ ਜਨਵਰੀ ਤੋਂ ਅਕਤੂਬਰ ਦੇ ਅਖ਼ੀਰ 1706 ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੜ ਤੋਂ ਸੰਪਾਦਨਾ ਕੀਤੀ।

ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੜ ਸੰਪਾਦਨਾਂ ਦਾ ਕਾਰਜ ਕਰਨਾ ਕਿਉਂ ਜ਼ਰੂਰੀ ਸੀ?

= ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ ਪੰਜ ਗੁਰੂਆਂ ਦੀ ਦਰਜ ਬਾਣੀ ਦੀ ਸੰਪਾਦਨਾ ਤੋਂ ਪਿਛੋਂ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੁਆਰਾ ਰਚੀ ਬਾਣੀ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਆਵਸ਼ਕ ਸੀ। ਇਸ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ ਕਰਨ ਲਈ ਮੁੜ ਸੰਪਾਦਨ ਦੀ ਲੋੜ ਪਈ।

ਸਵਾਲ : ਮੁੜ ਸੰਪਾਦਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲਿਖਾਰੀ ਕੌਣ ਸੀ ?

= ਮੁੜ ਸੰਪਾਦਨ ਲਈ ਭਾਈ ਮਨੀ ਸਿੰਘ ਨੂੰ ਲਿਖਾਰੀ ਨਿਯੁਕਤ ਕੀਤਾ ਗਿਆ।

ਸਵਾਲ : ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਸ ਸਮੇਂ ਸੰਪਾਦਨਾ ਕੀਤੀ ਬੀੜ ਦਾ ਕੀ ਨਾਂ ਰਖਿਆ ਗਿਆ?

= ਇਸ ਬੀੜ ਨੂੰ ਕਿਉਂਕਿ ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਜੀ ਦੇ ਠਹਿਰਨ ਸਮੇਂ ਸੰਪਾਦਿਤ ਕੀਤਾ ਗਿਆ, ਇਸ ਲਈ ਇਸ ਨੂੰ ''ਦਮਦਮੀ ਬੀੜ'' ਵਜੋਂ ਪ੍ਰਵਾਣਿਤ ਕੀਤਾ ਗਿਆ।

ਸਵਾਲ : ''ਦਮਦਮੀ ਬੀੜ'' ਦੇ ਉਤਾਰੇ ਕਰਨ ਅਤੇ ਸਿੱਖ ਸੰਗਤ ਦਾ ਵੱਖ-ਵੱਖ ਕੇਂਦਰਾਂ ਤੇ ਪ੍ਰਕਾਸ਼ ਕਰਨ ਦੀ ਜ਼ੁੰਮੇਵਾਰੀ ਕਿਸ ਨੇ ਨਿਭਾਈ ?

= ਬਾਬਾ ਦੀਪ ਸਿੰਘ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਇਹ ਜ਼ੁੰਮੇਵਾਰੀ ਨਿਭਾਈ।

ਸਵਾਲ : ਦੱਖਣ ਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜਾਣ ਲਈ

(ਸਫਾ 30 ਦੀ ਬਾਕੀ)

ਕੀਤਾ ਕਿ ਉਸ ਨੂੰ ਇਹ ਰਾਜ ਭਾਗ ਉਹਨਾਂ ਦੀ ਬਦੌਲਤ ਮਿਲਿਆ ਹੈ। ਬਾਦਸ਼ਾਹ ਵੱਲੋਂ ਇੱਕ ਕਲਗੀ, ਹੀਰੇ ਮੋਤੀਆਂ ਵਾਲਾ ਇੱਕ ਕੀਮਤੀ ਜੜਾਊ ਹਾਰ, ਇੱਕ ਬਹੁਤ ਕੀਮਤੀ ਖਿਲਅਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ 'ਚ ਭੇਟ ਕੀਤੀ ਗਈ।

ਸਵਾਲ : ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਾਦਸ਼ਾਹ ਵੱਲੋਂ ਮਾਣ ਕਿਸ ਰੂਪ 'ਚ ਕੀਤਾ ਗਿਆ ?

= ਇੱਕ ਉੱਚ ਕੋਟੀ ਦੇ ਧਾਰਮਿਕ ਗੁਰੂ ਵਜੋਂ।

ਸਵਾਲ : ਆਗਰਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿੰਨਾ ਸਮਾਂ ਠਹਿਰੇ ਸਨ?

= ਬਹਾਦਰ ਸ਼ਾਹ ਸਮੇਤ ਗੁਰੂ ਜੀ ਵੀ ਲੱਗਭੱਗ 4 ਮਹੀਨੇ ਰਹੇ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਗਰੇ ਤੋਂ ਰਵਾਨਾ ਹੋ ਕੇ ਨਾਂਦੇੜ ਸਾਹਿਬ ਕਦੋਂ ਪਹੁੰਚੇ?

= ਬਾਦਸ਼ਾਹ ਤੋਂ ਅਲੱਗ ਹੋ ਕੇ ਸਤੰਬਰ 1707 'ਚ।

ਸਵਾਲ : ਨਾਂਦੇੜ ਸਾਹਿਬ ਨਾਲ਼ ਸਬੰਧਿਤ ਇਤਿਹਾਸਕ ਤੱਥ ਕਿਹੜੇ-ਕਿਹੜੇ ਹਨ ?

= (1) ਮਾਧੋ ਦਾਸ ਵੈਰਾਗੀ (ਬਾਬਾ ਬੰਦਾ ਸਿੰਘ ਬਹਾਦਰ) ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ਼ ਮੁਲਾਕਾਤ।
(2) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤ ਸਮਾਉਣਾ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਾਦਸ਼ਾਹ ਬਹਾਦਰ ਸ਼ਾਹ ਨਾਲ਼ ਰਾਵਤਾ ਕਦੋਂ ਤੱਕ ਰਿਹਾ ?

= ਮਾਰਚ 1707 ਤੋਂ ਜੁਲਾਈ-ਅਗਸਤ 1708 ਤੱਕ।

ਸਵਾਲ : ਸਿੱਖ ਫੌਜ ਦੀ ਕਿਹੜੀ ਟੁਕੜੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਫੌਜ 'ਚ ਸ਼ਾਮਿਲ ਸੀ ?

= ਸਿੱਖ ਸੈਨਿਕ ਟੁਕੜੀ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕਿਹੜੇ-ਕਿਹੜੇ ਗੁਰੂਆਂ ਦੇ ਸਮੇਂ 'ਚ ਪੰਜਾਬ ਤੋਂ ਬਾਹਰ ਸਿੱਖ ਪ੍ਰਚਾਰਕ ਭੇਜੇ ਗਏ ਸਨ?

= ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ 'ਚ।

ਸਵਾਲ : ਨਾਂਦੇੜ ਵਿਖੇ ਸਿੱਖੀ ਦੇ ਪ੍ਰਚਾਰ ਹਿੱਤ ਕੌਣ ਸੇਵਾ ਕਰ ਰਿਹਾ ਸੀ?

= ਲੱਕੜ ਸ਼ਾਹ ਫਕੀਰ, ਕਿਉਂਕਿ ਉਸ ਸਮੇਂ ਦੱਖਣੀ ਖੇਤਰ ਦੀਆਂ ਸੰਗਤਾਂ ਦਾ ਨਾਂਦੇੜ ਧਾਰਮਿਕ ਕੇਂਦਰ ਬਣ ਚੁੱਕਾ ਸੀ।

ਸਵਾਲ : ਗੁਰੂ ਜੀ ਨੂੰ ਦੱਖਣ ਵਿਚ ਦੋ ਪਠਾਣਾਂ ਨੇ ਮਾਰੂ ਹਥਿਆਰ ਨਾਲ ਜ਼ਖ਼ਮੀ ਕਿੱਥੇ ਕੀਤਾ ਸੀ ?

= ਨਾਂਦੇੜ ਸਾਹਿਬ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਉੱਪਰ ਹੋਏ ਹਮਲੇ ਉਪਰੰਤ ਉਹਨਾਂ ਨੂੰ ਮਿਲਣ ਲਈ ਕੌਣ ਕੌਣ ਆਇਆ ਸੀ?

= ਬਹਾਦਰ ਸ਼ਾਹ ਦੁਆਰਾ ਭੇਜਿਆ ਹਕੀਮ।
ਕਿਰੀ ਜਾਂ ਕਰੀ ਨਾਂ ਦੇ ਯੂਰਪੀਅਨ ਡਾਕਟਰ ਨੂੰ ਗੁਰੂ ਜੀ ਦੀ ਸੇਵਾ ਵਿੱਚ ਭੇਜਿਆ।

ਸਵਾਲ : ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਕਿਸ ਨਾਲ ਹੋਈ ?

= ਹੋਰ ਸ਼ਰਧਾਵਾਨ ਸਿੰਘਾਂ ਸਮੇਤ ਸਿੱਖ ਸੈਨਿਕ ਟੁਕੜੀ ਦੇ ਸਿੱਖ ਸਿਪਾਹੀਆਂ ਨਾਲ।

ਸਵਾਲ : ਇਸ ਸਮੇਂ 'ਚ ਉਹਨਾਂ ਨੇ ਸਿੱਖਾਂ ਨੂੰ ਕਿਹੜੀ ਕਿਹੜੀ ਨਸੀਹਤ ਦਿੱਤੀ ?

= 1. ਆਤਮਿਕ ਪੱਧਰ ਤੇ ਸਿੱਖ ਕੌਮ ਦੀ ਅਗਵਾਈ ਲਈ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਦਿੱਤੀ।
2. ਪੰਜ ਪਿਆਰਿਆਂ ਦੀ ਅਗਵਾਈ ਵਿੱਚ ਰਾਜਨੀਤਿਕ ਤੌਰ ਤੇ ਬੰਦਾ ਸਿੰਘ ਬਹਾਦਰ ਨੂੰ ਸਿੱਖ ਕੌਮ ਦਾ ਜਰਨੈਲ ਨਿ-ਯੁਕਤ ਕੀਤਾ।

ਸਵਾਲ : ਨਾਂਦੇੜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਦੋਂ ਜੋਤੀ ਜੋਤ ਸਮਾ ਗਏ?

= 7 ਅਕਤੂਬਰ 1708 ਨੂੰ ਅੱਧੀ ਰਾਤ ਪਿੱਛੋਂ ਸੰਮਤ 1765 ਬਿ. ਕੱਤਕ ਸੁਦੀ ਪੰਚਵੀਂ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਕਦੋਂ ਪ੍ਰਾਪਤ ਕੀਤੀ ?

= ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪਿੱਛੋਂ 1675 ਈ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਿਆਈ ਦਾ ਸਮਾਂ ਕਿੰਨਾ ਸੀ?

= 1675 ਤੋਂ 1708 ਜੋਤੀ ਜੋਤ ਸਮਾਉਣ ਤੱਕ 33 ਸਾਲ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੋ ਮੁਗਲ ਬਾਦਸ਼ਾਹ ਕਿਹੜੇ ਕਿਹੜੇ ਸਨ?

= ਬਾਦਸ਼ਾਹ ਔਰੰਗਜ਼ੇਬ ਅਤੇ ਬਾਦਸ਼ਾਹ ਬਹਾਦਰ ਸ਼ਾਹ।

ਸਵਾਲ : ਗੁਰੂ ਜੀ ਦੇ ਮੁਗਲ ਬਾਦਸ਼ਾਹਾਂ ਨਾਲ਼ ਸਬੰਧ ਕਿਹੋ ਜਿਹੇ ਸਨ ?

= ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਔਰੰਗਜ਼ੇਬ ਦੇ ਸਮੇਂ 'ਚ ਹੋਣ ਕਾਰਣ ਔਰੰਗਜ਼ੇਬ ਨਾਲ਼ ਸੰਬੰਧ ਚੰਗੇ ਨਹੀਂ ਸਨ, ਪ੍ਰੰਤੂ ਉਸ ਦੇ ਉਤਰਾਧਿਕਾਰੀ ਬਹਾਦਰ ਸ਼ਾਹ (ਪਹਿਲਾ) ਨਾਲ਼ ਸੁਖਾਵੇਂ ਸਬੰਧ ਰਹੇ।

ਸਵਾਲ : ਹੁਕਮਨਾਮਾ ਕਿਸ ਨੂੰ ਆਖਦੇ ਹਨ ?

= ਗੁਰੂ ਸਾਹਿਬਾਨ ਵਲੋਂ ਵੱਖ-ਵੱਖ ਸਮਿਆਂ 'ਤੇ ਸਿੱਖ ਸੰਗਤਾਂ ਨੂੰ ਦਿੱਤੇ ਆਦੇਸ਼ ਨੂੰ ਹੁਕਮਨਾਮਾ ਕਿਹਾ ਜਾਂਦਾ ਹੈ।

ਸਵਾਲ : ਹੁਕਮਨਾਮਿਆਂ ਦਾ ਕੀ ਮਹੱਤਵ ਰਿਹਾ ਹੈ ?

= ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਰਾਹੀਂ ਲਿਖੇ ਗਏ ਇਹਨਾਂ ਹੁਕਮਨਾਮਿਆਂ 'ਚ ਸਿੱਖ ਸੰਗਤਾਂ ਦੀਆਂ ਮੁਸ਼ਕਲਾਂ ਅਤੇ ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਪ੍ਰਮਾਣਿਕ ਜਾਣਕਾਰੀ ਮਿਲਦੀ ਹੈ। ਗੁਰੂ ਸਾਹਿਬਾਨ ਦੇ ਜੀਵਨ ਅਤੇ ਗਤੀਵਿਧੀਆਂ ਸੰਬੰਧੀ ਇਹ ਮੁਢਲੇ ਸਰੋਤ ਹਨ।

ਸਵਾਲ : ਖਾਲਸੇ ਦੀ ਸਾਜਨਾ ਸਬੰਧੀ ਸਭ ਤੋਂ ਪ੍ਰਮਾਣੀਕ ਲਿਖਤ ਕਿਹੜੀ ਮਿਲਦੀ ਹੈ ?

= ਕਵੀ ਸੈਨਾਪਤਿ ਦੀ ਲਿਖਤ ਸ੍ਰੀ ਗੁਰ ਸ਼ੋਭਾ।

ਸਵਾਲ : ਕਵੀ ਸੈਨਾਪਤਿ ਕੌਣ ਸੀ?

= ਸ੍ਰੀ ਗੁਰੂ ਗੋਬਿੰਦ ਸਿੰਘ ਦਾ ਦਰਬਾਰੀ ਕਵੀ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਚਰਿੱਤਰ ਸਬੰਧੀ ਚਾਨਣਾ ਪਾਉਣ ਵਾਲੀਆਂ ਹੋਰ ਕਿਹੜੀਆਂ-ਕਿਹੜੀਆਂ ਲਿਖਤਾਂ ਹਨ?

= (ੳ) ਕੇਸਰ ਸਿੰਘ ਛਿੱਬਰ ਦਾ ''ਬੰਸ਼ਾਵਲੀ ਨਾਮਾ''
(ਅ) ਸ੍ਰ. ਸਰੂਪ ਦਾਸ ਭੱਲਾ ਦੀ ''ਮਹਿਮਾ ਪ੍ਰਕਾਸ਼''
(ੲ) ਭਾਈ ਸੁੱਖਾ ਸਿੰਘ ਅਤੇ ਕੋਇਰ ਸਿੰਘ ਰਚਿਤ ''ਗੁਰਬਿਲਾਸ''
(ਸ) ਗਯਾਨੀ ਗਯਾਨ ਸਿੰਘ ਦੀ ਲਿਖਤ ''ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ਼ ਗੁਰੂ ਖਾਲਸਾ''।

ਸਵਾਲ : ਯੂਰਪੀਅਨ ਅਤੇ ਬਰਿਟਸ਼ਰਜ਼ ਲੇਖਕ ਕਿਹੜੇ-ਕਿਹੜੇ ਹਨ ਜਿਹਨਾਂ ਦੀਆਂ ਲਿਖਤਾਂ ਰਾਹੀਂ ਗੁਰੂ ਸਾਹਿਬ ਅਤੇ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਸਬੰਧੀ ਜਾਣਕਾਰੀ ਮਿਲਦੀ ਹੈ?

= ਮੈਲਕਾਮ, ਗਾਰਡਨ, ਕਨਿੰਘਮ, ਮੈਕਾਲਿਫ਼ ਅਤੇ ਗਰੈਗਰ।

ਸਵਾਲ : ਸਰਹਿੰਦ ਸ਼ਹਿਰ ਦਾ ਵਰਤਮਾਨ ਸਰੂਪ ਕਦੋਂ ਵਸਿਆ ਸੀ ?

= 1764 ਈ. ਤੋਂ ਬਾਅਦ ਜਦੋਂ ਬਾਬਾ ਆਲਾ ਸਿੰਘ ਨੇ ਖ਼੍ਰੀਦ ਕੇ ਇਸ ਨੂੰ ਪਟਿਆਲਾ ਰਾਜ 'ਚ ਮਿਲਾਇਆ।

ਸਵਾਲ : ਪ੍ਰਾਚੀਨ ਸਮੇਂ 'ਚ ਸਿੰਧ ਘਾਟੀ ਦੀ ਸਭਿਅਤਾ ਸਮੇਂ ਸਰਹਿੰਦ ਨੂੰ ਕਿਸ ਨਾਂ ਨਾਲ ਜਾਣਿਆ ਜਾਂਦਾ ਸੀ ?

= ਸੈਰੰਦਾ ਨਾਂ ਦੇ ਕਬੀਲੇ ਦਾ ਇੱਥੇ ਵਾਸਾ ਹੋਣ ਕਾਰਣ ਇਸ ਸ਼ਹਿਰ ਨੂੰ ਸੈਰੰਦੀਆ ਜਾਂ ਸੈਰੰਦ ਕਿਹਾ ਜਾਂਦਾ ਸੀ।

ਸਵਾਲ : ਹਿਊਨਸਾਂਗ ਨੇ ਪ੍ਰਾਚੀਨ ਸਰਹਿੰਦ ਦਾ ਜ਼ਿਕਰ ਆਪਣੀਆਂ ਲਿਖਤਾਂ ਵਿੱਚ ਕਿਹੜੀ ਸਦੀ 'ਚ ਕੀਤਾ?

= ਹਿਊਨਸਾਂਗ ਭਾਰਤ ਵਿੱਚ ਸਤਵੀਂ ਸਦੀ ਵਿੱਚ ਆਇਆ ਸੀ। ਉਸ ਅਨੁਸਾਰ ਸਰਹਿੰਦ ਸਤਲੁਜ ਦੇ ਨੇੜੇ ਤੇੜੇ ਘੁੱਗ ਵਸਦਾ ਸ਼ਹਿਰ ਹੈ।

ਸਵਾਲ : ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਕਨਿੰਘਮ ਨੇ ਕਿਹੜੀ ਸਦੀ 'ਚ ਸਰਹਿੰਦ ਨੂੰ ਘੁੱਗ ਵਸਦਾ ਸ਼ਹਿਰ ਹੋਣ ਦਾ ਪ੍ਰਮਾਣ ਦਿੱਤਾ ਹੈ ?

= ਕਨਿੰਘਮ ਅਨੁਸਾਰ ਸਰਹਿੰਦ ਸਤਲੁਜ ਦਰਿਆ ਦੇ ਖੇਤਰ ਦਾ ਸਭ ਤੋਂ ਪੁਰਾਣਾ ਸ਼ਹਿਰ ਹੈ ਜਿਹੜਾ 9ਵੀਂ ਸਦੀ 'ਚ ਸਭ ਤੋਂ ਵੱਧ ਵਿਕਸਿਤ ਸੀ।

ਸਵਾਲ : ਕਿਹੜੇ ਮੁਗਲ ਸ਼ਾਸ਼ਕ ਸਮੇਂ ਸਰਹਿੰਦ ਖ਼ੂਬਸਰਤ ਸ਼ਹਿਰ ਸੀ?

= ਮੁਗ਼ਲ ਬਾਦਸ਼ਾਹ ਅਕਬਰ ਦੇ ਰਾਜ ਸਮੇਂ।

ਸਵਾਲ : ਸਰਹਿੰਦ ਸ਼ਹਿਰ 'ਚ ਅਕਬਰ ਦੇ ਸਮੇਂ ਕਿਹੜੀ ਨਦੀ ਵਗਦੀ ਸੀ?

= ਹੰਸਲੀ ਨਦੀ।

ਸਵਾਲ : ਕਿਹੜੇ ਮੁਗਲ ਬਾਦਸ਼ਾਹ ਦੇ ਸਮੇਂ ਸਰਹਿੰਦ ਦੀ ਖ਼ੁਸ਼ਹਾਲੀ ਅਤੇ ਸ਼ਾਨੋ ਸ਼ੌਕਤ ਧਾਰਮਿਕ ਕੱਟੜਤਾ 'ਚ ਬਦਲ ਗਈ?

= ਬਾਦਸ਼ਾਹ ਜਹਾਂਗੀਰ।

ਸਵਾਲ : ਮੁਸਲਿਮ ਸਮਾਜ (ਧਰਮ) 'ਚ ਕਿਹੜੀ ਅਜਿਹੀ ਸੰਸਥਾ ਸੀ ਜਿਸ ਨੇ ਧਾਰਮਿਕ ਕੱਟੜਤਾ ਨੂੰ ਉਭਾਰਿਆ?

= ਨਕਸ਼ਬੰਦੀ ਸਿਲਸਿਲਾ।

ਸਵਾਲ : ਅਕਬਰ ਦਾ ਕਿਹੜਾ ਜਰਨੈਲ ਇਸ ਮੱਤ ਦਾ ਪੱਕਾ ਪੈਰੋਕਾਰ ਸੀ?

= ਜਰਨੈਲ ਮੁਰਤਜ਼ਾ-ਖ਼ਾਨ।

ਸਵਾਲ : ਇਸ ਸੰਸਥਾ ਦਾ ਮੁੱਢ ਕਿੱਥੇ ਬੰਨਿਆ ਗਿਆ?

= ਖ਼ਵਾਜਾ ਬਾਕੀ ਬਿੱਲਾ ਦੀ ਦੇਖ ਰੇਖ ਹੇਠ ਦਿੱਲੀ 'ਚ ਨਕਸ਼ਬੰਦੀ ਸਿਲਸਿਲਾ ਸਥਾਪਿਤ ਹੋਇਆ।

ਸਵਾਲ : ਖ਼ਵਾਜਾ ਬਾਕੀ ਬਿੱਲਾ ਦੀ ਮੌਤ ਕਦੋਂ ਹੋਈ ?

= 1603 ਈਸਵੀ 'ਚ।

ਸਵਾਲ : ਖ਼ਵਾਜਾ ਬਾਕੀ ਬਿੱਲਾ ਤੋਂ ਪਿੱਛੋਂ ਇਸ ਦਾ ਨੇਤਾ ਕੌਣ ਬਣਿਆ?

= ਸ਼ੇਖ ਅਹਿਮਦ ਸਰਹਿੰਦੀ।

ਸਵਾਲ : ਪੰਜਾਬ 'ਚ ਗ਼ੈਰ ਮੁਸਲਿਮ ਫਿਰਕਿਆਂ ਪ੍ਰਤੀ ਇਸ ਦਾ ਰਵੱਈਆ ਕਿਹੋ ਜਿਹਾ ਸੀ ?

= ਸ਼ੇਖ ਅਹਿਮਦ ਸਰਹਿੰਦੀ ਹਿੰਦੂਆਂ ਅਤੇ ਸਿੱਖ ਗੁਰੂਆਂ ਦਾ ਕੱਟੜ ਵਿਰੋਧੀ ਸੀ।

ਸਵਾਲ : ਪ੍ਰਸਿੱਧ ਜਰਨੈਲ ਮੁਰਤਜ਼ਾ ਖ਼ਾਨ ਨੂੰ ਹਿੰਦੂ ਸਿੱਖਾਂ ਦੇ ਖਿਲਾਫ਼ ਜਹਾਦ ਲਈ ਕਿਸ ਨੇ ਪ੍ਰੇਰਿਆ ?

= ਸ਼ੇਖ ਅਹਿਮਦ ਸਰਹਿੰਦੀ।

ਸਵਾਲ : ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਾਉਣ 'ਚ ਕਿਸ ਦੀ ਭੂਮਿਕਾ ਸੀ ?

= ਸ਼ੇਖ ਅਹਿਮਦ ਸਰਹਿੰਦੀ ਦੀ ਸਲਾਹ ਨਾਲ ਬਾਦਸ਼ਾਹ ਜਹਾਂਗੀਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਰਦਨਾਕ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਗਿਆ।

ਸਵਾਲ : ਨਕਸ਼ਬੰਦੀ ਸਿਲਸਿਲੇ ਤਹਿਤ ਹੋਰ ਕਿਹੜੇ-ਕਿਹੜੇ ਗੁਰੂਆਂ ਨੂੰ ਸ਼ਹੀਦ ਕੀਤਾ ਗਿਆ ?

= (ੳ) ਦਿੱਲੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।
(ਅ) ਸਰਹਿੰਦ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਤੇ ਬਾਬਾ ਫ਼ਤਿਹ ਸਿੰਘ ਜੀ ਨੂੰ।

ਸਵਾਲ : ਸਰਹਿੰਦ ਦੇ ਉਸ ਵੇਲੇ ਦੇ ਨਵਾਬ ਵਜ਼ੀਰ ਖ਼ਾਨ ਦੇ ਦਿਮਾਗ਼ 'ਚ ਸਿੱਖਾਂ ਤੇ ਹਿੰਦੂਆਂ ਪ੍ਰਤੀ ਨਫ਼ਰਤ ਪੈਦਾ ਕਰਨ ਲਈ ਕਿਹੜੀ ਸੰਸਥਾ ਜ਼ੁੰਮੇਵਾਰ ਸੀ?

= ਨਕਸ਼ਬੰਦੀ ਸਿਲਸਿਲਾ।

ਸਵਾਲ : ਕਿਹੜੇ ਮੁਗ਼ਲ ਬਾਦਸ਼ਾਹ ਦੇ ਸਮੇਂ 'ਚ ਕਿਸੇ ਗ਼ੈਰ-ਮੁਸਲਿਮ ਅਧਿਕਾਰੀ ਨੂੰ ਸਰਹਿੰਦ ਦਾ ਸੂਬੇਦਾਰ ਬਣਾਇਆ ਗਿਆ?

= 1630 ਈਸਵੀ ਵਿੱਚ ਸ਼ਾਹ ਜਹਾਨ ਨੇ ਦੂਸਰੀ ਵਾਰ ਸਰਹਿੰਦ ਸ਼ਹਿਰ ਦੇ ਇੱਕ ਹਿੰਦੂ ਅਧਿਕਾਰੀ ਦੀਵਾਨ ਟੋਡਰ ਮੱਲ ਨੂੰ ਸੂਬੇਦਾਰ ਬਣਾਇਆ।

ਸਵਾਲ : ਉਸ ਕੋਲ ਕਿਹੜੀਆਂ ਕਿਹੜੀਆਂ ਸ਼ਕਤੀਆਂ ਸਨ ?

= ਉਸ ਕੋਲ ਦੀਵਾਨ, ਆਮੀਨ ਅਤੇ ਫੌਜਦਾਰੀ ਦੇ ਅਧਿਕਾਰ ਸਨ।

ਸਵਾਲ : ਮੁਗਲ ਬਾਦਸ਼ਾਹ ਸ਼ਾਹ ਜਹਾਨ ਨੇ ਬਤੌਰ ਸੂਬੇਦਾਰ ਦੀਵਾਨ ਟੋਡਰ ਮੱਲ ਦੀ ਚੋਣ ਇੱਕ ਗ਼ੈਰ ਮੁਸਲਿਮ ਵਜੋਂ ਕਿਉਂ ਕੀਤੀ?

= ਦੀਵਾਨ ਟੋਡਰ ਮੱਲ ਅਮੀਰ ਹੋਣ ਦੇ ਨਾਲ-ਨਾਲ ਹੱਦ ਦਰਜੇ ਦਾ ਈਮਾਨਦਾਰ ਅਫ਼ਸਰ ਸੀ। ਮੁਗ਼ਲ ਰਾਜ ਕਾਲ ਵਿੱਚ ਉਹ ਕਈ ਅਹਿਮ ਅਹੁਦਿਆਂ ਤੇ ਰਹਿ ਚੁੱਕਾ ਸੀ। ਸ਼ਾਹ ਜਹਾਨ ਕੋਲੋਂ ਉਹ ਕਈ ਵਾਰ, ਅਨੇਕਾਂ ਸਨਮਾਨ ਵੀ ਪ੍ਰਾਪਤ ਕਰ ਚੁੱਕਾ ਸੀ।

ਸਵਾਲ : ਔਰੰਗਜ਼ੇਬ ਨੇ ਬਾਦਸ਼ਾਹਤ ਕਿਵੇਂ ਪ੍ਰਾਪਤ ਕੀਤੀ ?

= ਆਪਣੇ ਪਿਤਾ ਬਾਦਸ਼ਾਹ ਸ਼ਾਹ ਜਹਾਨ ਨੂੰ ਕੈਦ ਕਰਨ ਉਪਰੰਤ।

ਸਵਾਲ : ਔਰੰਗਜ਼ੇਬ ਦੇ ਸਮੇਂ ਸਰਹਿੰਦ ਦੀ ਹਕੂਮਤ 'ਚ ਕਿਹੜੇ ਬਦਲਾਓ ਕੀਤੇ ਗਏ?

= ਦੀਵਾਨ ਟੋਡਰ ਮੱਲ ਨੂੰ ਉਸ ਦੇ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ। ਕੱਟੜ ਮੁਸਲਮਾਨ ਵਜ਼ੀਰ ਖ਼ਾਨ ਨੂੰ ਸੂਬਾ ਸਰਹਿੰਦ ਬਣਾਇਆ ਗਿਆ।

ਸਵਾਲ : ਵਜ਼ੀਰ ਖ਼ਾਨ ਨੇ ਆਪਣੇ ਕੱਟੜ ਸੁਭਾ ਕਾਰਣ ਸਰਹਿੰਦ 'ਚ ਕਿਹੜੀ-ਕਿਹੜੀ ਤਬਦੀਲੀ ਕੀਤੀ ?

= ਸੁੰਦਰ ਭਵਨਾਂ ਦੀ ਥਾਂ ਤੇ ਮਸਜਿਦਾਂ ਉਸਾਰੀਆਂ, ਹਿੰਦੂਆਂ ਉੱਪਰ ਟੈਕਸ ਦੇ ਰੂਪ 'ਚ ਜ਼ਜ਼ੀਆ ਲਾਗੂ ਕਰ ਦਿੱਤਾ ਗਿਆ, ਹਿੰਦੂਆਂ ਅਤੇ ਵਿਸ਼ੇਸ਼ ਕਰਕੇ ਸਿੱਖਾਂ ਪ੍ਰਤੀ ਨਫ਼ਰਤੀ ਰਵੱਈਆ ਅਪਣਾਇਆ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰ ਸਾਹਿਬ ਵਿਖੇ ਜਾਤ-ਪਾਤ ਦਾ ਵਿਤਕਰਾ ਖ਼ਤਮ ਕਰਕੇ 'ਖਾਲਸਾ ਪੰਥ ਦੀ ਸਾਜਨਾ' ਕਰਨ ਵੇਲੇ ਸਭ ਤੋਂ ਵੱਧ ਪ੍ਰਤੀਕਿਰਿਆ ਕਿਹੜੇ ਤਬਕੇ ਵੱਲੋਂ ਹੋਈ?

= ਬਿਲਾਸਪੁਰ ਸਮੇਤ ਪਹਾੜੀ ਰਾਜੇ ਅਤੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਵਲੋਂ ਸਭ ਤੋਂ ਜ਼ਿਆਦਾ ਵਿਰੋਧ ਕੀਤਾ ਗਿਆ।

ਸਵਾਲ : ਇਸ ਵਿਰੋਧ ਦਾ ਬਦਲਾ ਵਜ਼ੀਰ ਖ਼ਾਨ ਨੇ ਕਿਵੇਂ ਲਿਆ ?

= ਛੋਟੇ ਸਾਹਿਬਜ਼ਾਦਿਆਂ ਨੂੰ 27 ਦਸੰਬਰ 1704 'ਚ ਨੀਹਾਂ 'ਚ ਚਿਣਾ ਕੇ ਸ਼ਹੀਦ ਕਰ ਦਿੱਤਾ ਗਿਆ।

ਸਵਾਲ : 1708 ਨੂੰ ਨਾਂਦੇੜ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਜਖ਼ਮੀ ਕਰਨ ਵਾਲੇ ਪਠਾਣ ਕਿਸ ਨੇ ਭੇਜੇ ਸਨ?

= ਸੂਬਾ ਸਰਹਿੰਦ ਵਜ਼ੀਰ ਖ਼ਾਨ ਨੇ।

ਸਵਾਲ : ਸ੍ਰੀ ਗੁਰੂ ਗੋਬਿੰਦ ਸਿੰਘ, ਉਹਨਾਂ ਦੇ ਪਰਿਵਾਰ ਅਤੇ ਸਿੱਖ ਧਰਮ ਦਾ ਸਭ ਤੋਂ ਵੱਡਾ ਦੋਖੀ ਕੌਣ ਸੀ ?

= ਦਿੱਲੀ ਦਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ, ਬਾਦਸ਼ਾਹ ਜਹਾਂਗੀਰ ਅਤੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖ਼ਾਨ।

ਸਵਾਲ : ਨਾਂਦੇੜ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿੰਨਾ ਅਰਸਾ ਰਹੇ?

= ਲੱਗਭੱਗ ਇੱਕ ਮਹੀਨਾ।

ਸਵਾਲ : ਗੁਰੂ ਜੀ ਦੀ ਯਾਦ ਵਿੱਚ ਉੱਥੇ ਕਿੰਨੇ ਗੁਰਦੁਆਰਾ ਸਾਹਿਬ ਬਣੇ ਹੋਏ ਹਨ?

= ਗੁਰਦੁਆਰਾ ਸੰਗਤ ਸਾਹਿਬ (ਬ੍ਰਹਮਪੁਰੀ ਮੁਹੱਲਾ), ਗੁਰਦੁਆਰਾ ਮਾਲਟੇਕਰੀ, ਗੁਰਦੁਆਰਾ ਸ਼ਿਕਾਰ ਘਾਟ ਸਾਹਿਬ, ਗੁਰਦੁਆਰਾ ਹੀਰਾ ਘਾਟ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ, ਗੁਰਦੁਆਰਾ ਬਉਲੀ

KB USED AUTO SALES

8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife

K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube

* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

Call:
530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand	$99 + Labor
Recap Truck Tire	$ 249 + Labor
Recap Trailar Tires and Kind	$ 199 + Labor

LUCAS OIL LUCAS INJECTOR CLEANER $28.99

NEW & USED TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop